ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 50 | 23 December 2020 to 29 December 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

**3** ਖ਼ਬਰਸਾਰ
ਕਿਸਾਨ ਮੋਰਚੇ ਦੇ ਹੱਕ 'ਚ ਰਿਕਾਰਡ ਤੋੜ ਇਕੱਠ



**11** ਵਿਸ਼ੇਸ਼ ਰਿਪੋਰਟ
ਕਿਸਾਨ ਮੋਰਚੇ ਵਿਚ ਸੇਵਾ ਤੇ ਗੁਰੂ ਦੇ ਲੰਗਰ



**13** ਵਿਸ਼ੇਸ਼ ਰਿਪੋਰਟ
ਕਿਰਤੀ ਕਿਸਾਨ ਅੰਦੋਲਨ ਕਾਰਨ ਮੋਦੀ ਸਰਕਾਰ ਬੁਰੀ ਫਸੀ




**19** ਵਿਸ਼ੇਸ਼ ਲੇਖ
ਕਿਸਾਨ ਅੰਦੋਲਨ ਕਾਰਪੋਰੇਟ, ਗੋਦੀ ਮੀਡੀਆ ਤੇ ਹਿੰਦੂ ਰਾਸ਼ਟਰਵਾਦ ਨੂੰ ਚੈਲਿੰਜ



# ਬਰਤਾਨੀਆ ਦੇ ਸਿੱਖ ਐਮਪੀ ਸਮੇਤ 36 ਸੰਸਦ ਮੈਂਬਰਾਂ ਦੇ ਭਾਰਤ ਦਾਖਲੇ 'ਤੇ ਰੋਕ ਲਾਉਣ ਦੀ ਵਿਉਂਤਬੰਦੀ

**ਅੰਮ੍ਰਿਤਸਰ ਟਾਈਮਜ ਬਿਊਰੋ**

ਬਰਤਾਨੀਆ ਵਿਚ ਰਹਿੰਦੇ ਭਾਰਤੀ ਨਾਗਰਿਕਾਂ ਦੇ ਇਕ ਸਮੂਹ ਨੇ ਬਰਤਾਨੀਆ ਦੇ ਲੰਡਨ ਵਿਚ ਭਾਰਤ ਦੀ ਉੱਚ ਕਮਿਸਨਰ ਗਾਇਤਰੀ ਇਸਰ ਕੁਮਾਰ ਨੂੰ ਚਿੱਠੀ ਲਿਖ ਕੇ ਬਰਤਾਨਵੀ ਸੰਸਦ ਮੈਂਬਰਾਂ ਦੇ ਭਾਰਤੀ ਵੀਜੇ ਰੱਦ ਕਰਨ ਦੀ ਮੰਗ ਕੀਤੀ ਹੈ। ਇਸ ਚਿੱਠੀ ਵਿਚ 36 ਸੰਸਦ ਮੈਂਬਰਾਂ ਦੇ ਨਾਂ ਸਾਮਲ ਕਰਦਿਆਂ ਲਿਖਿਆ ਗਿਆ ਹੈ ਕਿ ਇਹ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਵਾਰ-ਵਾਰ ਦਖਲਅੰਦਾਜੀ ਕਰਦੇ ਹਨ। ਅੰਮ੍ਰਿਤਸਰ ਟਾਈਮਜ ਦੇ ਹੱਥ ਲੱਗੀ ਇਹ ਚਿੱਠੀ "ਇੰਡੀਅਨ ਡਾਇਸਪੋਰਾ ਯੂਕੇ" ਦੇ ਲੈਟਰ ਹੈਂਡ 'ਤੇ 10 ਦਸੰਬਰ 2020 ਨੂੰ ਲਿਖੀ ਗਈ ਸੀ। ਇਹ ਵੀ ਪਤਾ ਨਹੀਂ ਕਿ ਇਹ ਕੋਈ ਜੱਥੇਬੰਦੀ ਹੈ ਵੀ ਕਿ ਨਹੀਂ ਕਿਉਂ ਕਿ ਲੈਟਰਹੈਡ ਤੇ ਨਾਂ ਤਾਂ ਕੋਈ ਫੋਨ , ਐਡਰੈਸ ਜਾਂ ਈਮੇਲ ਹੈ। ਇਸ ਸੂਚੀ ਵਿਚ ਬਰਤਾਨੀਆ ਦੇ ਪਹਿਲੇ ਦਸਤਾਰਧਾਰੀ ਸਿੱਖ ਐਮਪੀ ਤਨਮਨਜੀਤ ਸਿੰਘ ਢੇਸੀ ਦਾ ਨਾਂ ਵੀ ਸਾਮਲ ਹੈ। ਇਸ ਤੋਂ ਇਲਾਵਾ ਬਰਤਾਨੀਆ ਦੇ ਪ੍ਰਧਾਨ ਮੰਤਰੀ ਅਹੁਦੇ ਲਈ ਲੇਬਰ ਪਾਰਟੀ ਵੱਲੋਂ ਚੋਣ ਲੜਨ ਵਾਲੇ ਜੇਰੇਮੀ ਕੋਰਬੇਨ, ਡੇਬੀ ਅਬ੍ਰਾਹਮਸ, ਅਪਸਾਨਾ ਬੇਗਮ, ਸਰ ਪੀਟਰ ਬੋਟਮਲੇ, ਸਾਰਾਹ ਚੈਂਪੀਅਨ, ਜੋਨ ਕਰੂਡਸ, ਵਿਰੇਂਦਰ ਸਰਮਾ, ਸੀਮਾ ਮਲਹੋਤਰਾ, ਕਲਾਉਡੀਆ ਵੈਬੇ, ਨਾਡੀਆ ਵਾਈਟੋਮ, ਮਯੂਨੀਰਾ ਵਿਲਸਨ, ਮੋਹੱਮਦ ਯਾਸਿਨ, ਖਾਲਿਦ ਮਹਿਮੂਦ, ਵੈਲੇਰੀ ਵਾਜ, ਜੋਹਨ ਕਰਾਇਰ, ਜੀਰੇਂਟ ਡੇਵਿਸ, ਮਾਰਟਿਨ ਡੋਚਰਟੀ-ਹਿਊਸ, ਐਲਨ ਡੋਰਨਸ, ਐਂਡਰਿਊ, ਅਫਜਲ ਖਾਨ, ਇਆਨ ਲੇਵਰੀ, ਇਮਾ ਲੇਵੇਲ-ਬਕ, ਕਲਾਈਵ ਲੇਵਿਸ, ਟੋਨੀ ਲੋਇਡ, ਜੋਹਨ ਸਪੈਲਰ, ਜਾਰਾਹ ਸੁਲਤਾਨਾ, ਸੈਮ ਟੈਰੀ, ਐਲੀਸਨ ਥਿਉਲਿਸ, ਸਟੀਫਨ ਟਿਮਸ, ਸਟੀਵ ਮੈਕਕੈਬ, ਜੋਹਨ ਮੈਕਡੋਨਲ, ਪੈਟ ਮੈਕਫੈਡਨ, ਗ੍ਰਾਹਮ ਮੋਰਿਸ, ਕੈਰੋਲਿਨ ਨੋਕਸ, ਕੇਟ ਓਸਬੋਰਨ ਦੇ ਨਾਂ ਸਾਮਲ ਹਨ।

ਭਾਰਤ ਵਿਚ ਮਨੁੱਖੀ ਹੱਕਾਂ ਦੇ ਘਾਣ ਦੀਆਂ ਘਟਨਾਵਾਂ ਖਿਲਾਫ ਲਗਾਤਾਰ ਅਵਾਜ ਚੁੱਕਣ ਵਾਲੇ ਤਨਮਨਜੀਤ ਸਿੰਘ ਢੇਸੀ ਨੂੰ ਨਿਸਾਨੇ 'ਤੇ ਲੈਂਦਿਆਂ ਕਿਹਾ ਗਿਆ ਹੈ ਕਿ ਉਹ ਅਤੇ ਸੂਚੀ ਵਿਚ ਸਾਮਲ ਕਈ ਹੋਰ ਸੰਸਦ ਮੈਂਬਰ ਖਾਲਿਸਤਾਨ ਲਹਿਰ ਦੇ ਸਮਰਥਕ ਹਨ। ਸਿੱਖਾਂ ਦੇ ਅਜਾਦੀ ਸੰਘਰਸ ਖਾਲਿਸਤਾਨ ਨੂੰ ਇਸ ਚਿੱਠੀ ਵਿਚ ਪਾਕਿਸਤਾਨ ਦੀ ਸਾਜਿਸ ਵਜੋਂ ਪੇਸ ਕੀਤਾ ਗਿਆ ਹੈ।

ਚਿੱਠੀ ਵਿਚ ਕਿਹਾ ਗਿਆ ਹੈ ਕਿ ਜਦੋਂ ਭਾਰਤ ਸਰਕਾਰ ਨੇ ਜੰਮੂ ਕਸਮੀਰ ਦੇ ਖਿੱਤੇ ਨੂੰ ਸੁਰੱਖਿਆ ਦਿੰਦੀ ਧਾਰਾ 370 ਨੂੰ ਖਤਮ ਕੀਤਾ ਸੀ ਤਾਂ ਵੀ ਇਹਨਾਂ ਸੰਸਦ ਮੈਂਬਰਾਂ ਨੇ ਧਾਰਾ ਖਤਮ ਕਰਨ ਦੇ ਖਿਲਾਫ ਅਵਾਜ ਚੁੱਕ ਕੇ ਭਾਰਤ ਦੇ ਅੰਦਰੂਨੀ ਮਾਮਲੇ ਵਿਚ ਦਖਲ ਦਿੱਤੀ ਸੀ।

ਚਿੱਠੀ ਵਿਚ ਕੈਨੇਡਾ ਦੇ ਵਿਵਾਦਤ ਪੱਤਰਕਾਰ ਟੈਰੀ ਮਿਲਸਕੀ ਦੀ ਖਾਲਿਸਤਾਨ ਸਬੰਧੀ ਵਿਵਾਦਤ ਰਿਪੋਰਟ ਦਾ ਵੀ ਜਿਕਰ ਕੀਤਾ ਗਿਆ ਹੈ। ਬਰਤਾਨਵੀ ਸੰਸਦ ਮੈਂਬਰਾਂ ਵੱਲੋਂ ਮਨੁੱਖੀ ਹੱਕਾਂ ਲਈ ਚੁੱਕੀ ਜਾਂਦੀ ਅਵਾਜ ਨੂੰ ਸੰਯੁਕਤ ਰਾਸਟਰ ਚਾਰਟਰ ਦਾ ਹਵਾਲਾ ਦਿੰਦਿਆਂ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇ ਨਾਂ ਹੇਠ ਗਲਤ ਐਲਾਨਿਆ ਗਿਆ ਹੈ।

ਚਿੱਠੀ ਲਿਖਣ ਵਾਲਿਆਂ ਨੇ ਕਿਹਾ ਹੈ ਕਿ ਇਹਨਾਂ ਸੰਸਦ ਮੈਂਬਰਾਂ ਦੀਆਂ ਕਾਰਵਾਈਆਂ ਭਾਰਤ ਵਿਰੋਧੀ ਅਤੇ ਭਾਰਤ ਤੋਂ ਵੱਖ ਹੋਣ ਦੀ ਇੱਛਾ ਰੱਖਦੇ ਲੋਕਾਂ ਦੀ ਹਮਾਇਤ ਵਿਚ ਹੁੰਦੀਆਂ ਹਨ ਜਿਸ ਨਾਲ ਕਿ ਬਰਤਾਨੀਆ ਅਤੇ ਭਾਰਤ ਦੇ ਸਬੰਧ ਖਰਾਬ ਹੋ ਸਕਦੇ ਹਨ। ਉਹਨਾਂ ਕਿਹਾ ਕਿ ਇਹਨਾਂ ਸੰਸਦ ਮੈਂਬਰਾਂ ਨੂੰ ਭਾਰਤ ਵਿਚ ਦਾਖਲ ਨਾ ਹੋਣ ਦਿੱਤਾ ਜਾਵੇ। ਇਸ ਲਈ ਇਹਨਾਂ ਲੋਕਾਂ ਨੇ ਭਾਰਤੀ ਉੱਚ ਕਮਿਸਨਰ ਤੋਂ ਮੰਗ ਕੀਤੀ ਹੈ ਕਿ ਇਹਨਾਂ ਮੈਂਬਰਾਂ ਦੀ ਭਾਰਤ ਵਿਚ ਕਿਸੇ ਵੀ ਤਰ੍ਹਾਂ ਦੀ ਆਰਥਿਕ ਗਤੀਵਿਧੀ 'ਤੇ ਰੋਕ ਲਾਈ ਜਾਵੇ ਅਤੇ ਇਹਨਾਂ ਦੇ ਭਾਰਤ ਦਾਖਲ ਹੋਣ ਦੇ ਵੀਜੇ ਰੱਦ ਕੀਤੇ ਜਾਣ।

ਦੱਸ ਦਈਏ ਕਿ ਭਾਰਤ ਦੀ ਮੌਜੂਦਾ ਸਰਕਾਰ ਵੱਲੋਂ ਕਿਸਾਨਾਂ ਖਿਲਾਫ ਤਿੰਨ ਨਵੇਂ ਕਾਨੂੰਨ ਬਣਾਏ ਗਏ ਹਨ ਜਿਹਨਾਂ ਖਿਲਾਫ ਪ੍ਰਦਰਸਨ ਕਰਦਿਆਂ ਲੱਖਾਂ ਦੀ ਗਿਣਤੀ 'ਚ ਕਿਸਾਨਾਂ ਨੇ ਭਾਰਤ ਦੀ ਰਾਜਧਾਨੀ ਦਿੱਲੀ ਨੂੰ ਘੇਰਾ ਪਾਇਆ ਹੋਇਆ ਹੈ ਅਤੇ ਸਾਂਤਮਈ ਤਰੀਕੇ ਨਾਲ ਇਹਨਾਂ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਪ੍ਰਦਰਸਨ ਕਰ ਰਹੇ ਹਨ। ਕਿਸਾਨਾਂ ਦੇ ਇਸ ਸੰਘਰਸ ਨੂੰ ਹੋਰ ਕਈ ਦੇਸਾਂ ਵਾਂਗ ਬਰਤਾਨੀਆ ਵਿਚੋਂ ਵੀ ਵੱਡਾ ਸਮਰਥਨ ਮਿਲਿਆ ਹੈ।

# ਸਰਕਾਰ ਨਾਲ ਕਿਸੇ ਨਿੱਗਰ ਤਜਵੀਜ਼ 'ਤੇ ਗੱਲਬਾਤ ਲਈ ਤਿਆਰ: ਕਿਸਾਨ ਜਥੇਬੰਦੀਆਂ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਦੀ ਰਾਜਧਾਨੀ ਦਿੱਲੀ ਦੀਆਂ ਹੱਦਾਂ 'ਤੇ ਲੱਖਾਂ ਦੀ ਗਿਣਤੀ 'ਚ ਬੈਠੇ ਕਿਸਾਨਾਂ ਦਾ ਭਾਰਤ ਦੇ ਕਿਸਾਨੀ ਵਿਰੋਧੀ ਕਾਨੂੰਨਾਂ ਖਿਲਾਫ ਸ਼ਾਂਤਮਈ ਸੰਘਰਸ਼ ਚੌਥੇ ਹਫਤੇ ਵਿਚੋਂ ਗੁਜ਼ਰ ਰਿਹਾ ਹੈ। ਭਾਰਤ ਸਰਕਾਰ ਵੱਲੋਂ ਕਾਨੂੰਨਾਂ ਵਿਚ ਸੋਧਾਂ ਕਰਨ ਦੀ ਤਜਵੀਜ਼ ਨੂੰ ਕਿਸਾਨ ਜਥੇਬੰਦੀਆਂ ਵੱਲੋਂ ਰੱਦ ਕਰਦਿਆਂ ਕਿਸਾਨੀ ਵਿਰੋਧੀ ਕਾਨੂੰਨਾਂ ਨੂੰ ਪੂਰਨ ਤੌਰ 'ਤੇ ਰੱਦ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਸਰਕਾਰ ਵੱਲੋਂ ਕਿਸਾਨ ਜਥੇਬੰਦੀਆਂ ਨੂੰ ਮੁੜ ਗੱਲਬਾਤ ਸ਼ੁਰੂ ਕਰਨ ਦੇ ਭੇਜੇ ਸੱਦੇ 'ਤੇ ਅੱਜ ਜਵਾਬ ਦਿੰਦਿਆਂ ਕਿਸਾਨ ਜਥੇਬੰਦੀਆਂ ਨੇ ਕਿਹਾ ਕਿ ਉਹ ਗੱਲਬਾਤ ਲਈ ਤਿਆਰ ਹਨ, ਪਰ ਸਰਕਾਰ ਇਨ੍ਹਾਂ ਕਾਨੂੰਨਾਂ 'ਚ 'ਅਰਥਹੀਣ' ਸੋਧਾਂ ਨੂੰ ਮੁੜ ਨਾ ਦੁਹਰਾਏ।



ਕਿਸਾਨ ਆਗੂਆਂ ਨੇ ਕਿਹਾ ਕਿ ਉਹ ਸਰਕਾਰ ਵੱਲੋਂ ਭੇਜੀਆਂ ਤਜਵੀਜਾਂ/ਸੋਧਾਂ ਨੂੰ ਪਹਿਲਾਂ ਹੀ ਰੱਦ ਕਰ ਚੁੱਕੇ ਹਨ, ਲਿਹਾਜਾ ਸਰਕਾਰ ਅਗਲੇ ਗੇੜ ਦੀ ਗੱਲਬਾਤ ਲਈ ਲਿਖਤ 'ਚ ਕੋਈ 'ਨਿੱਗਰ' ਤਜਵੀਜ ਲੈ ਕੇ ਆਏ। ਕਿਸਾਨ ਆਗੂ ਸ਼ਿਵ ਕੁਮਾਰ ਕੱਕਾ ਨੇ ਕਿਹਾ, 'ਅਸੀਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪਹਿਲਾਂ ਹੀ ਦੱਸ ਚੁੱਕੇ ਹਾਂ ਕਿ ਸੰਘਰਸ਼ਸ਼ੀਲ ਕਿਸਾਨ (ਖੇਤੀ ਕਾਨੂੰਨਾਂ 'ਚ) ਸੋਧ ਨੂੰ ਕਿਸੇ ਵੀ ਕੀਮਤ 'ਤੇ ਸਵੀਕਾਰ ਨਹੀਂ ਕਰਨਗੇ। ਪੱਤਰਕਾਰ ਮਿਲਣੀ 'ਚ ਸ਼ਾਮਲ ਸਵਰਾਜ ਇੰਡੀਆ ਮੁਹਿੰਮ ਦੇ ਆਗੂ ਯੋਗੇਂਦਰ ਯਾਦਵ ਨੇ ਕਿਹਾ, 'ਕਿਸਾਨ ਯੂਨੀਅਨਾਂ ਸਰਕਾਰ ਨਾਲ ਗੱਲਬਾਤ ਲਈ ਤਿਆਰ ਹਨ ਤੇ ਉਨ੍ਹਾਂ ਨੂੰ ਉਡੀਕ ਹੈ ਕਿ ਸਰਕਾਰ ਖੁੱਲ੍ਹੇ ਦਿਲ ਨਾਲ ਗੱਲਬਾਤ ਦੀ ਮੇਜ 'ਤੇ ਆਏ।

ਜ਼ਿਕਰਯੋਗ ਹੈ ਕਿ ਇਕ ਦਿਨ ਪਹਿਲਾਂ ਭਾਰਤ ਦੇ ਖੇਤੀ ਮੰਤਰੀ ਨੇ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਖੇਤੀ ਕਾਨੂੰਨ ਸਹੀ ਹਨ ਅਤੇ ਕਿਸਾਨ ਕੁੱਝ ਸਮੇਂ ਤਕ ਇਸ ਗੱਲ ਨੂੰ ਸਮਝ ਜਾਣਗੇ। ਭਾਰਤ ਸਰਕਾਰ ਵੱਲੋਂ ਕਾਨੂੰਨਾਂ ਦੇ ਪੱਖ ਵਿਚ ਇਸ਼ਤਿਹਾਰਬਾਜ਼ੀ ਨੂੰ ਵੀ ਤੇਜ ਕਰ ਦਿੱਤਾ ਗਿਆ ਹੈ ਅਤੇ ਭਾਜਪਾ ਨੇ ਜ਼ਮੀਨੀ ਪੱਧਰ 'ਤੇ ਆਪਣੇ ਨੁਮਾਂਇੰਦਿਆਂ ਨੂੰ ਕਾਨੂੰਨਾਂ ਦੇ ਪੱਖ ਵਿਚ ਪ੍ਰਚਾਰ ਕਰਨ ਲਈ ਹੱਲਾਸ਼ੇਰੀ ਦਿੱਤੀ ਹੈ। ਭਾਵੇਂ ਕਿ ਪੰਜਾਬ ਅਤੇ ਹਰਿਆਣਾ ਵਿਚ ਭਾਜਪਾ ਸਰਕਾਰਾਂ ਖਿਲਾਫ ਲੋਕ ਰੋਹ ਪਹਿਲਾਂ ਨਾਲੋਂ ਵੱਧ ਹੀ ਰਿਹਾ ਹੈ ਪਰ ਹੁਣ ਭਾਜਪਾ ਨੇ ਹੋਰ ਸੂਬਿਆਂ ਦੇ ਕਿਸਾਨਾਂ ਤਕ ਪਹੁੰਚ ਕਰਕੇ ਉਹਨਾਂ ਨੂੰ ਕਿਸਾਨੀ ਸੰਘਰਸ਼ ਤੋਂ ਵੱਖ ਰੱਖਣ ਲਈ ਸਰਗਰਮੀਆਂ ਤੇਜ ਕਰ ਦਿੱਤੀਆਂ ਹਨ।

**ਭਾਜਪਾ ਆਗੂਆਂ ਨੂੰ ਸਿੱਖ ਸੰਸਥਾਵਾਂ 'ਚੋਂ ਕੱਢਣ ਦੀ ਮੰਗ**

ਸਿੱਖ ਜਥੇਬੰਦੀਆਂ ਨਾਲ ਸਬੰਧਿਤ ਨੌਜਵਾਨਾਂ ਨੇ ਸਿੱਖ ਸੰਸਥਾਵਾਂ ਚੀਫ ਖਾਲਸਾ ਦੀਵਾਨ ਅਤੇ ਖਾਲਸਾ ਕਾਲਜ ਬਾਹਰ ਰੋਸ ਪ੍ਰਦਰਸ਼ਨ ਕਰਦਿਆਂ ਇਨ੍ਹਾਂ ਸੰਸਥਾਵਾਂ ਵਿਚੋਂ ਭਾਜਪਾ ਸਮਰਥਕ ਆਗੂਆਂ ਨੂੰ ਬਾਹਰ ਕੱਢਣ ਦੀ ਮੰਗ ਕੀਤੀ ਹੈ। ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਸਿੱਖ ਕਾਰਕੁਨਾਂ ਨੇ ਖਾਲਸਾ ਕਾਲਜ ਗਵਰਨਿੰਗ ਕੌਂਸਲ ਵਿਚ ਬਤੌਰ ਆਨਰੇਰੀ ਸਕੱਤਰ ਕੰਮ ਕਰ ਰਹੇ ਰਾਜਿੰਦਰ ਮੋਹਨ ਸਿੰਘ ਛੀਨਾ ਅਤੇ ਚੀਫ ਖਾਲਸਾ ਦੀਵਾਨ ਦੇ ਮੈਂਬਰ ਵਜੋਂ ਸਾਬਕਾ ਪੁਲੀਸ ਅਧਿਕਾਰੀ ਇਕਬਾਲ ਸਿੰਘ ਲਾਲਪੁਰਾ ਨੂੰ ਸਿੱਖ ਸੰਸਥਾਵਾਂ ਵਿਚੋਂ ਬਾਹਰ ਕੱਢਣ ਦੀ ਮੰਗ ਕੀਤੀ। ਪ੍ਰਦਰਸ਼ਨਕਾਰੀਆਂ ਨੇ ਆਖਿਆ ਕਿ ਇਹ ਆਗੂ ਭਾਜਪਾ ਨਾਲ ਸਬੰਧਤ ਹਨ, ਜਿਨ੍ਹਾਂ ਵਲੋਂ ਖੇਤੀ ਕਾਨੂੰਨਾਂ ਦਾ ਸਮਰਥਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਭਰ ਦੇ ਕਿਸਾਨ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ ਪਰ ਭਾਜਪਾ ਸਰਕਾਰ ਖੇਤੀ ਕਾਨੂੰਨਾਂ ਨੂੰ ਲਾਗੂ ਕਰਨ 'ਤੇ ਅੜੀ ਹੋਈ ਹੈ।

**ਬਾਕੀ ਸਫ਼ਾ 30 'ਤੇ**

## ਖਾਲਸਾ ਏਡ ਨੇ ਟਿੱਕਰੀ ਬਾਰਡਰ 'ਤੇ ਖੋਲ੍ਹਿਆ ਕਿਸਾਨ ਮਾਲ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਖਾਲਸਾ ਏਡ ਨੇ ਬੁੱਧਵਾਰ ਨੂੰ ਟਿੱਕਰੀ ਸਰਹੱਦ 'ਤੇ 'ਕਿਸਾਨ ਮਾਲ' ਸਥਾਪਤ ਕਰ ਦਿੱਤਾ ਹੈ। ਇਥੋਂ ਕਿਸਾਨਾਂ ਨੂੰ ਰੋਜ ਵਰਤੋਂ ਦੀਆਂ ਵਸਤਾਂ ਮੁਫਤ ਮੁਹੱਈਆ ਕਰਵਾਈਆਂ ਜਾਣਗੀਆਂ। ਮਾਲ ਵਿੱਚੋਂ ਕੰਬਲ, ਟੂਥ ਬਰੱਸ, ਟੂੱਥ ਪੇਸਟ, ਥਰਮਲ, ਸਵੈਟਰ, ਜੈਕਟ, ਤੇਲ, ਵੈਸਲੀਨ, ਜੁਰਾਬਾਂ, ਕੱਪੜੇ ਧੋਣ ਵਾਲੇ ਸਾਬਣ, ਨਹਾਉਣ ਵਾਲਾ ਸਾਬਣ, ਸੈਂਪੂ, ਕੰਘੀ, ਮਫਲਰ, ਓਡੋਮਾਸ, ਸੁੱਕਾ ਦੁੱਧ, ਸੈਨੇਟਰੀ ਪੈਡ ਅਤੇ ਜੁੱਤੇ ਮਿਲ ਜਾਣਗੇ। ਇਸ ਤੋਂ ਇਲਾਵਾ ਹੀਟਿੰਗ ਪੈਡ, ਤੌਲੀਏ, ਲੋਈ, ਚੱਪਲਾਂ, ਕੂੜਾ-ਕਰਕਟ ਬੈਗ, ਤਰਪਾਲ, ਨਹੁੰ ਕਟਰ, ਈਨੋ ਅਤੇ ਕੱਪੜੇ ਧੋਣ ਵਾਲੇ ਬੁਰਸ ਵੀ ਉਪਲੱਬਧ ਹਨ। ਖਾਲਸਾ ਏਡ ਪ੍ਰੋਜੈਕਟ ਦੇ ਏਸੀਆ ਚੈਪਟਰ ਦੇ ਡਾਇਰੈਕਟਰ ਅਮਨਪ੍ਰੀਤ ਸਿੰਘ ਨੇ ਕਿਹਾ: "ਭੀੜ ਹੋਣ ਕਾਰਨ ਆਮ ਤੌਰ 'ਤੇ ਕਿਸਾਨਾਂ ਨੂੰ ਆਪਣੇ ਜਰੂਰਤ ਦੇ ਸਾਮਾਨ ਲਈ ਜੂਝਣਾ ਪੈ ਰਿਹਾ ਸੀ, ਖਾਸ ਤੌਰ 'ਤੇ ਬਜੁਰਗਾਂ ਨੂੰ ਮੁਸ਼ਕਲ ਪੇਸ਼ ਆ ਰਹੀ ਸੀ।"

**No Farmers**
**No Food**

# ਭਾਰਤੀ

# ਅੰਬੈਸੀ ਘਿਰਾਉ

**540 Arguello Blvd, San Francisco**

ਕਿਸਾਨਾਂ ਦੇ ਹੱਕ ਵਿੱਚ 26 ਦਸੰਬਰ ਨੂੰ ਸੈਨ ਫਰਾਂਸਿਸਕੋ ਵਿਖੇ ਭਾਰਤੀ ਅੰਬੈਸੀ ਅੱਗੇ ਮੁਜਾਹਰਾ ਕੀਤਾ ਜਾ ਰਿਹਾ ਹੈ। ਪੰਜਾਬ ਦੀਆਂ ਕਿਸਾਨ ਜੱਥੇਬੰਦੀਆਂ ਨੇ ਵਿਦੇਸਾਂ ਵਿੱਚ ਵੱਸਦੇ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਭਾਰਤੀ ਅੰਬੈਸੀਆਂ ਘੇਰ ਕੇ ਭਾਰਤ ਵੱਲੋਂ ਕਿਸਾਨ ਵਿਰੋਧੀ ਕਾਨੂੰਨਾ ਨੂੰ ਰੱਦ ਕਰਾਉਣ ਲਈ ਦਬਾਅ ਪਾਉਣ।



ਸਾਡੇ ਵੱਲੋਂ ਸਮੂੰਹ ਸੰਗਤ, ਪੰਥਕ ਜੱਥੇਬੰਦੀਆਂ ਅਤੇ ਗੁਰਦੁਆਰਾ ਸਾਹਿਬਾਨ ਨੂੰ ਸਾਮਿਲ ਲਈ ਅਪੀਲ ਕੀਤੀ ਜਾਂਦੀ ਹੈ।













**ਤਰੀਕ:**
26 ਦਸੰਬਰ (ਸਨਿੱਚਰਵਾਰ)

**ਸਮਾਂ:**
12 ਵਜੇ ਦੁਪਹਿਰ

**ਜਗ੍ਹਾ:**
ਭਾਰਤੀ ਅੰਬੈਸੀ

**FOR MORE INFO CALL :**
GURWINDER SINGH (408) 390-5025, PRABHJOT SINGH (408) 332-6446
JASPREET SINGH (209) 451-8791, BALWINDER SINGH (510) 541-0421
(209)513-0508, (929)988-0001,

# ਕਿਸਾਨ ਮੋਰਚੇ ਦੇ ਹੱਕ 'ਚ ਰਿਕਾਰਡ ਤੋੜ ਇਕੱਠ, ਲੋਕ ਪਰਿਵਾਰਾਂ ਸਮੇਤ ਹੋਏ ਸ਼ਾਮਿਲ






**ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ):** ਦਿੱਲੀ ਵਿੱਚ ਹੱਕੀ ਮੰਗਾਂ ਲਈ ਜੂਝ ਰਹੇ ਪੰਜਾਬ ਸਮੇਤ ਭਾਰਤ ਦੇ ਕਿਸਾਨਾਂ ਦੇ ਲਈ ਹਾਅ ਦਾ ਨਾਅਰਾ ਮਾਰਨ ਲਈ ਅੱਜ ਸੈਕਰਾਮੈਂਟੋ ਵਿੱਚ ਹਜ਼ਾਰਾਂ ਲੋਕ ਕਾਰ ਟਰੱਕ ਰੈਲੀ ਵਿੱਚ ਸ਼ਾਮਿਲ ਹੋਏ ਜਿਸ ਦੌਰਾਨ ਰਿਕਾਰਡ ਤੋੜ ਇਕੱਠ ਹੋਇਆ ਜੋ ਕਿ ਅਮਰੀਕਾ ਵਿੱਚ ਹੋਏ ਵੱਖ ਵੱਖ ਥਾਵਾਂ ਦੇ ਇਕੱਠਾਂ ਨੂੰ ਮਾਤ ਪਾ ਗਿਆ। ਇਹ ਵਿਸ਼ਾਲ ਇਕੱਠ ਸੈਕ ਸਟੇਟ ਕਾਲਜ ਦੀ ਪਾਰਕਿੰਗ ਲੌਟ ਵਿੱਚੋਂ ਸ਼ੁਰੂ ਹੋ ਕਿ ਸਟੇਟ ਕੈਪੀਟਲ ਭਾਵ ਗਵਰਨਰ ਹਾਊਸ ਦੇ ਅੱਗੋਂ ਦੀ ਗੁਜ਼ਰਿਆ। ਪਹਿਲਾਂ ਸੈਕ ਸਟੇਟ ਕਾਲਜ ਦੀ ਪਾਰਕਿੰਗ ਲੌਟ ਵਿੱਚ ਲੋਕਾਂ ਦੇ ਭਰਵੇਂ ਇਕੱਠ ਵਿਚ ਅਰਦਾਸ ਹੋਈ ਤੇ ਫਿਰ ਵੱਖ ਵੱਖ ਬੁਲਾਰਿਆਂ ਨੇ ਆਪਣੇ ਆਪਣੇ ਵਿਚਾਰ ਰੱਖੇ। ਇਸ ਦੌਰਾਨ ਕਾਲਜ ਦੇ ਨੌਜੁਆਨ ਪ੍ਰਬੰਧਕਾਂ ਤੇ ਵਿਦਿਆਰਥੀਆਂ ਨੇ ਮੋਰਚੇ ਦੌਰਾਨ ਡਟੇ ਕਿਸਾਨਾਂ ਦਾ ਸਾਥ ਦਿੰਦਿਆਂ ਬੋਲਦਿਆਂ ਕਿਹਾ ਅਸੀਂ ਕਿਸਾਨਾਂ ਦੇ ਬੱਚੇ ਹਾਂ ਤੇ ਅੱਜ ਤੀਜੀ ਪੀੜੀ ਭਾਵੇਂ ਪ੍ਰਵਾਸੀ ਹੈ ਪਰ ਸਾਡੇ ਪਿਓ-ਬਾਬੇ ਦੀ ਜਮੀਨ ਸਾਡੀ ਜਮੀਰ ਹੈ ਅਸੀਂ ਕਿਸੇ ਵੀ ਹੀਲੇ ਵਸੀਲੇ ਕਾਰਪੋਰੇਟ ਘਰਾਣਿਆਂ ਦੇ ਹੱਥ ਇਹ ਜੱਦੀ ਜਮੀਨਾਂ ਨਹੀਂ ਜਾਣ ਦੇਵਾਂਗੇ। ਵਿਦਿਆਰਥੀ ਪ੍ਰਬੰਧਕਾਂ ਨੇ ਮੋਦੀ ਸਰਕਾਰ ਤੇ ਜਮਕੇ ਭੜਾਸ ਕੱਢੀ। ਇਸ ਮੌਕੇ ਮੁੱਖ ਪ੍ਰਬੰਧਕ ਨਰਿੰਦਰ ਸਿੰਘ ਥਾਂਦੀ ਦੌਲਤਪੁਰ ਨੇ ਭਾਰਤ ਸਰਕਾਰ ਨੂੰ ਲੰਬੇ ਹੱਥੀਂ ਲੈਂਦਿਆਂ ਕਿਹਾ ਇਹ ਤਿੰਨ ਕਾਨੂੰਨਾਂ ਨੂੰ ਖੇਤੀ ਉੱਪਰ ਲਾਗੂ ਕਰਨਾ ਇੱਕ ਕਿਸਾਨੀ ਖ਼ਤਮ ਕਰਨਾ ਹੈ ਤੇ ਭਾਰਤ ਸਰਕਾਰ ਦੇ ਇਨਾਂ ਕਾਨੂੰਨਾਂ ਦੇ ਖ਼ਿਲਾਫ਼ ਡਟੇ ਕਿਸਾਨਾਂ ਦੀ ਅਮਰੀਕਾ ਦੇ ਪੰਜਾਬੀ ਪੁਰ ਜ਼ੋਰ ਮਦਦ ਕਰਦੇ ਹਨ ਤੇ ਕਰਨਗੇ। ਉਨਾਂ ਇਸ ਸਮੇਂ ਮੋਦੀ ਮੀਡੀਆ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਜੋ ਕਿਸਾਨ ਮੋਰਚੇ ਨੂੰ ਹੋਰ ਰੰਗਤ ਦੇ ਕੇ ਪੇਸ਼ ਕਰ ਰਿਹਾ ਹੈ। ਨਰਿੰਦਰ ਥਾਂਦੀ ਦੌਲਤਪੁਰ ਨੇ ਇਸ ਮੌਕੇ ਭਾਜਪਾ ਦੇ ਲੀਡਰਾਂ ਦਾ ਸਿਆਸੀ ਤੇ ਸਮਾਜਿਕ ਬਾਈਕਾਟ ਕਰਨ ਦਾ ਵੀ ਸੱਦਾ ਦਿੱਤਾ, ਇਸ ਮੌਕੇ ਬਾਕੀ ਸੰਸਥਾਵਾਂ ਵਾਂਗ ਸ਼ਹੀਦ ਬਾਬਾ ਕਰਮ ਸਿੰਘ ਬੱਬਰ ਦੌਲਤਪੁਰ ਐਨ ਆਰ ਆਈ ਸਪੋਰਟਸ ਐਂਡ ਵੈਲਫੇਅਰ ਕਲੱਬ ਨੇ ਇਲਾਕੇ ਦੇ ਭਾਜਪਾ ਆਗੂ ਸੋਮਨਾਥ ਦਾ ਬਾਈਕਾਟ ਕਰਨ ਦਾ ਵੀ ਐਲਾਨ ਕੀਤਾ । ਉਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਅੱਜ ਦੀ ਕਾਰ ਰੈਲੀ ਵਿੱਚ ਆਉਣ ਦੀ ਅਪੀਲ ਲਈ ਪੰਜਾਬੀ ਗਾਇਕ ਮਨਮੋਹਨ ਵਾਰਿਸ, ਪੰਜਾਬੀ ਗਾਇਕ ਸਰਦੂਲ ਸਕੰਦਰ, ਗੀਤਕਾਰ ਜਸਵੀਰ ਗੁਣਾਚੌਰੀਆ, ਜੱਸੀ ਕੈਨੇਡਾ, ਜੋਗਾ ਢੀਂਡਸਾ, ਕੈਲੀਫੋਰਨੀਆ ਸਿੱਖ ਯੂਥ ਇਲਾਇੰਸ, ਖਾਲਸਾ ਏਡ ਦੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਕਾਰ ਟਰੱਕ ਰੈਲੀ ਵਿੱਚ ਲੋਕਾਂ ਨੇ ਪਰਿਵਾਰਾਂ ਸਮੇਤ ਸ਼ਮੂਲੀਅਤ ਕੀਤੀ। ਪੰਜਾਬੀ ਨੌਜੁਆਨ ਬੱਚਿਆਂ ਤੋਂ ਇਲਾਵਾ ਗੋਰਿਆਂ ਦੇ ਬੱਚੇ ਵੀ ਕਿਸਾਨਾਂ ਦੇ ਪੱਖ ਵਿੱਚ ਬੈਨਰ ਚੁੱਕੀ ਨਜ਼ਰ ਆਏ। ਇਸ ਮੌਕੇ ਵੱਖ ਵੱਖ ਸ਼ਹਿਰਾਂ ਤੋਂ ਜਿਵੇਂ ਸਟਾਕਟਨ, ਯੂਬਾ ਸਿਟੀ, ਫਰੀਮਾਂਟ, ਬੇ-ਏਰੀਆ, ਵੁਡਲੈਂਡ, ਲੋਡਾਈ, ਫਰਿਜਨੋ, ਰੀਨੋ, ਡਿਕਸਨ, ਐਲਕ ਗਰੋਵ ਆਦਿ ਸ਼ਹਿਰਾਂ ਤੋਂ ਲੋਕਾਂ ਨੇ ਵੱਧ ਚੜ ਕੇ ਸ਼ਮੂਲੀਅਤ ਕੀਤੀ। ਇਸ ਕਾਰ ਰੈਲੀ ਨਾਲ ਸੈਕਰਾਮੈਂਟੋ ਦੀਆਂ ਸੜਕਾਂ ਤੇ ਘੰਟੇ ਵਧੀ ਜਾਮ ਲਗ ਗਿਆ । ਇਸ ਵਿਸ਼ਾਲ ਰੈਲੀ ਵਿੱਚ ਭਾਈਚਾਰੇ ਦੀਆਂ ਹੋਰ ਵੱਖ ਵੱਖ ਪ੍ਰਮੁੱਖ ਸਖਸ਼ੀਅਤਾਂ ਨੇ ਵੀ ਭਰਵੀਂ ਹਾਜ਼ਰੀ ਦਿੱਤੀ।

# ਕੋਵਿਡ-19 ਨੂੰ ਫੈਲਣ ਤੋਂ ਰੋਕਣ ਲਈ ਅਮਰੀਕਾ ਵਿਚ ਫਾਈਜ਼ਰ ਤੋਂ ਬਾਅਦ ਮੋਡੇਰਨਾ ਵੱਲੋਂ ਬਣਾਏ ਟੀਕੇ ਲਾਉਣ ਦੀ ਦਿੱਤੀ ਇਜਾਜ਼ਤ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਫਾਈਜ਼ਰ ਤੋਂ ਬਾਅਦ ਅਮਰੀਕਨਾਂ ਨੂੰ ਬਹੁਤ ਛੇਤੀ ਮੋਡੇਰਨਾ ਕੰਪਨੀ ਵੱਲੋਂ ਬਣਾਇਆ ਕੋਵਿਡ-19 ਟੀਕਾ ਲੱਗਣਾ ਸ਼ੁਰੂ ਹੋ ਜਾਵੇਗਾ। ਅਮਰੀਕੀ ਫੂਡ ਐਂਡ ਡਰੱਗ ਅਡਮਨਿਸਟ੍ਰੇਸ਼ਨ (ਸੀ ਡੀ ਸੀ) ਦੇ ਕਮਿਸ਼ਨਰ ਸਟੀਫਨ ਹਾਨ ਨੇ ਮੋਡੇਰਨਾ ਦੇ ਟੀਕੇ ਦੀ ਹੰਗਾਮੀ ਹਾਲਤ ਵਿਚ ਵਰਤੋਂ ਲਈ ਸਬੰਧਤ ਵਿਭਾਗਾਂ ਨੂੰ ਅਧਿਕਾਰਤ ਕਰ ਦਿੱਤਾ ਹੈ। ਹਫ਼ਤਾ ਪਹਿਲਾਂ ਸੀ ਡੀ ਸੀ ਨੇ ਫਾਈਜ਼ਰ ਤੇ ਉਸ ਦੀ ਸਹਿਯੋਗੀ ਜਰਮਨ ਕੰਪਨੀ ਬਾਇਨਟੈਕ ਦੇ ਟੀਕੇ ਨੂੰ ਪ੍ਰਵਾਨਗੀ ਦਿੱਤੀ ਸੀ ਜੋ ਲੰਘੇ ਸੋਮਵਾਰ ਤੋਂ ਤਰਜੀਹੀ ਵਰਗ ਵਾਲੇ ਲੋਕਾਂ ਨੂੰ ਲੱਗਣੇ ਸ਼ੁਰੂ ਹੋ ਗਏ ਹਨ। ਇਕ ਬਿਆਨ ਵਿਚ ਕਿਹਾ ਗਿਆ ਹੈ ਕਿ 'ਕਮਿਸ਼ਨਰ ਟੀਕੇ ਲਈ ਪ੍ਰਵਾਨਗੀ ਦੇਣ ਦੀ ਬਜਾਏ 'ਅਧਿਕਾਰਤ' ਕਰ ਰਹੇ ਹਨ ਕਿਉਂਕਿ ਪ੍ਰਵਾਨਗੀ ਲਈ ਨਿਸ਼ਚਤ ਮਾਪ ਦੰਡ ਪੂਰੇ ਕਰਨੇ ਪੈਂਦੇ ਹਨ ਜਿਸ ਲਈ ਲੰਬਾ ਸਮਾਂ ਖੋਜ ਦੀ ਲੋੜ ਹੈ ਜਦਕਿ ਅਧਿਕਾਰੀ ਤੇਜ਼ੀ ਨਾਲ ਫੈਲ ਰਹੇ ਕੋਰੋਨਾ ਵਾਇਰਸ ਕਾਰਨ ਲੋਕਾਂ ਦੀ ਸਿਹਤ ਨੂੰ ਮੁਖ ਰੱਖਦੇ ਹੋਏ ਹੋਰ ਉਡੀਕ ਕਰਨ ਦੇ ਹੱਕ ਵਿਚ ਨਹੀਂ ਹਨ।' ਇਕ ਆਜ਼ਾਦ ਸਲਾਹਕਾਰ ਕਮੇਟੀ ਨੇ ਮੋਡੇਰਨਾ ਦੇ 1213 ਟੀਕਿਆਂ ਦੀ ਮਨੁੱਖਾਂ ਉੱਪਰ ਪਰਖ ਦੇ ਅੰਕੜਿਆਂ ਦੀ ਘੋਖ ਕੀਤੀ ਹੈ ਜਿਸ ਤੋਂ ਬਾਅਦ ਇਹ ਨਿਰਨਾ ਲਿਆ ਗਿਆ ਹੈ ਕਿ ਇਸ ਟੀਕੇ ਦੇ ਜੋਖਮਾਂ ਦੀ ਤੁਲਨਾ ਵਿਚ ਲਾਭ ਵਧੇਰੇ ਹਨ। ਬਿਆਨ ਵਿਚ ਕਿਹਾ ਗਿਆ ਹੈ ਕਿ 30000 ਵਾਲੰਟੀਅਰਾਂ ਨੂੰ ਇਹ ਟੀਕਾ ਲਾਇਆ ਗਿਆ ਜਿਨਾਂ ਵਿਚੋਂ 94% ਵਾਲੰਟੀਅਰਾਂ ਦੀ ਸਰਗਰਮ ਬਿਮਾਰੀ ਤੋਂ ਰੱਖਿਆ ਕਰਨ ਵਿਚ ਮਦਦ ਮਿਲੀ ਤੇ ਸਿਹਤ ਸਬੰਧੀ ਕੋਈ ਵੀ ਵੱਡੀ ਚਿੰਤਾ ਦੇ ਲੱਛਣ ਨਹੀਂ ਮਿਲੇ। ਆਸ ਕੀਤੀ ਜਾਂਦੀ ਹੈ ਕਿ ਇਸ ਹਫ਼ਤੇ ਹੀ ਮੋਡੇਰਨਾ ਦੇ ਟੀਕੇ ਦੀ ਸਪਲਾਈ ਸ਼ੁਰੂ ਹੋ ਜਾਵੇਗੀ ਤੇ ਸੋਮਵਾਰ ਤੋਂ ਟੀਕੇ ਲੱਗਣੇ ਸ਼ੁਰੂ ਹੋ ਜਾਣਗੇ।

## ਸਪੀਕਰ ਪੇਲੋਸੀ ਤੇ ਸੈਨੇਟ ਲੀਡਰ ਮਕੋਨੈਲ ਨੇ ਲਵਾਇਆ ਕੋਵਿਡ ਟੀਕਾ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਅਮਰੀਕਨਾਂ ਨੂੰ ਇਹ ਦੱਸਣ ਲਈ ਕਿ ਕੋਵਿਡ-19 ਟੀਕਾ ਸੁਰੱਖਿਅਤ ਤੇ ਪ੍ਰਭਾਵਸ਼ਾਲੀ ਹੈ, ਸਦਨ ਦੀ ਸਪੀਕਰ ਨੈਨਸੀ ਪੇਲੋਸੀ ਤੇ ਬਹੁਗਿਣਤੀ ਲੀਡਰ ਮਿਚ ਮਕੋਨੈਲ ਨੂੰ ਲੰਘੇ ਸ਼ੁੱਕਰਵਾਰ ਕੋਵਿਡ-19 ਦਾ ਟੀਕਾ ਲਗਾਇਆ ਗਿਆ। ਪੇਲੋਸੀ ਨੇ ਇਕ ਟਵੀਟ ਵਿਚ ਕਿਹਾ ਹੈ ਕਿ 'ਅੱਜ ਮੈਂ ਵਿਗਿਆਨ ਵਿਚ ਵਿਸ਼ਵਾਸ ਰੱਖਦੇ ਹੋਏ ਡਾਕਟਰ ਦੀ ਸਲਾਹ ਨਾਲ ਕੋਵਿਡ-19 ਟੀਕਾ ਲਗਵਾਇਆ ਹੈ। ਹੁਣ ਟੀਕਿਆਂ ਦੀ ਵੰਡ ਹੋ ਰਹੀ ਹੈ, ਸਾਨੂੰ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਨਿਰੰਤਰ ਮਾਸਕ ਪਹਿਨਣਾ ਚਾਹੀਦਾ ਹੈ, ਸਮਾਜਿਕ ਦੂਰੀ ਰੱਖਣੀ ਚਾਹੀਦੀ ਹੈ ਤੇ ਹੋਰ ਵਿਗਿਆਨ ਅਧਾਰਿਤ ਕਦਮ ਚੁੱਕਣੇ ਚਾਹੀਦੇ ਹਨ।' ਇਸ ਤੋਂ ਤਕਰੀਬਨ ਇਕ ਘੰਟੇ ਬਾਅਦ ਮਕੋਨੈਲ ਨੇ ਆਪਣੇ ਟਵੀਟ ਵਿਚ ਟੀਕਾ ਲਵਾਉਣ ਬਾਰੇ ਜਾਣਕਾਰੀ ਦਿੱਤੀ।

# ਅਮਰੀਕੀਆਂ ਨੂੰ ਅਗਲੇ ਹਫਤੇ 600 ਡਾਲਰ ਕੋਰੋਨਾ ਰਾਹਤ ਵਜੋਂ ਮਿਲਣੇ ਸ਼ੁਰੂ ਹੋਣਗੇ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਅਗਲੇ ਹਫਤੇ ਜਿਆਦਾਤਰ ਅਮਰੀਕੀਆਂ ਨੂੰ ਕੋਵਿਡ-19 ਰਾਹਤ ਵਜੋਂ 600 ਡਾਲਰ ਮਿਲਣੇ ਸ਼ੁਰੂ ਹੋ ਜਾਣਗੇ। ਸੰਘੀ ਸਰਕਾਰ ਵੱਲੋਂ ਵਿੱਤੀ ਬੋਝ ਘਟਾਉਣ ਲਈ ਦਿੱਤੀ ਜਾ ਰਹੀ ਇਹ ਰਾਹਤ ਕ੍ਰਿਸਮਿਸ ਦਾ ਤੋਹਫਾ ਸਮਝਿਆ ਜਾ ਰਿਹਾ ਹੈ। ਇਹ ਰਾਹਤ 900 ਅਰਬ ਡਾਲਰ ਦੇ ਕੋਵਿਡ ਰਾਹਤ ਪੈਕੇਜ਼ ਦਾ ਹਿੱਸਾ ਹੈ। ਇਸ ਤੋਂ ਪਹਿਲੇ ਕੋਵਿਡ ਰਾਹਤ ਪੈਕੇਜ਼ ਤਹਿਤ 1200 ਡਾਲਰ ਪ੍ਰਤੀ ਮਹੀਨਾ ਰਾਹਤ ਵਜੋਂ ਦਿੱਤੇ ਗਏ ਸਨ। ਖਜ਼ਾਨਾ ਸਕੱਤਰ ਸਟੀਵਨ ਮਨੂਚਿਨ ਨੇ ਕਿਹਾ ਹੈ ਕਿ 600 ਡਾਲਰ ਦੀ ਸਹਾਇਤਾ ਨਾਲ ਅਮਰੀਕੀ ਜਿਥੇ ਕੋਵਿਡ-19 ਕਾਰਨ ਹੋਏ ਵਿੱਤੀ ਨੁਕਸਾਨ ਦੀ ਭਰਪਾਈ ਕਰ ਸਕਣਗੇ ਉਥੇ ਅਰਥ ਵਿਵਸਥਾ ਨੂੰ ਵੀ ਉਭਰਨ ਵਿਚ ਮੱਦਦ ਮਿਲੇਗੀ। ਉਨਾਂ ਕਿਹਾ ਕਿ 'ਛੁੱਟੀਆਂ ਦੌਰਾਨ ਮਿਲ ਰਹੀ ਇਸ ਮੱਦਦ ਦੇ ਵੱਡੇ ਅਰਥ ਹਨ। ਲੋਕ ਘਰਾਂ ਤੋਂ ਬਾਹਰ ਜਾਣਗੇ ਤੇ ਖਰਚ ਕਰਨਗੇ ਜਿਸ ਨਾਲ ਛੋਟੇ ਕਾਰੋਬਾਰੀਆਂ ਨੂੰ ਲਾਭ ਪੁੱਜੇਗਾ ਤੇ ਉਹ ਆਪਣੇ ਕਾਮਿਆਂ ਨੂੰ ਵਾਪਿਸ ਕੰਮ ਉਪਰ ਸੱਦ ਸਕਦੇ ਹਨ।' ਇਸ ਰਾਹਤ ਤਹਿਤ ਜਿਨਾਂ ਪਰਿਵਾਰਾਂ ਵਿਚ ਬੱਚੇ ਹਨ ਉਨਾਂ ਨੂੰ ਪ੍ਰਤੀ ਬੱਚਾ 600 ਡਾਲਰ ਮਿਲਣਗੇ। ਇਹ ਰਾਹਤ ਉਨਾਂ ਪਰਿਵਾਰਾਂ ਨੂੰ ਨਹੀਂ ਮਿਲੇਗੀ ਜੋ 75,000 ਡਾਲਰ ਪ੍ਰਤੀ ਸਾਲ ਕਮਾਉਂਦੇ ਹਨ। ਇਹ ਰਾਹਤ ਸਿੱਧੀ ਲਾਭਪਾਤਰੀਆਂ ਦੇ ਖਾਤਿਆਂ ਵਿਚ ਜਮਾਂ ਹੋਵੇਗੀ।

## ਭਾਰਤੀ ਮੂਲ ਦੀ ਅਮਰੀਕਨ ਫਰਾਹ ਖਾਨ ਨੇ ਮੇਅਰ ਵਜੋਂ ਸਹੁੰ ਚੁੱਕੀ



**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਭਾਰਤੀ ਮੂਲ ਦੀ ਅਮਰੀਕਨ ਨਾਗਰਿਕ ਫਰਾਹ ਖਾਨ ਜੋ ਹਾਲ ਹੀ ਵਿਚ ਚੋਣ ਜਿੱਤੀ ਸੀ ਨੇ ਦੱਖਣੀ ਕੈਲੀਫੋਰਨੀਆ ਦੇ ਸ਼ਹਿਰ ਇਰਵਿਨ ਦੇ ਮੇਅਰ ਵਜੋਂ ਤੇ ਕੌਂਸਲ ਮੈਂਬਰ ਵਜੋਂ ਸਹੁੰ ਚੁੱਕੀ। ਸਿਟੀ ਕੌਂਸਲ ਵੱਲੋਂ ਜਾਰੀ ਪ੍ਰੈਸ ਰਿਲੀਜ਼ ਅਨੁਸਾਰ ਫਰਾਹ ਦੇ ਨਾਲ ਸਹੁੰ ਚੁੱਕਣ ਵਾਲੇ ਹੋਰ ਕੌਂਸਲ ਮੈਂਬਰਾਂ ਵਿਚ ਮਾਈਕ ਕੈਰਲ, ਟੈਮੀ ਕਿਮ ਤੇ ਲੈਰੀ ਐਗਰਨ ਸ਼ਾਮਿਲ ਹਨ। ਸਹੁੰ ਚੁੱਕਣ ਉਪਰੰਤ ਫਰਾਹ ਖਾਨ ਨੇ ਐਲਾਨ ਕੀਤਾ ਕਿ 2021 ਵਿਚ ਸਾਡਾ ਪਹਿਲਾ ਕੰਮ ਸਥਾਨਕ ਸਿਹਤ ਅਧਿਕਾਰੀਆਂ 'ਤੇ ਆਧਾਰਤ ਇਕ ਟਾਸਕ ਫੋਰਸ ਦਾ ਗਠਨ ਕਰਨਾ ਹੋਵੇਗਾ ਜੋ ਕੋਵਿਡ-19 ਸਬੰਧੀ ਸਿਟੀ ਕੌਂਸਲ ਦਾ ਮਾਰਗ ਦਰਸ਼ਨ ਕਰੇਗੀ ਤੇ ਸਲਾਹ ਦੇਵੇਗੀ। ਫਰਾਹ ਪਹਿਲੀ ਭਾਰਤੀ ਮੂਲ ਦੀ ਅਮਰੀਕਨ ਨਾਗਰਿਕ ਹੈ ਜੋ ਇਰਵਿਨ ਦੀ ਕੌਂਸਲ ਮੈਂਬਰ ਤੇ ਮੇਅਰ ਬਣੀ ਹੈ। ਸਹੁੰ ਚੁੱਕ ਸਮਾਗਮ ਉਪਰੰਤ ਕੌਂਸਲ ਦੀ ਹੋਈ ਮੀਟਿੰਗ ਵਿਚ ਟੈਮੀ ਕਿਮ ਨੂੰ ਉਪ ਮੇਅਰ ਚੁਣਿਆ ਗਿਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh   Manager: Pardeep Singh   Online Editor: Sukhwinder Singh   Asst. Editor: Balwinderpal Singh   Online Interview Host: Balraj Pannu
Designer: Balbir Singh   Content Composer: Amritpal Singh   US Distributor: Amritsar Times Inc   Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਕਿਸਾਨ ਮੋਰਚੇ ਵੱਲੋਂ ਕਾਂਗਰਸਮੈਨ ਜੋਹਨ ਗਰਮੰਡੀ ਦਾ ਧੰਨਵਾਦ

**ਡੇਵਿਸ/ਏ.ਟੀ.ਨਿਊਜ਼:** ਕਿਸਾਨਾਂ ਦੇ ਚੱਲ ਰਹੇ ਸੰਘਰਸ ਦੀ ਹਮਾਇਤ ਕਰਦਿਆਂ ਕਾਂਗਰਸਮੈਨ ਜੋਹਨ ਗਰਮੰਡੀ ਜੋ ਕਿ ਅਮੈਰਿਕਨ ਸਿੱਖ ਕਾਕਸ ਦੇ ਚੇਅਰ ਵੀ ਹਨ ਨੇ ਕੁੱਝ ਦਿਨ ਪਹਿਲਾਂ ਇੱਕ ਚਿੱਠੀ ਲਿੱਖਕੇ ਮਸਲੇ ਦਾ ਹੱਲ ਕੱਢਣ ਦੀ ਬੇਨਤੀ ਕੀਤੀ। ਉਹਨਾਂ ਨੇ ਭਾਰਤ ਦੇ ਅੰਬੈਸਡਰ ਤਰਨਜੀਤ ਸਿੰਘ ਸੰਧੂ ਨਾਲ ਗੱਲ-ਬਾਤ ਵੀ ਕੀਤੀ। ਇਸੇ ਤਰਾਂ ਅਮੈਰਿਕਨ ਸਿੱਖ ਕਾਕਸ ਦੇ ਯਤਨਾਂ ਸਦਕਾ ਹੋਰ ਵੀ ਕਈ ਕਾਂਗਰਸਮੈਨ ਨੇ ਵੀ ਭਾਰਤ ਨੂੰ ਚਿੱਠੀਆਂ ਲਿੱਖ ਕੇ ਕਿਸਾਨਾਂ ਦੇ ਮਸਲੇ ਨੂੰ ਹੱਲ ਕਰਣ ਨੂੰ ਕਿਹਾ। ਅਮੈਰਿਕਨ ਸਿੱਖ ਕਾਕਸ ਕਮੇਟੀ ਦੇ ਡਾਇਰੈਕਟਰ ਭਾਈ ਹਰਪ੍ਰੀਤ ਸਿੰਘ ਨੇ ਇਹਨਾਂ ਦਾ ਧੰਨਵਾਦ ਕਰਦੇ ਹੋਏ ਨਾਲ ਹੀ ਅਮਰੀਕਨ ਰਾਜਨੀਤੀ ਵਿੱਚ ਨੁਮਾਇੰਦਗੀ ਕਰ ਰਹੇ ਸਿੱਖਾਂ ਦੀ ਵੀ ਪ੍ਰਸੰਸਾ ਕੀਤੀ ਜਿਨਾਂ ਨੇ ਕਾਂਗਰਸਮੈਨ ਜੋਹਨ ਗਰਮੰਡੀ ਦੇ ਦਫਤਰ ਆ ਕੇ ਅਤੇ ਕਿਸਾਨ ਸੰਘਰਸ ਦੀ ਹਮਾਇਤ ਕਰਕੇ ਆਪਣਾ ਫਰਜ ਨਿਭਾਇਆ। ਸਿੰਭੂ ਬਾਰਡਰ ਤੋਂ ਸੰਯੁਕਤ ਕਿਸਾਨ ਮੋਰਚੇ ਅਤੇ ਅਮਰੀਕਾ ਦੀ ਸਿਆਸਤ ਵਿੱਚ ਚੁਣੇ ਹੋਏ ਸਿੱਖਾਂ ਨੇ ਅੱਜ ਇਕੱਠੇ ਹੋ ਕੇ ਕਾਂਗਰਸਮੈਨ ਜੋਹਨ ਗਰਮੰਡੀ ਦਾ ਧੰਨਵਾਦ ਕੀਤਾ। ਇੱਥੇ ਇਹ ਵਰਨਣਯੋਗ ਹੈ ਕਿ ਅਮਰੀਕਾ ਕਾਰਪੋਰੇਟ ਪੱਖੀ ਮੁੱਲਕ ਹੈ ਅਤੇ ਭਾਰਤ ਨਾਲ ਬਹੁਤ ਨੇੜੇ ਦੇ ਸੰਬੰਧ ਹਨ। ਅਮਰੀਕਾ ਦੀਆਂ ਵੱਡੀਆਂ ਤਕਰੀਬਨ ਸਾਰੀਆਂ ਕੰਪਨੀਆਂ ਨੇ ਭਾਰਤ ਵਿੱਚ ਨਿਵੇਸ ਕੀਤਾ ਹੋਇਆ ਹੈ। ਅਜਿਹੇ ਹਾਲਤਾਂ ਵਿੱਚ ਇੱਥੋਂ ਦੇ ਰਾਜਨੀਤਿਕ ਲੀਡਰਾਂ ਦਾ ਕਿਸਾਨ ਸੰਘਰਸ ਦੀ ਹਮਾਇਤ ਕਰਨਾ ਸਲਾਘਾਯੋਗ ਕੰਮ ਹੈ। ਡਾਕਟਰ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਬੜੇ ਅਫਸੋਸ ਦੀ ਗੱਲ ਹੈ ਕਿ ਸਿੱਖ ਇਨਫਰਮੇਸਨ ਸੈਂਟਰ ਨੇ ਕਾਂਗਰਸ ਜੋਹਨ ਗਰਮੰਡੀ ਦੇ ਦਫਤਰ ਅੱਗੇ ਜਾ ਕੇ ਮਜਾਹਰਾ ਕਰ ਦਿੱਤਾ ਕਿ ਉਸਨੇ ਚਿੱਠੀ ਲੀਕ ਨਹੀਂ ਲਿਖੀ ਤੇ ਉਹ ਮੁਆਫੀਨੁਮਾ ਹੈ ਤੇ ਕਾਂਗਰਸਮੈਨ ਗਰਮੰਡੀ ਦੋਗਲਾ ਹੈ। ਚੰਗਾ ਹੁੰਦਾ ਸਿੱਖ ਇਨਫਰਮੇਸਨ ਸੈਂਟਰ ਹੋਰ ਕਾਂਗਰਸਮੈਨਾਂ ਤੋਂ ਆਪ ਦੇ ਤੌਰ ਤੇ ਚਿੱਠੀਆਂ ਲਖਵਾ ਲੈਂਦੇ ਜਾਂ ਇਹ ਕੰਮ ਹੁਣ ਵੀ ਕਰ ਲੈਣ। ਇਸ ਸੰਘਰਸ ਵਿੱਚ ਸਾਰੇ ਲੋਕਾਂ ਨੇ ਆਪਣੇ ਵਿਵਾਦ ਜਾਂ ਝਗੜੇ ਪਾਸੇ ਰੱਖਕੇ ਇੱਕਮੁੱਠ ਹੋ ਕੇ ਕਿਸਾਨੀ ਸੰਘਰਸ ਦੀ ਹਮਾਇਤ ਤੇ ਲੱਗੇ ਹੋਏ ਹਨ।













## Sanyuqat Kissan Morcha

141-Village Khanwal, P.O. Sarangdev, Teh. Ajnala, Distt. Amritsar
M: 7589000547, 9877040710

Ref No. 13/2020/12 Date: 13.12.20

We the representatives of the farmers movement want to thank the US Members of Congress John Garamendi , Jim Costa and Sheila Jackson Lee and T J COX to take up the matter with the Indian Government on behalf of the American Sikh Diaspora and American Sikh Congressional Caucus. We are also grateful to United Nations secretary General Antonio Guterres for his support to our peaceful protest. Our heartfelt thanks to International Human Rights expert and UN advisor Dr Iqtidar Cheema who has raised our voice on many international forums. We also want to thank Dr Daljit Singh an eminent jurist, American Sikh Caucus Committe, American Gurdwara Parbandhak Committee and all other international organisations who are supporting our cause.

## American Sikh Caucus Committee

800 3rd St SW, Washington DC 20024
Tel: (202) 780–SIKH (7454)
Email: info@sikhcaucus.org

December 21, 2020

***FOR IMMEDIATE RELEASE***

***AMERICAN SIKH ELECTED OFFICIALS TO HOLD A PRESS CONFERENCE ON INDIA'S SUPPRESSION OF FARMERS RIGHTS***

*On December 22nd 2020 at 11.00 a.m PST*
*Location, outside Rep. Garamendi office, 412 G St Davis Ca 95616*

American Sikh elected officials of California will hold a press conference to advise the Indian Government to abide by its Constitution under the 'Fundamental rights'. *These* include individual rights common to most, such as equality before the law, freedom of speech and freedom of expression, religious and cultural freedom, Freedom of assembly (peaceful assembly), freedom of religion (freedom to practice religion), right to constitutional remedies. These rights are being denied to farmers who are holding a protest for the livelihood and survival of their families.

Currently the farmers of Punjab and Haryana are protesting the passage of agricultural reform bill. They have led a peaceful protest march towards New Delhi and the Indian government have used water cannons, tear gas, road barricades, baton attacks, and more. Currently this protest has grown from 250,000 to 300,000 farmer from across India. There are elderly men, women and children who are sleeping on the roads, and the region is under a severe cold front not seen in decades.

American Sikh Caucus Committee and the American Sikh elected officials of California thank all the American Sikh Congressional Caucus members who have written letters to the Indian government. We especially thank Co-Chair, Rep. John Garamendi (Ca 3rd Dist), Rep. Jim Costa (Ca 16th Dist) and Rep. Sheila Jackson Lee (Tx 18th Dist) for writing a strongly worded letter to the Indian Ambassador to the United States in Washington DC. Rep. Garamendi writes "We have been distressed this year to see actions by the Indian government that have restricted these rights for many Indians; not only for farmers, but also for religious minorities, and human rights organization"

We the following American Sikh elected officials of California strongly urge the Indian government to stop these inhumane provocation on the farmers and their families and withdraw the agricultural reform bill.

Supervisor, Karam S. Bains
Sutter County District 4th

Supervisor, Mani S. Grewal,
Stanislaus County, District 4th

Mayor, Bobbie Allen-Singh.
City of Elk Grove

Mayor, Sunny S. Dhaliwal
City of Lathrop

## American Sikh Caucus Committee

800 3rd St SW, Washington DC 20024
Tel: (202) 780–SIKH (7454)
Email: info@sikhcaucus.org

December 21, 2020

Vice Mayor, Paul S. Sandhu.
City of Galt

Councilmember, Raj S. Chahal
City of Santa Clara

Councilmember, Gary Singh.
City of Manteca

Councilmember, Bill S. Nijjer
City of Kerman

Councilmember, Mikey S. Hothi
City of Lodi

Board of Trustee, Narinder S. Sahota
Selma Unified School District

Board of Trustee, Jag S. Bains
Natomas Unified School District

Board of Director, Harry S. Dhillon
Mountain House Community Service Dist

Advisor, Gurjatinder S Randhawa
LAAC Committee, Secratary of State Ca

Fmr Mayor, Kashmir S. Gill
City of Yuba City

Fmr Councilmember, Raj S. Dhaliwal
City of Kerman

Fmr Councilmember, Tej S. Mann
City of Yuba City

Fmr Councilmember, Harpreet S Sandhu
City of Richmond

All attendees must wear a mask and adhere to social distancing.

For any additional information, contact

Harpreet S. Sandhu
info@sikhcaucus.org
510-504-3374

###

# ਜੋਅ ਬਾਇਡੇਨ ਵੱਲੋਂ ਸਹੁੰ ਚੁੱਕਣ ਦੇ ਰਾਹ ਵਿਚ ਕੇਵਲ ਇਕ ਰੁਕਾਵਟ ਬਚੀ

## ✪ ਕਾਂਗਰਸ ਦੇ ਸਾਂਝੇ ਇਜਲਾਸ ਵਿਚ 6 ਜਨਵਰੀ ਨੂੰ ਇਲੈਕਟਰੋਲ ਵੋਟਾਂ ਦੀ ਪੁਸ਼ਟੀ ਹੋਣੀ ਜਰੂਰੀ ✪ ਕੁਝ ਰਿਪਬਲੀਕਨਾਂ ਨੇ ਵਿਰੋਧ ਕਰਨ ਦਾ ਕੀਤਾ ਐਲਾਨ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਦੀ ਚੋਣ ਜਿੱਤੇ ਜੋਏ ਬਾਇਡੇਨ ਦੇ ਰਾਹ ਵਿਚ ਕੇਵਲ ਇਕ ਰੁਕਾਵਟ ਬਚੀ ਹੈ, ਉਹ ਹੈ ਕਾਂਗਰਸ ਵੱਲੋਂ ਸਾਂਝੇ ਇਜਲਾਸ ਵਿਚ ਦੋਨਾਂ ਉਮੀਦਵਾਰਾਂ ਨੂੰ ਮਿਲੀਆਂ ਵੋਟਾਂ ਦੀ ਗਿਣਤੀ ਕਰਨਾ। ਇਸ ਮਕਸਦ ਲਈ ਕਾਂਗਰਸ ਦਾ ਇਜਲਾਸ 6 ਜਨਵਰੀ ਨੂੰ ਬੁਲਾਇਆ ਗਿਆ ਹੈ। ਸੈਨੇਟ ਲਈ ਚੁਣੇ ਗਏ ਰਿਪਬਲੀਕਨ ਆਗੂ ਟੌਮੀ ਟੁਬਰਵਿਲੇ ਸਮੇਤ ਕੁਝ ਹੋਰ ਸੈਨਟ ਮੈਂਬਰਾਂ ਨੇ ਸਾਂਝੇ ਇਜਲਾਸ ਵਿਚ ਵੋਟਾਂ ਦੀ ਗਿਣਤੀ ਨੂੰ ਚੁਣੌਤੀ ਦੇਣ ਦਾ ਐਲਾਨ ਕੀਤਾ ਹੈ ਜਦ ਕਿ ਕੁਝ ਹੋਰ ਰਿਪਬਲੀਕਨਾਂ ਨੇ ਚੁੱਪ ਧਾਰ ਲਈ ਹੈ। ਰਾਜਾਂ ਵੱਲੋਂ ਜੋਏ ਬਾਇਡੇਨ ਨੂੰ ਮਿਲੀਆਂ 306 ਇਲੈਕਟਰੋਲ ਵੋਟਾਂ ਦੀ ਪੁਸ਼ਟੀ ਕਰਨ ਤੋਂ ਬਾਅਦ ਰਿਪਬਲੀਕਨਾਂ ਕੋਲ ਹਾਰ ਨੂੰ ਸਵੀਕਾਰ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ



ਨਹੀਂ ਬਚਿਆ ਹੈ ਪਰ ਇਸ ਦੇ ਬਾਵਜੂਦ ਉਹ ਆਖ਼ਿਰ ਤੱਕ ਬਾਇਡੇਨ ਦਾ ਵਿਰੋਧ ਕਰਨ ਦੀ ਨੀਤੀ ਉੱਪਰ ਚੱਲ ਰਹੇ ਹਨ। ਆਲਟ ਤੋਂ ਸੈਨੇਟ ਲਈ ਚੁਣੇ ਗਏ ਰਿਪਬਲੀਕਨ ਆਗੂ ਟੌਮੀ ਨੇ ਕਿਹਾ ਹੈ ਕਿ ਉਹ ਸੈਨੇਟ ਵਿਚ ਬਾਇਡੇਨ ਨੂੰ ਮਿਲੇ ਇਲੈਕਟਰੋਲ ਵੋਟਾਂ ਨੂੰ ਚੁਣੌਤੀ ਦੇਣਗੇ ਤੇ ਗਿਣਤੀ ਦਾ ਵਿਰੋਧ ਕਰਨਗੇ। ਜੇਕਰ 6 ਜਨਵਰੀ ਨੂੰ ਕਾਂਗਰਸ ਇਲੈਕਟੋਰਲ ਵੋਟਾਂ ਦੀ ਪੁਸ਼ਟੀ ਕਰ ਦਿੰਦੀ ਹੈ ਤਾਂ 20 ਜਨਵਰੀ, 2020 ਨੂੰ ਜੋਅ ਬਾਇਡੇਨ ਤੇ ਕਮਲਾ ਹੈਰਿਸ ਲਈ ਸਹੁੰ ਚੁੱਕਣ ਦਾ ਰਾਹ ਸਾਫ਼ ਹੋ ਜਾਵੇਗਾ। ਸਦਨ ਵਿਚ ਰਿਪਬਲੀਕਨ ਆਗੂ ਮੋ ਬਰੂਕਸ, ਬਾਇਡੇਨ ਦੀ ਜਿੱਤ ਨੂੰ ਰੱਦ ਕਰਨ ਦੀ ਮੁਹਿੰਮ ਦੀ ਅਗਵਾਈ ਕਰ ਰਹੇ ਹਨ। ਉਨਾਂ ਕਿਹਾ ਕਿ ਉਹ ਜਾਰਜੀਆ ਤੇ ਪੈਨਸਿਲਵੇਨੀਆ ਵਰਗੇ ਰਾਜਾਂ ਜਿੱਥੇ ਚੋਣ ਪ੍ਰਣਾਲੀ ਨੁਕਸਦਾਰ ਰਹੀ ਹੈ, ਦੀਆਂ ਇਲੈਕਟਰੋਲ ਵੋਟਾਂ ਦੀ ਪੁਸ਼ਟੀ ਨੂੰ ਰੱਦ ਕਰਵਾਉਣਾ ਚਾਹੁੰਦੇ ਹਨ। ਇੱਥੇ ਵਰਨਣਯੋਗ ਹੈ ਕਿ 6 ਜਨਵਰੀ ਨੂੰ ਕੋਈ ਵੀ ਇਤਰਾਜ਼ ਕਰਨ ਲਈ ਸਦਨ ਤੇ ਸੈਨੇਟ ਦੇ ਇਕ- ਇਕ ਮੈਂਬਰ ਦਾ ਸਮਰਥਨ ਜਰੂਰੀ ਹੈ। ਜੇਕਰ ਕੋਈ ਝਗੜਾ ਪੈਦਾ ਹੁੰਦਾ ਹੈ ਤਾਂ ਦੋਵੇਂ ਸਦਨ ਵੱਖਰੇ ਤੌਰ 'ਤੇ ਵੋਟਾਂ ਪਾ ਕੇ ਉਸ ਦਾ ਹੱਲ ਕੱਢਣਗੇ।

## ਸਹੁੰ ਚੁੱਕਣ ਉਪਰੰਤ 100 ਦਿਨਾਂ ਵਿਚ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਸੁਧਾਰ ਲਈ ਕਦਮ ਚੁੱਕੇ ਜਾਣਗੇ: ਕਮਲਾ ਹੈਰਿਸ



**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਉਪ ਰਾਸ਼ਟਰਪਤੀ ਚੁਣੀ ਗਈ ਕਮਲਾ ਹੈਰਿਸ ਨੇ ਪ੍ਰਣ ਕੀਤਾ ਹੈ ਕਿ ਸਹੁੰ ਚੁੱਕਣ ਤੋਂ ਬਾਅਦ 100 ਦਿਨਾਂ ਵਿਚ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਸੁਧਾਰ ਲਈ ਕਦਮ ਚੁੱਕੇ ਜਾਣਗੇ। 'ਨੈਸ਼ਨਲ ਇਮੀਗ੍ਰੇਸ਼ਨ ਇੰਟੈਗਰੇਸ਼ਨ ਕਾਨਫੰਰਸ' ਵਿਚ ਆਪਣੇ ਸੰਖੇਪ ਭਾਸ਼ਣ ਵਿਚ ਉਨਾਂ ਕਿਹਾ ਕਿ ਨਵਾਂ ਜੋਅ ਬਾਇਡਨ-ਕਮਲਾ ਹੈਰਿਸ ਪ੍ਰਸ਼ਾਸਨ 100 ਦਿਨਾਂ ਵਿਚ ਕਾਂਗਰਸ ਨੂੰ ਇਕ ਬਿੱਲ ਭੇਜੇਗਾ ਜਿਸ ਵਿਚ ਬੱਚਿਆਂ ਦੇ ਅਮਰੀਕਾ ਆਉਣ ਸਬੰਧੀ ਪ੍ਰੋਗਰਾਮ ਨੂੰ ਬਹਾਲ ਕਰਨ ਤੇ ਮੁਸਲਮਾਨਾਂ ਵਿਰੁੱਧ ਪਾਬੰਦੀ ਨੂੰ ਖ਼ਤਮ ਕਰਨ ਦੀ ਵਿਵਸਥਾ ਹੋਵੇਗੀ। ਉਨਾਂ ਨੇ ਕਾਨੂੰਨੀ ਤੇ ਗੈਰ-ਦਸਤਾਵੇਜੀ ਪ੍ਰਵਾਸੀਆਂ ਵਿਰੁੱਧ ਸਖ਼ਤ ਪਹੁੰਚ ਅਪਣਾਉਣ ਲਈ ਟਰੰਪ ਪ੍ਰਸ਼ਾਸਨ ਦੀ ਸਖ਼ਤ ਅਲੋਚਨਾ ਕੀਤੀ। ਉਨਾਂ ਕਿਹਾ 'ਪਿਛਲੇ 4 ਸਾਲ ਦਾ ਸਮਾਂ ਲੋਕਾਂ ਲਈ ਬਹੁਤ ਮੁਸ਼ਕਿਲਾਂ ਭਰਿਆ ਰਿਹਾ ਹੈ। ਬੱਚਿਆਂ ਨੂੰ ਉਨਾਂ ਦੀਆਂ ਮਾਂਵਾਂ ਤੇ ਪਰਿਵਾਰਾਂ ਤੋਂ ਵੱਖ ਕਰ ਦਿੱਤਾ ਗਿਆ।' ਕਮਲਾ ਹੈਰਿਸ ਨੇ ਕਿਹਾ ਕਿ ਜੋ ਪਰਵਾਸੀ ਪਿਛਲੇ ਲੰਬੇ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਹਨ, ਨੂੰ ਵੀ ਨਹੀਂ ਬਖਸ਼ਿਆ ਗਿਆ। ਉਨਾਂ ਕਿਹਾ ਜਦੋਂ ਕੋਵਿਡ-19 ਨੇ ਅਮਰੀਕਾ ਨੂੰ ਸ਼ਿਕਾਰ ਬਣਾਉਣਾ ਸ਼ੁਰੂ ਕੀਤਾ ਤਾਂ ਏਸ਼ੀਅਨ ਅਮਰੀਕਨਾਂ ਵਿਰੁੱਧ ਨਫ਼ਰਤੀ ਅਪਰਾਧ ਵਿਚ ਵਾਧਾ ਹੋਇਆ ਜਿਸ ਵਿਚ ਟਰੰਪ ਨੇ ਖ਼ੁਦ ਬਲਦੀ ਉੱਪਰ ਤੇਲ ਪਾਉਣ ਦਾ ਕੰਮ ਕੀਤਾ। ਟਰੰਪ ਨੇ ਇਸ ਨੂੰ 'ਚਾਈਨਾ ਵਾਇਰਸ' ਤੇ 'ਕੁੰਗ ਫਲੂ' ਦਾ ਨਾਂ ਦਿੱਤਾ। ਉਨਾਂ ਸਪੱਸ਼ਟ ਕੀਤਾ ਕਿ ਸਮੁੱਚੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਸੁਧਾਰਿਆ ਜਾਵੇਗਾ।

## ਅਮਰੀਕਾ ਦੀ ਮਿਲਟਰੀ ਅਕੈਡਮੀ ਵਿਚ 70 ਤੋਂ ਵਧ ਕੈਡੇਟ ਗਣਿਤ ਦੇ ਇਮਤਿਹਾਨ ਵਿਚ ਨਕਲ ਕਰਨ ਦੇ ਦੋਸ਼ੀ ਪਾਏ ਗਏ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਵੈਸਟ ਪੋਆਇੰਟ ਵਿਖੇ ਇਕ ਅਮਰੀਕੀ ਮਿਲਟਰੀ ਅਕੈਡਮੀ ਵਿਚ 70 ਤੋਂ ਵੱਧ ਕੈਡੇਟ ਗਣਿਤ ਦੇ ਪੇਪਰ ਵਿਚ ਨਕਲ ਕਰਨ ਦੇ ਦੋਸ਼ੀ ਪਾਏ ਗਏ ਹਨ। ਪਿਛਲੇ 45 ਸਾਲ ਦੇ ਵਧ ਸਮੇਂ ਬਾਅਦ ਹੋਈ ਏਡੀ ਵੱਡੀ ਪੱਧਰ ਉਪਰ ਨਕਲ ਨੂੰ ਸਭ ਤੋਂ ਵੱਡਾ ਅਕੈਡਮਿਕ ਘੁਟਾਲਾ ਦਸਿਆ ਜਾ ਰਿਹਾ ਹੈ। 58 ਕੈਡੇਟ ਨੇ ਪੇਪਰ ਵਿਚ ਨਕਲ ਮਾਰਨ ਦਾ ਦੋਸ਼ ਸਵੀਕਾਰ ਕਰ ਲਿਆ ਹੈ ਜਿਨਾਂ ਵਿਚੋਂ ਜ਼ਿਆਦਾਤਰ ਨੂੰ ਪੁਨਰ ਸੁਧਾਰ ਪ੍ਰੋਗਰਾਮ ਵਿਚ ਦਾਖਲ ਕੀਤਾ ਗਿਆ ਹੈ ਤੇ ਉਹ ਹੁਣ ਅਕੈਡਮੀ ਵਿਚ ਆਪਣੇ ਰਹਿੰਦੇ ਸਮੇਂ ਲਈ ਪ੍ਰੋਬੇਸ਼ਨ 'ਤੇ ਰਹਿਣਗੇ। ਬਾਕੀਆਂ ਵਿਚੋਂ ਕਈਆਂ ਨੇ ਅਸਤੀਫਾ ਦੇ ਦਿੱਤਾ ਹੈ ਤੇ ਕੁੱਝ ਵਿਰੁੱਧ ਸੁਣਵਾਈ ਚੱਲ ਰਹੀ ਹੈ ਤੇ ਉਨਾਂ ਨੂੰ ਅਕੈਡਮੀ ਵਿਚੋਂ ਕੱਢਿਆ ਜਾ ਸਕਦਾ ਹੈ। ਇਸ ਘੁਟਾਲੇ ਨਾਲ ਅਕੈਡਮੀ ਦੇ ਅਕਸ ਨੂੰ ਧੱਬਾ ਲੱਗਾ ਹੈ ਹਾਲਾਂ ਕਿ ਉਸ ਨੇ ਨੈਤਿਕਤਾ ਵਿਖਾਉਂਦਿਆਂ ਖੁਦ ਹੀ ਇਸ ਦਾ ਪਰਦਾਫਾਸ਼ ਕੀਤਾ ਹੈ।

ਵੈਸਟ ਪੋਆਇੰਟ ਦੇ ਲਾਅ ਦੇ ਪ੍ਰੋਫੈਸਰ ਟਿਮ ਬਾਕਨ ਨੇ ਇਸ ਘੁਟਾਲੇ ਨੂੰ ਕੌਮੀ ਸੁਰੱਖਿਆ ਦਾ ਮੁੱਦਾ ਕਰਾਰ ਦਿੱਤਾ ਹੈ ਕਿਉਂਕਿ ਵੈਸਟ ਪੁਆਇੰਟ ਦੇ ਕੈਡੇਟਸ ਸੀਨੀਅਰ ਆਗੂ ਹੁੰਦੇ ਹਨ ਤੇ ਰਾਸ਼ਟਰ ਉਨਾਂ ਉਪਰ ਨਿਰਭਰ ਕਰਦਾ ਹੈ। ਉਨਾਂ ਕਿਹਾ ਕਿ 'ਇਸ ਮਾਮਲੇ ਵਿਚ ਮੁਆਫੀ ਦੀ ਕੋਈ ਗੁੰਜਾਇਸ਼ ਨਹੀਂ ਹੈ ਕਿਉਂਕਿ ਕੈਡੇਟਸ ਲਈ ਮੌਲਿਕ ਕੋਡ ਇਹ ਹੈ ਕਿ ਉਹ ਝੂਠ ਨਹੀਂ ਬੋਲਣਗੇ, ਧੋਖਾ ਜਾਂ ਚੋਰੀ ਨਹੀਂ ਕਰਨਗੇ। ਇਸ ਲਈ ਜੇਕਰ ਅਸੀਂ ਅਕੈਡਮੀ ਵਿਚ ਹੋਈ ਇਸ ਬੇਈਮਾਨੀ ਨੂੰ ਘਟਾ ਕੇ ਵੇਖਾਂਗੇ ਤਾਂ ਇਸ ਦਾ ਸਮੁੱਚੀ ਫੌਜ ਉਪਰ ਅਸਰ ਪਵੇਗਾ।' ਇਸੇ ਦੌਰਾਨ ਫੌਜ ਦੇ ਸਕੱਤਰ ਰਿਆਨ ਮੈਕਰਥੀ ਨੇ ਕਿਹਾ ਹੈ ਕਿ ਵੈਸਟ ਪੁਆਇੰਟ ਵਿਚ ਅਨੁਸ਼ਾਸ਼ਨ ਪ੍ਰਣਾਲੀ ਪ੍ਰਭਾਵਸ਼ਾਲੀ ਹੈ ਤੇ ਆਸ ਹੈ ਕਿ ਕੈਡੇਟਸ ਨੂੰ ਕੋਡ ਤੋੜਨ ਲਈ ਜਿੰਮੇਵਾਰ ਠਹਿਰਾਇਆ ਜਾਵੇਗਾ ਤੇ ਸਜ਼ਾ ਦਿੱਤੀ ਜਾਵੇਗੀ।

## ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਘਿਰੀ ਪੰਜਾਬ ਭਾਜਪਾ ਜਵਾਬ ਮਿਲਿਆ 'ਭਾਪਾ ਥੋਡਾ ਤਾਂ ਸਿੰਘੂ ਬੈਠਾ' !

**ਸਿੰਘੂ ਬਾਰਡਰ/ਏ.ਟੀ.ਨਿਊਜ਼:** ਭਾਰਤੀ ਜਨਤਾ ਪਾਰਟੀ ਦੇ ਅੱਜ ਕੱਲ ਮਾੜੇ ਦਿਨ ਚੱਲ ਰਹੇ ਹਨ। ਭਾਜਪਾ ਦੀ ਪੰਜਾਬ ਇਕਾਈ ਨੇ ਸੋਮਵਾਰ ਨੂੰ ਇੱਕ ਇਸ਼ਤਿਹਾਰ ਜਾਰੀ ਕੀਤਾ। ਇਸ ਇਸ਼ਤਿਹਾਰ ਵਿਚ ਘੱਟੋ ਘੱਟ ਸਮਰਥਨ ਮੁੱਲ ਉਪਰ ਸਾਉਣੀ ਦੀਆਂ ਫਸਲਾਂ ਦੀ ਹੋ ਰਹੀ ਖਰੀਦਦਾਰੀ ਦਾ ਜ਼ਿਕਰ ਕਰਦੇ ਹੋਏ ਇਸ ਸਾਲ ਕੀਤੀ ਗਈ ਖਰੀਦ ਦੇ ਅੰਕੜੇ ਦਿੱਤੇ ਹਨ। ਪੋਸਟ 'ਚ ਬੀਜੇਪੀ ਨੇ ਲਿਖਿਆ ਹੈ ਕਿ 'ਇਸ ਸਾਉਣੀ ਦੇ ਸੀਜ਼ਨ 'ਚ ਐਮਐਸਪੀ ਤੇ ਫ਼ਸਲਾਂ ਦੀ ਖ਼ਰੀਦ ਜਾਰੀ ਹੈ। ਸਰਕਾਰੀ ਏਜੰਸੀਆਂ ਨੇ ਹੁਣ ਤੱਕ 77,957.83 ਕਰੋੜ ਰੁਪਏ ਦਾ ਝੋਨਾ ਐਮਐਸਪੀ ਦੀ ਕੀਮਤ 'ਤੇ ਖ਼ਰੀਦਿਆ ਹੈ। ਖ਼ਰੀਦ ਦਾ 49% ਹਿੱਸਾ ਇਕੱਲੇ ਪੰਜਾਬ ਤੋਂ ਹੈ ਪਰ ਕੁਝ ਤਾਕਤਾਂ ਕਿਸਾਨਾਂ ਨੂੰ ਗੁੰਮਰਾਹ ਕਰ ਰਹੀਆਂ ਹਨ ਤੇ ਆਪਣਾ ਏਜੰਡਾ ਚਲਾ ਰਹੀਆਂ ਹਨ।'

ਇਸ਼ਤਿਹਾਰ ਦਾ ਹੈਡਿੰਗ ਹੈ 'ਖੁਸ਼ਹਾਲ ਕਿਸਾਨ, ਖੁਸ਼ਹਾਲ ਦੇਸ਼।' ਇਸ ਵਿਚ ਇਕ ਸਿੱਖ ਕਿਸਾਨ ਦੀ ਤਸਵੀਰ ਵੀ ਹੈ। ਕਿਸਾਨ ਇਸ਼ਤਿਹਾਰ ਵਿਚ ਖਿੜ ਖਿੜਾ ਕੇ ਹੱਸ ਰਿਹਾ ਹੈ।

ਇਸ ਰਾਹੀਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕਿਸਾਨ ਐਮਐਸਪੀ 'ਤੇ ਖਰੀਦਦਾਰੀ ਤੋਂ ਖੁਸ਼ ਹਨ। ਇਹ ਫੋਟੋ ਫਿਲਮ ਅਦਾਕਾਰ ਅਤੇ ਨਿਰਦੇਸ਼ਕ ਪੰਜਾਬ ਨਿਵਾਸੀ ਹਰਪ੍ਰੀਤ ਸਿੰਘ ਦੀ ਹੈ, ਜੋ ਪਿਛਲੇ 15 ਦਿਨਾਂ ਤੋਂ




ਸਿੰਘੂ ਸਰਹੱਦ 'ਤੇ ਕਿਸਾਨੀ ਮੋਰਚੇ ਦੇ ਹੱਕ ਵਿਚ ਪਹੁੰਚ ਰਿਹਾ ਹੈ। ਉਹ ਕਿਸਾਨਾਂ ਦਾ ਸਮਰਥਨ ਕਰ ਰਹੇ ਹਨ। ਉਹ ਖ਼ੁਦ ਇੱਕ ਕਿਸਾਨ ਹੈ। ਹਰਪ੍ਰੀਤ ਨੇ ਭਾਜਪਾ ਉਪਰ ਸਖਤ ਕਿੰਤੂ ਕੀਤਾ ਹੈ ਤੇ ਕਿਹਾ ਕਿ ਉਸਦੀ ਇਜਾਜ਼ਤ ਤੋਂ ਬਿਨਾਂ ਉਸ ਦੀ ਤਸਵੀਰ ਆਪਣੇ ਇਸ਼ਤਿਹਾਰ ਉਪਰ ਕਿਵੇਂ ਛਾਪੀ ਗਈ । ਜਦਕਿ ਉਹ ਕਿਸਾਨੀ ਮੋਰਚੇ ਦੇ ਹੱਕ ਵਿਚ ਹੈ ਤੇ ਭਾਜਪਾ ਦੀਆਂ ਕਿਸਾਨ ਵਿਰੋਧੀ ਨੀਤੀਆਂ ਦਾ ਵਿਰੋਧ ਕਰਦਾ ਹੈ। ਭਾਜਪਾ ਦੀ ਇਹ ਕਾਰਵਾਈ ਘਿਨਾਉਣੀ ਹੈ। ਉਸ ਦਾ ਕਹਿਣਾ ਹੈ, ਇਸ ਲਈ ਭਾਜਪਾ ਨੂੰ ਕਾਨੂੰਨੀ ਨੋਟਿਸ ਭੇਜਣ ਦੀ ਮੈਂ ਤਿਆਰੀ ਵੀ ਕਰ ਲਈ ਹੈ। ਭਾਜਪਾ ਨੇ ਬਿਨਾਂ ਆਗਿਆ ਮੇਰੀ ਤਸਵੀਰ ਦੀ ਵਰਤੋਂ ਕੀਤੀ ਹੈ।

ਪੰਜਾਬ ਦੇ ਜ਼ਿਲਾ ਹੁਸ਼ਿਆਰਪੁਰ ਦਾ 37 ਸਾਲਾ ਹਰਪ੍ਰੀਤ ਸਿੰਘ ਪੰਜਾਬੀ ਫਿਲਮਾਂ ਦਾ ਅਦਾਕਾਰ ਅਤੇ ਨਿਰਦੇਸ਼ਕ ਹੈ। ਭਾਜਪਾ ਬਿਨਾਂ ਇਜਾਜ਼ਤ ਦੇ ਉਸਦੀ ਫੋਟੋ ਦੀ ਵਰਤੋਂ ਆਪਣੇ ਇਸ਼ਤਿਹਾਰ ਵਿਚ ਵਰਤ ਰਹੀ ਹੈ। ਇਸ ਸਬੰਧੀ ਹਰਪ੍ਰੀਤ ਸਿੰਘ ਨੇ ਆਪਣਾ ਗੁੱਸਾ ਜ਼ਾਹਰ ਕਰਦਿਆਂ ਕਿਹਾ, 'ਇਹ ਬੇਸ਼ਰਮੀ ਦੀ ਹੱਦ ਹੈ।' ਉਨਾਂ ਭਾਜਪਾ ਨੂੰ ਲਾਹਨਤਾਂ ਪਾਉਂਦੇ ਹੋਏ ਕਿਹਾ ਕਿ ਬੰਦੇ ਬਣੋ ਤੇ ਚੱਜ ਦੇ ਕੰਮ ਕਰੋ, 'ਭਾਪਾ ਥੋਡਾ ਤਾਂ ਸਿੰਘੂ ਬੈਠਾ'!

ਇਸ ਬਾਰੇ ਪੰਜਾਬ ਭਾਜਪਾ ਦੇ ਕਈ ਆਗੂਆਂ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਪਰ ਕਿਸੇ ਨੇ ਜੁਆਬ ਨਹੀਂ ਦਿੱਤਾ। ਹਾਲਾਂਕਿ , ਉਦੋਂ ਤੱਕ ਇਸ਼ਤਿਹਾਰ ਬੀਜੇਪੀ ਪੰਜਾਬ ਫੇਸਬੁੱਕ ਤੋਂ ਹਟਾ ਦਿੱਤਾ ਗਿਆ ਸੀ।

## ਵਟਕਾਮ ਕਾਉਂਟੀ ਦੇ ਨੌਜਵਾਨਾਂ ਵਲੋਂ ਕਿਸਾਨਾਂ ਦੇ ਹੱਕ ਵਿਚ ਰੋਸ ਮੁਜ਼ਾਹਰਾ



*ਵਟਕਾਮ ਕਾਉਂਟੀ ਦੇ ਨੌਜਵਾਨ ਬੈਲਗਹਿੰਮ ਵਿਚ ਕਿਸਾਨ ਵਿਰੋਧ ਬਿਲ ਰੱਦ ਕਰਾਉਣ ਲਈ ਰੋਸ ਮੁਜ਼ਾਹਰਾ ਕਰਦੇ ਸਮੇਂ।*

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਕੈਨੇਡਾ-ਅਮਰੀਕਾ ਬਾਰਡਰ ਤੋਂ 15 ਕਿਲੋਮੀਟਰ ਬੈਲਗਹਿੰਮ ਸ਼ਹਿਰ ਵਿਚ ਵਟਕਾਮ ਕਾਉਂਟੀ ਦੇ ਨੌਜਵਾਨ ਵਿਦਿਆਰਥੀਆਂ ਤੇ ਵਿਦਿਆਰਥਣਾਂ ਨੇ ਮਿਲ ਕੇ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਸਰਕਾਰ ਖਿਲਾਫ਼ ਕਿਸਾਨ ਵਿਰੋਧੀ ਬਿਲ ਰੱਦ ਕਰਨ ਲਈ ਰੋਸ ਮੁਜ਼ਾਹਰਾ ਕੀਤਾ ਗਿਆ। ਜਿੱਥੇ ਭਾਰਤ ਸਰਕਾਰ ਤੇ ਜ਼ੋਰ ਦੇ ਕੇ ਕਿਸਾਨਾਂ ਦੀਆਂ ਮੰਗਾਂ ਮੰਨਣ ਤੇ ਜ਼ੋਰ ਦਿੱਤਾ। ਵਟਕਾਮ ਕਾਉਂਟੀ ਦੇ ਨੌਜਵਾਨਾਂ ਦੇ ਵੱਖ ਵੱਖ ਬੁਲਾਰਿਆਂ ਨੇ ਆਪਣੇ ਆਪਣੇ ਭਾਸ਼ਣ ਵਿਚ ਕਿਸਾਨ ਨੂੰ ਦੇਸ਼ ਦਾ ਅੰਨਦਾਤਾ ਦੱਸਿਆ। ਨੌਜਵਾਨਾਂ ਨੇ ਜ਼ੋਰ ਦੇ ਕੇ ਦੱਸਿਆ ਕਿ ਵੱਡੇ ਵਡੇਰੇ, ਮਾਂ ਬਾਪ, ਭਰਾ ਦਿੱਲੀ ਕਿਸਾਨ ਅੰਦੋਲਨ ਵਿਚ ਅੱਤ ਦੀ ਠੰਢ ਵਿਚ ਆਪਣੇ ਹੱਕਾਂ ਲਈ ਜੱਦੋ ਜਹਿਦ ਕਰ ਰਹੇ ਹਨ ਅਤੇ ਉਨਾਂ ਦੀ ਬਦੌਲਤ ਨੌਜਵਾਨ ਅਮਰੀਕਾ-ਕੈਨੇਡਾ ਵਿਚ ਵਿਦਿਆ ਪ੍ਰਾਪਤ ਕਰ ਰਹੇ ਹਨ ਜਿਸ ਕਰਕੇ ਸਾਰੇ ਨੌਜਵਾਨ ਤਨ, ਮਨ ਅਤੇ ਧਨ ਨਾਲ ਸਮਰਥਨ ਕਰ ਰਹੇ ਹਨ। ਵਟਕਾਮ ਕਾਉਂਟੀ ਦੇ ਐਗਜ਼ੈਕਟਿਵ ਮੈਂਬਰ ਸਤਪਾਲ ਸਿੰਘ ਸਿੱਧੂ ਤੇ ਰਛਪਾਲ ਸਿੰਘ ਰਿਸ਼ੀ ਨੇ ਨੌਜਵਾਨਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

# ਲਾਸ ਏਂਜਲਸ ਵਿੱਚ ਨੌਜਵਾਨਾਂ ਦੀ ਕਿਸਾਨ ਕਾਰ ਰੈਲੀ ਵਿੱਚ ਸੰਗਤਾਂ ਦਾ ਹੜ੍ਹ

## (ਮੋਦੀ ਭਗਤਾਂ ਨੇ ਕੀਤੀ ਆਪਣੀ ਰੈਲੀ ਕੈਂਸਲ)

**ਨੋਰਵਾਕ/ਏ.ਟੀ.ਨਿਊਜ਼:** ਦੱਖਣੀ ਕੈਲੇਫੋਰਨੀਆਂ ਵਿੱਚ ਮੋਦੀ ਭਗਤਾਂ ਨੇ ਭਾਰਤ ਸਰਕਾਰ ਦੇ ਹੱਕ ਅਤੇ ਕਿਸਾਨ ਵਿਰੋਧੀ ਰੈਲੀ ਪਿੱਛਲੇ ਐਤਵਾਰ ਕੱਢਣ ਦਾ ਫੈਸਲਾ ਲੈ ਲਿਆ ਸੀ, ਜਿਸਦਾ ਸਿੱਖ ਸੰਸਥਾਵਾਂ ਨੇ ਸਖਤ ਨੋਟਿਸ ਲੈਂਦਿਆਂ ਉਸ ਰੈਲੀ ਦਾ ਵਿਰੋਧ ਕਰਨ ਲਈ ਅਤੇ ਕਿਸਾਨਾਂ ਦੇ ਹੱਕ ਵਿੱਚ ਉਸ ਜਗ੍ਹਾ ਹੀ ਐਲਾਨ ਕਰ ਦਿੱਤਾ ਸੀ। ਸਿੱਖਾਂ ਦਾ ਜਾਹੋ-ਜਲਾਲ ਦੇਖਦੇ ਹੋਏ ਭਾਵੇਂ ਕਿ ਮੋਦੀ ਭਗਤਾਂ ਨੇ ਆਪਣੀ ਰੈਲੀ ਕੈਂਸਲ ਕਰ ਦਿੱਤੀ ਸੀ ਪਰ ਸਿੱਖ ਨੌਜਵਾਨ ਨੇ ਕਿਸਾਨ ਰੈਲੀ ਕੱਢਣ ਦਾ ਫੈਸਲਾ ਕੀਤਾ। ਨੌਜਵਾਨਾਂ ਦੀ ਇਸ ਕਾਲ ਤੇ ਕੈਲੇਫੋਰਨੀਆਂ ਦੇ ਵੱਖ ਵੱਖ ਸਹਿਰਾਂ ਅਤੇ ਗੀਨੋ ਤੋਂ ਵੀ ਸਿੱਖ ਸੰਗਤਾਂ ਨੇ ਪਹੁੰਚ ਕੇ ਸ਼ਿਰਕਤ ਕੀਤੀ। ਰੈਲੀ ਨੂੰ ਸੰਬੋਧਨ ਕਰਦੇ ਸਿੱਖ ਯੂਥ ਆਫ ਅਮਰੀਕਾ ਦੇ ਭਾਈ ਸੰਦੀਪ ਸਿੰਘ ਨੇ ਸੰਗਤਾਂ ਦਾ ਧੰਨਵਾਦ ਕਰਦੇ ਹੋਏ ਖਾਲਸਾ ਰਾਜ ਦੀ ਗੱਲ ਵੀ ਕੀਤੀ। ਉਸਨੇ ਕਿਹਾ ਕਿ ਸਿੱਖਾਂ ਨਾਲ ਭਾਰਤ ਦੀ ਨੀਤੀ ਵਿਤਕਰੇ ਵਾਲੀ ਹੈ ਤੇ ਜੇ ਇਸਦੇ ਕਾਰਣ ਸਿੱਖਾਂ ਵੱਲੋਂ ਖਾਲਸਾ ਰਾਜ ਦੀ ਗੱਲ ਕੀਤੀ ਜਾਂਦੀ ਹੈ ਤਾਂ ਕੀ ਮਾੜੀ ਗੱਲ ਹੈ। ਭਾਈ ਜਸਦੇਵ ਸਿੰਘ, ਸਿੱਖ ਫੈਡਰੇਸਨ ਯੂ ਐਸ ਏ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਇੱਕ ਕ੍ਰਾਂਤੀ ਹੈ ਜਿਸ ਵਿੱਚ ਕਿਸਾਨ ਕਿਰਤੀਆਂ ਦੀ ਜੰਗ ਪੂੰਜੀਵਾਦੀਆਂ ਨਾਲ ਹੈ ਅਤੇ ਇਹ ਲੜਾਈ ਉਹਨਾਂ ਦਾ ਅਰਥਚਾਰਾ ਪ੍ਰਭਾਵਿਤ ਕਰਕੇ ਹੀ ਜਿੱਤੀ ਜਾ ਸਕਦੀ ਹੈ ਇਸਲਈ ਰਲਾਇੰਸ ਜਾਂ ਇਹਨਾਂ ਦੀਆਂ ਸਹਿਯੋਗੀ ਕੰਪਨੀਆਂ ਦੀਆਂ ਵਸਤਾਂ ਦਾ ਬਾਈਕਾਟ ਕਰਕੇ ਹੀ ਜਿੱਤੀ ਜਾ ਸਕਦੀ ਹੈ। ਭਾਈ ਰਮਿੰਦਰਜੀਤ ਸਿੰਘ ਸੇਖੋਂ ਨੇ ਇਤਿਹਾਸ ਦੇ ਹਵਾਲੇ ਦੇਕੇ ਲੋਕਾਂ ਨੂੰ ਇਸ ਲੜਾਈ ਦੇ ਅਸਲ ਤੋਂ ਜਾਣੂ ਕਰਵਾਇਆ। ਰੈਲੀ ਦੀਆਂ ਮੂੰਹ ਬੋਲਦੀਆਂ ਤਸਵੀਰਾਂ।









































# ਸਿੱਖ ਵਿਰੋਧੀ ਕਤਲੇਆਮ ’ਚ ਐੱਸਆਈਟੀ ਨੇ ਸ਼ੁਰੂ ਕੀਤੀ ਦੋਸ਼ੀਆਂ ਦੀ ਭਾਲ

**ਕਾਨਪੁਰ/ਏ.ਟੀ.ਨਿਊਜ਼:** ਸਿੱਖ ਵਿਰੋਧੀ ਕਤਲੇਆਮ ਦੌਰਾਨ ਸ਼ਹਿਰ ’ਚ ਕਲਿਆਣਪੁਰ ਦੇ ਸ਼ਾਰਦਾਪੁਰ ’ਚ ਇਕ ਪਰਿਵਾਰ ਦੇ ਦੋ ਮੈਂਬਰਾਂ ਦੀ ਹੱਤਿਆ ਦੇ ਮਾਮਲੇ ’ਚ ਪਰਿਵਾਰਕ ਮੈਂਬਰਾਂ ਤੋਂ ਪੁੱਛਗਿੱਛ ਕਰਨ ਤੋਂ ਬਾਅਦ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਪੰਜਾਬ ਤੋਂ ਪਰਤ ਆਈ ਹੈ। ਹੁਣ ਐੱਸਆਈਟੀ ਬਿਆਨਾਂ ਦੇ ਆਧਾਰ ’ਤੇ ਸਾਹਮਣੇ ਆਏ ਦੋਸ਼ੀਆਂ ਦੀ ਭਾਲ ਕਰ ਰਹੀ ਹੈ। ਅਰਮਾਪੁਰ ਥਾਣੇ ’ਚ ਦਰਜ ਹੋਏ ਇਕ ਮੁਕੱਦਮੇ ’ਚ ਬਿਆਨ ਲੈਣ ਟੀਮ ਛੇਤੀ ਹੀ ਮੱਧ ਪ੍ਰਦੇਸ਼ ਦੇ ਜਬਲਪੁਰ ਜਾਏਗੀ। ਕਤਲੇਆਮ ਦੌਰਾਨ ਸ਼ਾਰਦਾਨਗਰ ’ਚ ਹੁਕਮ ਸਿੰਘ ਦੇ ਦੋ ਪੁੱਤਰਾਂ ਭਗਤ ਸਿੰਘ ਤੇ ਹਰਬੰਸ ਸਿੰਘ ਦੀ ਹੱਤਿਆ ਕੀਤੀ ਗਈ ਸੀ। ਭਗਤ ਸਿੰਘ ਦਾ ਪਰਿਵਾਰ ਤਾਂ ਸ਼ਹਿਰ ’ਚ ਰਹਿ ਰਿਹਾ ਹੈ ਪਰ ਹਰਬੰਸ ਸਿੰਘ ਤੇ ਉਨਾਂ ਦੇ ਦੋ ਹੋਰ ਭਰਾਵਾਂ ਦਾ ਪਰਿਵਾਰ ਪੰਜਾਬ ਦੇ ਮੋਹਾਲੀ ’ਚ ਰਹਿ ਰਿਹਾ ਹੈ। ਪਿਛਲੇ ਦਿਨੀਂ ਐੱਸਆਈਟੀ ਨੇ ਮੋਹਾਲੀ ਜਾ ਕੇ ਹਰਬੰਸ ਸਿੰਘ ਦੀ ਪਤਨੀ ਤੇ ਦੋ ਹੋਰ ਭਰਾਵਾਂ ਦੀਆਂ ਪਤਨੀਆਂ ਦੇ ਬਿਆਨ ਲਏ ਸਨ। ਸ਼ਾਰਦਾਨਗਰ ਦੇ ਉਨਾਂ ਦੰਗਾਕਾਰੀਆਂ ਦੀ ਭਾਲ ਹੁਣ ਸ਼ੁਰੂ ਕਰ ਦਿੱਤੀ ਹੈ, ਜਿਨਾਂ ਨੇ ਵਾਰਦਾਤ ਨੂੰ ਅੰਜਾਮ ਦਿੱਤਾ ਸੀ। ਅਰਮਾਪੁਰ ਅਸਟੇਟ ’ਚ ਹੋਈ ਪਿਤਾ-ਪੁੱਤਰ ਦੀ ਹੱਤਿਆ ਦੇ ਮਾਮਲੇ ’ਚ ਵੀ ਇਕ ਪੀੜਤ ਪਰਿਵਾਰ ਦੇ ਬਿਆਨ ਲੈਣ ਟੀਮ ਨੇ ਜਬਲਪੁਰ ਜਾਣਾ ਹੈ। ਸੂਤਰਾਂ ਮੁਤਾਬਕ ਜਬਲਪੁਰ ’ਚ ਰਹਿ ਰਹੇ ਪੀੜਤ ਪਰਿਵਾਰ ਨਾਲ ਫੋਨ ’ਤੇ ਐੱਸਆਈਟੀ ਦੀ ਗੱਲ ਹੋਈ ਹੈ। ਉਨਾਂ ਦੇ ਬਿਆਨ ਲੈਣ ਲਈ ਟੀਮ ਮੱਧ ਪ੍ਰਦੇਸ਼ ਰਵਾਨਾ ਹੋਵੇਗੀ।

# ਅਮਰੀਕਾ ਰਹਿੰਦੇ ਨਡਾਲਾ ਵਾਸੀ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ

**ਨਿਊਯਾਰਕ/ਰਾਜ ਗੋਗਨਾ:** ਬੀਤੇ ਦਿਨ ਅਮਰੀਕਾ ਦੇ ਲੂਸੀਆਨਾ ਸਟੇਟ ਦੇ ਸ਼ਹਿਰ ਨਿਊ ਓਰਲੀਨਜ਼ ’ਚ ਰਹਿੰਦੇ ਇਕ ਪੰਜਾਬੀ ਮੂਲ ਦੇ ਕਸਬਾ ਨਡਾਲਾ ਹਲਕਾ ਭੁਲੱਥ ਦੇ (40) ਸਾਲਾ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਜਾਣ ਦੀ ਸੂਚਨਾ ਹੈ। ਤਕਰੀਬਨ 14 ਸਾਲ ਪਹਿਲਾਂ ਰੋਜ਼ੀ ਰੋਟੀ ਦੀ ਖ਼ਾਤਰ ਨਡਾਲਾ ਵਾਸੀ ਹਰਪ੍ਰੀਤ ਸਿੰਘ ਰਿੰਕੂ ਸਪੁੱਤਰ ਕਸ਼ਮੀਰ ਸਿੰਘ ਸੰਨ 2006 ਵਿੱਚ ਭਾਰਤ ਤੋਂ ਅਮਰੀਕਾ ਆਇਆ ਸੀ ਅਤੇ ਉਹ ਲੂਸੀਆਨਾ ਸਟੇਟ ਦੇ ਨਿਊ ਓਰਲੀਨਜ ਸ਼ਹਿਰ ਵਿੱਚ ਆਪਣੀ ਪਤਨੀ ਤੇ 11 ਸਾਲ ਦੀ ਬੇਟੀ ਨਾਲ ਰਹਿ ਰਿਹਾ ਸੀ ਅਤੇ ਉਨਾਂ ਜਲਦ ਹੀ ਆਪਣੇ ਪਰਿਵਾਰ ਨੂੰ ਮਿਲਣ ਭਾਰਤ ਆਉਣਾ ਸੀ। ਅਮਰੀਕਾ ਦੇ ਸਮੇਂ ਅਨੁਸਾਰ ਰਾਤ ਦੇ 8 ਕੁ ਵਜੇ ਉਸ ਨੂੰ ਹਾਰਟ ਅਟੈਕ ਆ ਗਿਆ ਅਤੇ ਭਾਰਤੀ ਸਮੇਂ ਅਨੁਸਾਰ ਸਵੇਰੇ 9.30 ਵਜੇ ਉਸ ਦੀ ਮੌਤ ਦੀ ਗਈ। ਉਨਾਂ ਦੀ ਹੋਈ ਇਸ ਬੇਵਕਤੀ ਮੌਤ ਦੀ ਖ਼ਬਰ ਸੁਣਦੇ ਹੀ ਨਡਾਲਾ ਵਿੱਚ ਸੋਗ ਦੀ ਲਹਿਰ ਦੌੜ ਗਈ।

# ਕੈਨੇਡਾ ਵਿਖੇ ਭਾਰਤੀ ਕਿਸਾਨਾਂ ਦੇ ਹੱਕ ਵਿੱਚ ਮੁਜ਼ਾਹਰਿਆਂ ਦਾ ਸਿਲਸਿਲਾ ਜਾਰੀ,

## ਕੈਨੇਡੀਅਨ ਮੰਤਰੀ ਪ੍ਰਸ਼ਾਦ ਪਾਂਡਾ ਦੇ ਕਿਸਾਨ ਵਿਰੋਧੀ ਬਿਆਨ ਦੀ ਹੋ ਰਹੀ ਹੈ ਨਿਖੇਧੀ

**ਨਿਊਯਾਰਕ/ਬਰੈਂਪਟਨ/ਰਾਜ ਗੋਗਨਾ:** ਬਰੈਂਪਟਨ ਦੇ ਓਂਟਾਰੀਓ/ ਸਟੀਲਜ਼ ਸ਼ੇਪਰ ਵਰਲਡ ਪਲਾਜੇ ਵਿਖੇ ਕਿਸਾਨੀ ਸੰਘਰਸ਼ ਦੇ ਹੱਕ ਵਿੱਚ ਮੁਜ਼ਾਹਰਾ/ਰੈਲੀ ਚੱਲ ਰਹੀ ਹੈ। ਭਾਰਤ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਵਿਦੇਸ਼ਾਂ ਵਿੱਚ ਵੱਸਦੇ ਕਿਸਾਨੀ ਸੰਘਰਸ਼ ਦੇ ਹਮਾਇਤੀਆਂ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਆਪੋ-ਆਪਣੇ ਮੁਲਕਾਂ ਦੇ ਭਾਰਤੀ ਸਫਾਰਤਖਾਨੇ/ਕੌਂਸਲੇਟ ਦਫ਼ਤਰਾਂ ਅੱਗੇ ਮੁਜ਼ਾਹਰੇ ਕਰਨ ਤੇ ਉਨਾਂ ਨੂੰ ਰੋਸ ਪੱਤਰ ਦਿੱਤੇ ਜਾਣ। ਇਹ ਵੀ ਦੱਸਣਾ ਬਣਦਾ ਹੈ ਕਿ ਵਿਦੇਸ਼ਾਂ ਵਿੱਚ ਬੈਠੇ ਕਿਸਾਨੀ ਸੰਘਰਸ਼ ਦੇ ਹਮਾਇਤੀਆਂ ਵੱਲੋਂ ਪਹਿਲਾਂ ਤੋਂ ਹੀ ਸਫਾਰਤਖਾਨਿਆਂ ਅੱਗੇ ਲਗਾਤਾਰ ਮੁਜ਼ਾਹਰੇ ਕੀਤੇ ਜਾ ਰਹੇ ਹਨ, ਕੈਨੇਡਾ ਦੇ ਸਿੱਖ ਮੋਟਰਸਾਈਕਲ ਕਲੱਬ ਵੱਲੋਂ ਹਫ਼ਤੇ ਦੇ ਪੰਜ ਦਿਨ ਭਾਰਤੀ ਕੌਂਸਲੇਟ ਦਫ਼ਤਰਾਂ ਅੱਗੇ ਮੁਜ਼ਾਹਰੇ ਹੋ ਰਹੇ ਹਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਜਿੱਥੇ ਕੈਨੇਡਾ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਸਾਰੇ ਹੀ ਸਿਆਸੀ ਆਗੂਆਂ ਵੱਲੋਂ ਕਿਸਾਨਾਂ ਦੇ ਸ਼ਾਂਤਮਈ ਢੰਗ ਨਾਲ ਮੁਜ਼ਾਹਰੇ ਦੀ ਵਕਾਲਤ ਕੀਤੀ ਗਈ ਸੀ ਉੱਥੇ ਹੀ ਦੂਜੇ ਪਾਸੇ ਕੈਨੇਡਾ ਦੇ ਸੂਬੇ ਅਲਬਰਟਾ ਦੇ ਇਨਫਰਾ ਸਟਰੱਕਚਰ ਮੰਤਰੀ ਪ੍ਰਸ਼ਾਦ ਪਾਂਡਾ ਵੱਲੋਂ ਨਾ ਸਿਰਫ਼ ਖੇਤੀਬਾੜੀ ਬਿਲਾਂ ਨੂੰ ਸਹੀ ਦੱਸਿਆ ਗਿਆ ਬਲਕਿ ਕੈਨੇਡੀਅਨ ਆਗੂਆਂ ਵੱਲੋਂ ਕਿਸਾਨਾਂ ਦੇ ਹੱਕ ਵਿੱਚ ਦਿੱਤੇ ਗਏ ਬਿਆਨਾਂ ਨੂੰ ਵੋਟ ਬੈਂਕ ਦੀ ਰਾਜਨੀਤੀ ਦੱਸਦੇ ਹੋਏ ਉਨਾਂ ਦੀ ਨਿਖੇਧੀ ਵੀ ਕੀਤੀ ਗਈ ਹੈ। ਕੈਨੇਡਾ ਬੈਠਾ ਭਾਈਚਾਰਾ ਪ੍ਰਸ਼ਾਦ ਪਾਂਡਾ ਦੀ ਇਸ ਗੱਲੋਂ ਜਮ ਕੇ ਆਲੋਚਨਾ ਕਰ ਰਿਹਾ ਹੈ।




# ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਨੂੰ ਸਦਮਾ, ਭੈਣ ਦਾ ਦੇਹਾਂਤ

**ਗਲਾਸਗੋ/ਮਨਦੀਪ ਖੁਰਮੀ ਹਿੰਮਤਪੁਰਾ:** ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਨੂੰ ਉਸ ਸਮੇਂ ਸਦਮਾ ਪੁੱਜਾ, ਜਦੋਂ ਉਹਨਾਂ ਦੇ ਵੱਡੇ ਭੈਣ ਜੀ ਰਾਜਿੰਦਰ ਕੌਰ ਰਿਸ਼ੀ ਦੀ ਮੌਤ ਹੋ ਗਈ। ਉਹ 67 ਸਾਲਾਂ ਦੇ ਅਤੇ ਕੈਂਸਰ ਤੋਂ ਪੀੜਤ ਸਨ। 1992 ਵਿੱਚ ਭੈਣ ਜੀ ਦੇ ਇਕਲੌਤੇ ਪੁੱਤਰ ਕਮਲਜੀਤ ਰਿਸ਼ੀ ਦੀ ਹੋਈ ਰਹੱਸਮਈ ਮੌਤ ਤੋਂ ਬਾਅਦ ਉਹ ਅੱਜ ਤੱਕ ਸੰਭਲ਼ ਨਹੀਂ ਸਨ ਸਕੇ। ਭਰ ਜਵਾਨ ਪੁੱਤਰ ਦੀ ਮੌਤ ਦਾ ਦੁੱਖ ਘੁਣ ਵਾਂਗ ਖਾਂਦਾ ਰਿਹਾ ਤੇ ਉਹ ਕੈਂਸਰ ਦੇ ਮਰੀਜ਼ ਬਣ ਕੇ ਆਖ਼ਰ ਪ੍ਰਾਣ ਤਿਆਗ ਗਏ। ਜੱਗੀ ਕੁੱਸਾ ਉਨਾਂ ਨੂੰ ਅਜੇ ਦਸ ਦਿਨ ਪਹਿਲਾਂ ਹੀ ਪੰਜਾਬ ਫੇਰੀ ਦੌਰਾਨ ਮਿਲ ਕੇ ਆਏ ਸਨ। ਇਸ ਆਖ਼ਰੀ ਮਿਲਣੀ ਤੋਂ ਬਾਅਦ ਭੈਣ ਜੀ ਨੇ ਦਸ ਦਿਨ ਨਹੀਂ ਕੱਟੇ ਅਤੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਭੈਣ ਜੀ ਮੋਗਾ ਜ਼ਿਲਾ ਦੇ ਪਿੰਡ ਕੜਿਆਲ ਵਿਖੇ ਵਿਆਹੇ ਹੋਏ ਸਨ ਅਤੇ ਉਹਨਾਂ ਨੇ ਜੱਗੀ ਕੁੱਸਾ ਨੂੰ ਬੱਚਿਆਂ ਵਾਂਗ ਪਾਲਿਆ ਸੀ। ਉਹ ਆਪਣੇ ਪਿੱਛੇ ਪਤੀ ਸੁਰਿੰਦਰਪਾਲ ਰਿਸ਼ੀ ਅਤੇ ਤਿੰਨ ਧੀਆਂ ਨੂੰ ਵਿਲਕਦਿਆਂ ਛੱਡ ਗਏ ਹਨ। ਇਸ ਦੁੱਖ ਦੀ ਘੜੀ ਵਿੱਚ ਸਾਹਿਤਕਾਰਾਂ, ਲੇਖਕਾਂ, ਸਮਾਜ ਸੇਵੀ ਆਗੂਆਂ, ਰਾਜਸੀ ਤੇ ਦੋਸਤਾਂ ਮਿੱਤਰਾਂ ਵੱਲੋਂ ਕੁੱਸਾ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।

When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ,
ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ,
ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ
ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਡਾ. ਸੰਧੂ ਦੇ ਉਦਮ ਨੇ ਬਦਲੀ ਲੁਧਿਆਣਾ ਦੇ ਪਿੰਡ ਚੱਕਰ ਦੀ ਕਿਸਮਤ, 15 ਸਾਲ 'ਚ ਛੇ ਕੌਮਾਂਤਰੀ ਤੇ 30 ਕੌਮੀ ਮੁੱਕੇਬਾਜ਼ ਕੀਤੇ ਤਿਆਰ

**ਜਗਰਾਓਂ/ਏ.ਟੀ.ਨਿਊਜ਼:** ਪਿੰਡ ਚੱਕਰ ਬੇਸ਼ੱਕ ਹੀ ਆਧੁਨਿਕ ਸਹੂਲਤਾਂ ਤੋਂ ਵਾਂਝੇ ਹਨ ਪਰ ਅੰਤਰਰਾਸ਼ਟਰੀ ਮੁੱਕੇਬਾਜ਼ ਤਿਆਰ ਕਰਨ 'ਚ ਪਿੱਛੇ ਨਹੀਂ ਹਨ। ਇਸ ਪਿੰਡ ਦੀ ਬੇਟੀ ਸਿਮਰਨਜੀਤ ਕੌਰ ਨੇ ਹਾਲ ਹੀ 'ਚ ਕੌਮਾਂਤਰੀ ਪੱਧਰ 'ਤੇ ਮੈਡਲ ਜਿੱਤ ਕੇ ਇਹ ਦਰਸਾ ਦਿੱਤਾ ਹੈ ਕਿ ਜੇ ਸਹੂਲਤਾਂ ਮਿਲਣ ਤਾਂ ਪੰਜਾਬ ਦੇ ਪਿੰਡ ਦੀਆਂ ਲੜਕੀਆਂ ਵੀ ਵਿਦੇਸ਼ੀ ਮੁੱਕੇਬਾਜ਼ਾਂ ਨੂੰ ਮਾਤ ਦੇ ਸਕਦੀਆਂ ਹਨ। ਪਿੰਡ ਦੀ ਹੀ ਜਿਸ ਚੱਕਰ ਸਪੋਰਟਸ ਅਕੈਡਮੀ ਤੋਂ ਸਿਮਰਨਦੀਪ ਨੇ ਕੌਮਾਂਤਰੀ ਰਿੰਗ 'ਚ ਤਹਿਲਕਾ ਮਚਾਇਆ, ਉਹ ਡਾ. ਬਲਵੰਤ ਸਿੰਘ ਸੰਧੂ ਨੇ ਤਿਆਰ ਕੀਤੀ ਸੀ। ਸ਼ੁਰੂ ਤੋਂ ਹੀ ਖੇਡਾਂ ਦੇ ਪ੍ਰਤੀ ਪ੍ਰੇਮ ਹੋਣ ਕਾਰਨ ਡਾ. ਸੰਧੂ ਪੀਐੱਚਡੀ ਕਰ ਕੇ ਕਮਾਲਪੁਰ ਕਾਲਜ ਦੇ ਪ੍ਰਿੰਸੀਪਲ ਬਣੇ ਪਰ ਖੇਡ ਪ੍ਰੇਮ ਕਾਰਨ ਉਨ੍ਹਾਂ ਨੇ ਐਕਡਮੀ ਬਣਾਉਣ ਦਾ ਫੈਸਲਾ ਕੀਤਾ। ਅੱਜ ਉਨ੍ਹਾਂ ਨੂੰ ਮਾਣ ਹੈ ਕਿ ਪਿੰਡ ਦੀ ਬੇਟੀ ਨੇ ਕੌਮਾਂਤਰੀ ਮੁੱਕੇਬਾਜ਼ੀ 'ਚ ਮੈਡਲ ਜਿੱਤ ਕੇ ਉਨ੍ਹਾਂ ਦੇ ਯਤਨਾਂ ਨੂੰ ਨਵੀਂ ਤਾਕਤ ਦਿੱਤੀ ਹੈ। ਪਿਛਲੇ 15 ਸਾਲਾਂ 'ਚ ਛੇ ਕੌਮਾਂਤਰੀ ਤੇ 30 ਰਾਸ਼ਟਰੀ ਪੱਧਰ ਦੇ ਮੁੱਕੇਬਾਜ਼ ਤਿਆਰ ਕਰਨ ਵਾਲੇ ਡਾ. ਸੰਧੂ ਕਹਿੰਦੇ ਹਨ ਕਿ ਪਿੰਡ ਚੱਕਰ ਦੇ ਲੋਕ ਸੁਭਾਅ ਤੋਂ ਬਹੁਤ ਲੜਾਕੂ ਸੀ। ਅਜਿਹੇ 'ਚ ਲੋਕਾਂ ਦੀ ਸੋਚ ਲੜਾਈ ਤੋਂ ਦੂਰ ਤੇ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਪਿੰਡ ਚੱਕਰ 'ਚ ਅਕੈਡਮੀ ਬਣਾਈ ਤਾਂ ਜੋ ਇੱਥੇ ਆ ਕੇ ਬੱਚੇ ਬਾਕਸਿੰਗ ਸਿੱਖੇ ਤੇ ਆਪਣੀ ਤਾਕਤ ਤੇ ਜਾਨੂੰਨ ਨਾਲ ਖੇਡਾਂ ਦੇ ਖੇਤਰ 'ਚ ਅਹਿਮ ਉਪਲਬਧੀਆਂ ਹਾਸਲ ਕਰ ਸਕਣ। ਅਕੈਡਮੀ 'ਚ ਮੁੱਕੇਬਾਜ਼ੀ ਤੋਂ ਇਲਾਵਾ ਅਥਲੈਟਿਕਸ ਦੀ ਵੀ ਸਿੱਖਿਆ ਦਿੱਤੀ ਜਾਂਦੀ ਹੈ।



ਡਾ. ਬਲਵੰਤ ਸਿੰਘ ਸੰਧੂ ਨੇ ਦੱਸਿਆ ਕਿ ਸਾਲ 2005 'ਚ ਆਪਣੇ ਯਤਨਾਂ ਤੇ ਨੌਜਵਾਨਾਂ ਦੇ ਸਹਿਯੋਗ ਨਾਲ ਖੇਡ ਅਕੈਡਮੀ ਬਣਾਈ। ਜਿਸ ਨੂੰ 2006 'ਚ ਪਿੰਡ ਦੇ ਦੋ ਐੱਨਆਈਆਈ ਭਰਾਵਾਂ ਅਜਮੇਰ ਸਿੰਘ ਸਿੱਧੂ ਤੇ ਬਲਦੇਵ ਸਿੰਘ ਸਿੱਧੂ ਨੇ ਅਕੈਡਮੀ ਨੂੰ ਸਹਿਯੋਗ ਦਿੱਤਾ ਜਿਸ ਦਾ ਨਾਂ ਸ਼ੇਰੇ-ਏ-ਪੰਜਾਬ ਐਕਡਮੀ ਰੱਖਿਆ ਗਿਆ।

**ਅਕੈਡਮੀ ਨੇ ਕਈ ਕੌਮਾਂਤਰੀ ਤੇ ਕੌਮੀ ਖਿਡਾਰੀ ਦਿੱਤੇ**

ਅਕੈਡਮੀ ਦੇ ਮੁਖੀ ਡਾ. ਬਲਵੰਤ ਸਿੰਘ ਸੰਧੂ ਨੇ ਦੱਸਿਆ ਕਿ ਉਨ੍ਹਾਂ ਦੇ ਦਿਸ਼ਾ-ਨਿਰਦੇਸ਼ਾਂ 'ਚ ਚਲੀ ਅਕੈਡਮੀ ਚਾਹੇ ਉਹ ਪਹਿਲਾਂ ਸ਼ੇਰੇ-ਏ-ਪੰਜਾਬ ਅਕੈਡਮੀ ਤੇ ਹੁਣ ਚੱਕਰ ਸਪੋਰਟਸ ਅਕੈਡਮੀ ਨੇ ਕਈ ਕੌਮਾਂਤਰੀ ਮੁੱਕੇਬਾਜ਼ ਦਿੱਤੇ ਜੋ ਕਿ ਦੇਸ਼ ਦੁਨੀਆ 'ਚ ਲੁਧਿਆਣਾ ਦਾ ਨਾਂ ਰੋਸ਼ਨ ਕਰ ਰਹੇ ਹਨ। ਇਸ 'ਚ ਵਿਸ਼ਵ ਬਾਕਸਿੰਗ ਜੇਤੂ ਸਿਮਰਜੀਤ ਕੌਰ ਬਾਠ, ਜੂਨੀਅਰ ਵਿਸ਼ਵ ਬਾਕਸਿੰਗ ਜੇਤੂ ਮਨਦੀਪ ਕੌਰ ਸੰਧੂ, ਕੌਮਾਂਤਰੀ ਸਿਲਵਰ ਮੈਡਲ ਜੇਤੂ ਸ਼ਵਿੰਦਰ ਕੌਰ ਸਿੱਧੂ, ਹਰਪ੍ਰੀਤ ਕੌਰ ਚਾਂਦੀ ਮੈਡਲ ਜੇਤੂ ਸ਼ਾਮਲ ਹਨ। ਇਸ ਤੋਂ ਇਲਾਵਾ 30 ਰਾਸ਼ਟਰੀ ਪੱਧਰ ਦੇ ਮੁੱਕੇਬਾਜ਼ ਵੀ ਤਿਆਰ ਕੀਤੇ। ਅਕੈਡਮੀ ਦੇ ਮੁਖੀ ਡਾ.ਬਲਵੰਤ ਸਿੰਘ ਸੰਧੂ ਨੇ ਦੱਸਿਆ ਕਿ ਇਸ ਸਮੇਂ ਅਕੈਡਮੀ 'ਚ 60 ਤੋਂ ਜ਼ਿਆਦਾ ਖਿਡਾਰੀ ਪੰਜ ਸਾਲ ਤੋਂ ਲੈ ਕੇ 20 ਸਾਲ ਦੀਆਂ ਲੜਕੀਆਂ ਤੇ ਲੜਕੇ ਮੁੱਕੇਬਾਜ਼ੀ ਸਿੱਖ ਰਹੇ ਹਨ।



**ਹੁਣ ਇੰਤਜਾਰ ਓਲੰਪਿਕ 'ਚੋਂ ਮੈਡਲ ਜਿੱਤਣ ਦਾ**

ਸੰਧੂ ਦਾ ਕਹਿਣਾ ਹੈ ਕਿ ਹੁਣ ਉਨ੍ਹਾਂ ਨੂੰ ਪੰਜਾਬ ਦੀ ਬੇਟੀ ਵਿਸ਼ਵ ਬਾਕਸਿੰਗ ਜੇਤੂ ਸਿਮਰਨਜੀਤ ਕੌਰ ਦੇ ਟੋਕੀਓ ਓਲੰਪਿਕ 'ਚੋਂ ਸੋਨੇ ਦਾ ਮੈਡਲ ਜਿੱਤਣ ਦਾ ਇੰਤਜਾਰ ਹੈ। ਸਿਮਰਨਜੀਤ ਕੌਰ ਨੂੰ ਛੋਟੀ ਉਮਰ 'ਚ ਮੁੱਕੇਬਾਜ਼ੀ ਸਿਖਾਈ ਤੇ ਹੁਣ ਉਹ ਪਟਿਆਲਾ ਦੀ ਅਕੈਡਮੀ 'ਚ ਸਿਖਲਾਈ ਲੈ ਕੇ ਓਲੰਪਿਕ ਦੀ ਤਿਆਰੀ 'ਚ ਜੁੜੀ ਹੈ। ਉਹ ਜਦੋਂ ਵੀ ਪਿੰਡ ਆਉਂਦੀ ਹੈ ਤਾਂ ਐਕਡਮੀ ਦੇ ਬੱਚਿਆਂ ਨੂੰ ਅਭਿਆਸ ਤੇ ਗਾਈਡ ਕਰਦੀ ਹੈ।

ਸਿਮਰਨਜੀਤ ਓਲੰਪਿਕ 'ਚ ਦਿਖਾਵੇਗੀ ਬਾਕਸਿੰਗ ਦਾ ਜ਼ੋਰ ਭਾਰਤੀ ਮਹਿਲਾ ਮੁੱਕੇਬਾਜ਼ ਸਿਮਰਨਜੀਤ ਕੌਰ (60 ਕਿਲੋਗ੍ਰਾਮ) ਤੇ ਮਨੀਸ਼ (57 ਕਿਲੋਗ੍ਰਾਮ) ਨੇ ਜਰਮਨੀ ਦੇ ਕੋਲੋਨ ਮੁੱਕੇਬਾਜ਼ੀ ਵਿਸ਼ਵ ਕੱਪ ਵਿਚ ਗੋਲਡ ਮੈਡਲ ਜਿੱਤੇ। ਮਨੀਸ਼ ਨੇ ਹਮਵਤਨ ਸਾਕਸ਼ੀ ਨੂੰ 3-2 ਨਾਲ ਹਰਾਇਆ ਜਦਕਿ ਸਿਮਰਨਜੀਤ ਨੇ ਜਰਮਨੀ ਦੀ ਮਾਇਆ ਕਿਲਿਹਾਂਸ ਨੂੰ 4-1 ਨਾਲ ਮਾਤ ਦੇ ਕੇ ਖ਼ਿਤਾਬ ਜਿੱਤਿਆ। ਭਾਰਤ ਨੇ ਇਸ ਚੈਂਪੀਅਨਸ਼ਿਪ ਵਿਚ ਤਿੰਨ ਗੋਲਡ, ਦੋ ਸਿਲਵਰ ਤੇ ਚਾਰ ਕਾਂਸੇ ਦੇ ਮੈਡਲਾਂ ਨਾਲ ਕੁੱਲ ਨੌਂ ਮੈਡਲ ਜਿੱਤੇ ਤੇ ਉਹ ਪੂਰੀ ਸੂਚੀ ਵਿਚ ਦੂਜੇ ਸਥਾਨ 'ਤੇ ਰਿਹਾ। ਭਾਰਤੀ ਮੁੱਕੇਬਾਜ਼ਾਂ ਦੀ ਕਾਮਯਾਬੀ 'ਤੇ ਖੇਡ ਮੰਤਰੀ ਕਿਰਨ ਰਿਜਿਜੂ ਨੇ ਟਵੀਟ ਕਰ ਕੇ ਉਨ੍ਹਾਂ ਨੂੰ ਵਧਾਈ ਦਿੱਤੀ ਹੈ। ਮਰਦ ਵਰਗ ਵਿਚ ਸ਼ਨੀਵਾਰ ਨੂੰ ਅਮਿਤ (52 ਕਿਲੋਗ੍ਰਾਮ) ਨੇ ਗੋਲਡ ਮੈਡਲ ਜਿੱਤਿਆ ਸੀ। ਉਨ੍ਹਾਂ ਨੂੰ ਫਾਈਨਲ ਵਿਚ ਵਾਕਓਵਰ ਮਿਲਿਆ। ਸਤੀਸ਼ (91 ਕਿਲੋ ) ਨੂੰ ਸਿਲਵਰ ਮੈਡਲ ਨਾਲ ਸਬਰ ਕਰਨਾ ਪਿਆ ਕਿਉਂਕਿ ਸੱਟ ਕਾਰਨ ਉਹ ਫਾਈਨਲ ਖੇਡਣ ਲਈ ਰਿੰਗ 'ਤੇ ਨਹੀਂ ਉਤਰ ਸਕੇ। ਸੋਨੀਆ ਲਾਠੇਰ (57 ਕਿਲੋ), ਪੂਜਾ (75 ਕਿਲੋ), ਗੌਰਵ ਸੋਲੰਕੀ (57 ਕਿਲੋ) ਤੇ ਹਸਮੁਦੀਨ (57 ਕਿਲੋ) ਨੇ ਆਪੋ-ਆਪਣੇ ਭਾਰ ਵਰਗਾਂ ਵਿਚ ਕਾਂਸੇ ਦੇ ਮੈਡਲ ਜਿੱਤੇ। ਇਸ ਚੈਂਪੀਅਨਸ਼ਿਪ ਵਿਚ ਮੇਜ਼ਬਾਨ ਜਰਮਨੀ ਤੇ ਭਾਰਤ ਤੋਂ ਇਲਾਵਾ ਬੈਲਜੀਅਮ, ਕ੍ਰੋਏਸ਼ੀਆ, ਡੈਨਮਾਰਕ, ਫਰਾਂਸ, ਮਾਲਡੋਵਾ, ਨੀਦਰਲੈਂਡ, ਪੋਲੈਂਡ ਤੇ ਯੂਕਰੇਨ ਦੇ ਮੁੱਕੇਬਾਜ਼ਾਂ ਨੇ ਵੀ ਹਿੱਸਾ ਲਿਆ ਸੀ।



**ਕੌਮੀ ਖੇਡਾਂ 'ਚ ਗੱਤਕਾ ਸ਼ਾਮਲ**

**ਨਵੀਂ ਦਿੱਲੀ /ਏ.ਟੀ.ਨਿਊਜ਼:** ਖੇਡ ਮੰਤਰਾਲੇ ਨੇ ਚਾਰ ਦੇਸੀ ਖੇਡਾਂ ਨੂੰ ਖੇਲੋ ਇੰਡੀਆ ਯੂਥ ਗੇਮਜ਼ ਵਿਚ ਸ਼ਾਮਲ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਖੇਡਾਂ ਹਰਿਆਣਾ ਵਿਚ ਅਗਲੇ ਸਾਲ ਹੋਣਗੀਆਂ। ਇਨਾਂ ਚਾਰ ਖੇਡਾਂ ਵਿਚ ਗਤਕਾ, ਕਲਾਰੀਪਾਟੂ, ਥਾਂਗ-ਤਾ ਤੇ ਮਾਲਖੰਭ ਸ਼ਾਮਲ ਹਨ। ਕੇਂਦਰੀ ਖੇਡ ਮੰਤਰੀ ਕਿਰਨ ਰਿਜਿਜੂ ਨੇ ਦੱਸਿਆ ਕਿ ਭਾਰਤ ਦਾ ਦੇਸੀ ਖੇਡਾਂ ਦਾ ਅਮੀਰ ਇਤਿਹਾਸ ਹੈ ਤੇ ਖੇਡ ਮੰਤਰਾਲਾ ਇਨਾਂ ਖੇਡਾਂ ਨੂੰ ਵਿਕਸਤ ਕਰਨ ਤੇ ਲੋਕਪ੍ਰਿਆ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਯੋਗਆਸਣ ਨਾਲ ਇਨਾਂ ਚਾਰ ਖੇਡਾਂ ਨੂੰ ਕੌਮੀ ਖੇਡਾਂ ਵਿਚ ਸ਼ਾਮਲ ਕਰਨ ਨਾਲ ਖਿਡਾਰੀਆਂ ਨੂੰ ਹੋਰ ਮੌਕੇ ਮਿਲਣਗੇ ਤੇ ਉਨਾਂ ਵਿਚ ਉਤਸ਼ਾਹ ਪੈਦਾ ਹੋਵੇਗਾ। ਗਤਕਾ ਪੰਜਾਬ, ਕਲਾਇਰੀਪਾਟੂ ਕੇਰਲ, ਮਾਲਖੰਭ ਮੱਧ ਪ੍ਰਦੇਸ਼ ਤੇ ਮਹਾਰਾਸ਼ਟਰ ਅਤੇ ਥਾਂਗ-ਤਾ ਮਨੀਪੁਰ ਵਿੱਚ ਖੇਡੀਆਂ ਜਾਂਦੀਆਂ ਹਨ।

## ਵਿਨਰਜੀਤ ਕੈਨੇਡਾ ਦੀ ਪੀਆਰ ਛੱਡ ਕੇ ਬਣੀ ਦਿੱਲੀ 'ਚ ਜੱਜ



**ਗਿੱਦੜਬਾਹਾ /ਏ.ਟੀ.ਨਿਊਜ਼:** ਕੈਨੇਡਾ ਦੀ ਪੱਕੀ ਰਿਹਾਇਸ਼ (ਪੀਆਰ) ਛੱਡ ਕੇ ਪਿੰਡ ਰੁਖਾਲਾ ਦੀ ਧੀ ਵਿਨਰਜੀਤ ਕੌਰ ਦਿੱਲੀ ਜੁਡੀਸ਼ੀਅਲ ਦੇ ਇਮਤਿਹਾਨ ਪਾਸ ਕਰ ਕੇ ਦਿੱਲੀ ਕੋਰਟ ਦੀ ਜੱਜ ਬਣ ਗਈ ਹੈ। ਜੱਜ ਬਨਣ ਮਗਰੋਂ ਪਿੰਡ ਰੁਖਾਲਾ ਪੁੱਜੀ ਵਿਨਰਜੀਤ ਨੇ ਦੱਸਿਆ ਕਿ ਉਸ ਨੇ ਮੁਢਲੀ ਸਿੱਖਿਆ ਸ਼ਿਮਲਾ ਤੇ ਹਿਸਾਰ ਵਿੱਚੋਂ ਪ੍ਰਾਪਤ ਕੀਤੀ। 2008 ਵਿਚ ਡੀਏਵੀ ਸਕੂਲ ਚੰਡੀਗੜ ਵਿੱਚੋਂ ਆਲ ਇੰਡੀਆ ਡੀਏਵੀ ਸਕੂਲ ਵਿੱਚੋਂ 12ਵੀਂ ਜਮਾਤ ਵਿਚ ਇਤਿਹਾਸ ਵਿਸ਼ੇ ਵਿੱਚੋਂ ਅੱਵਲ ਰਹੀ ਸੀ। ਇਸ ਤੋਂ ਬਾਅਦ ਬੀਏ ਐੱਮਸੀਐੱਮ ਮੇਹਰ ਚੰਦ ਮਹਾਜਨ ਕਾਲਜ ਚੰਡੀਗੜ ਤੋਂ ਸਾਲ 2011 ਵਿਚ ਪਾਸ ਕੀਤੀ। ਉਹ ਪੰਜਾਬੀ ਵਿਸ਼ੇ ਕਾਰਨ ਇਕ ਵਾਰ ਟੈਸਟ ਦੇਣ ਮਗਰੋਂ ਪ੍ਰੀਖਿਆ ਪਾਸ ਨਹੀਂ ਕਰ ਸਕੀ ਸੀ। ਦਿੱਲੀ ਵਿਚ ਉਸ ਨੇ ਦੋ ਵਾਰ ਨਾਕਾਮ ਰਹਿਣ ਪਿੱਛੋ ਹਾਰ ਨਹੀਂ ਮੰਨੀ ਸੀ ਤੇ ਅਖ਼ੀਰ ਤੀਜੀ ਵਾਰ ਕਾਮਯਾਬ ਹੋ ਸਕੀ। ਵਿਨਰਜੀਤ ਮੁਤਾਬਕ ਉਸ ਨੇ ਸਾਲ 2016 ਵਿਚ ਦਿੱਲੀ ਤੋਂ ਪ੍ਰੀਖਿਆ ਲਈ ਕੋਚਿੰਗ ਲਈ ਹੈ। ਉਹ ਦਿਨ ਵਿਚ 14-15 ਘੰਟੇ ਪੜਾਈ ਕਰਦੀ ਸੀ। ਉਸ ਦੇ ਪਿਤਾ ਗੁਰਲਾਲ ਸਿੰਘ ਨੇ ਰਾਜਨੀਤੀ ਸ਼ਾਸਤਰ ਵਿਚ ਐੱਮਏ ਹਨ ਤੇ ਮਾਤਾ ਰਾਜਬੀਰ ਕੌਰ ਬੀਏ ਪਾਸ ਹਨ। ਉਸ ਦਾ ਭਰਾ ਬੀਏ ਪਾਸ ਹੈ ਤੇ ਪਤਨੀ ਸਮੇਤ ਕੈਨੇਡਾ ਰਹਿੰਦਾ ਹੈ।



# ਬਾਬਾ ਰਾਮ ਸਿੰਘ ਦੀ ਮੌਤ ਲਈ ਨਰਿੰਦਰ ਮੋਦੀ ਜ਼ਿੰਮੇਵਾਰ : ਯੂਨਾਈਟਿਡ ਖ਼ਾਲਸਾ ਦਲ ਯੂ.ਕੇ.

## ‘ਕਿਸਾਨ ਹਿਤੇਸ਼ੀ ਵਕੀਲਾਂ ਨੂੰ ਕਾਤਲਾਂ ਖ਼ਿਲਾਫ਼ ਮੁਕੱਦਮਾ ਦਰਜ ਕਰਾਉਣ ਦੀ ਅਪੀਲ’

**ਲੰਡਨ/ਏ.ਟੀ.ਨਿਊਜ਼:** ਕਿਸਾਨਾਂ ਦੇ ਹੱਕੀ ਅੰਦੋਲਨ ਦੌਰਾਨ ਆਪਾ ਨਿਸ਼ਾਵਰ ਕਰਨ ਵਾਲੇ ਬਾਬਾ ਰਾਮ ਸਿੰਘ ਨਾਨਕਸਰ ਸੀਂਘੜਾ ਦੇ ਅਕਾਲ ਚਲਾਣੇ ਨੂੰ ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਵੱਲੋਂ ਸਿੱਖ ਕੌਮ ਲਈ ਵੱਡਾ ਘਾਟਾ ਕਰਾਰ ਦਿੱਤਾ ਗਿਆ ਹੈ। ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਬਾਬਾ ਰਾਮ ਵੱਲੋਂ ਜਿੱਥੇ ਸਿੱਖ ਸੰਘਰਸ਼ ਦੌਰਾਨ ਨਿਭਾਈਆਂ ਗਈਆਂ ਮਹਾਨ ਸੇਵਾਵਾਂ ਤੇ ਸਿੱਖ ਕੌਮ ਨੂੰ ਹਮੇਸ਼ਾ ਹੀ ਮਾਣ ਰਹੇਗਾ, ਉੱਥੇ ਕਿਸਾਨ ਅੰਦੋਲਨ ਦੌਰਾਨ ਆਪਾ ਨਿਸ਼ਾਵਰ ਕਰਨ ਨਾਲ ਕਿਸਾਨ ਅੰਦੋਲਨ ਨੂੰ ਹੋਰ ਸਾਰਥਕ ਹੁੰਗਾਰਾ ਮਿਲੇਗਾ। ਬਾਬਾ ਰਾਮ ਸਿੰਘ ਦੀ ਮੌਤ ਦੇ ਦੋਸ਼ੀ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਿਤ ਸ਼ਾਹ ਅਤੇ ਤੋਮਰ ਜ਼ਿੰਮੇਵਾਰ ਹਨ। ਇਨਾਂ ਤਿੰਨਾਂ ’ਤੇ ਕਤਲ ਦਾ ਮੁਕੱਦਮਾ ਦਰਜ ਹੋਣਾ ਚਾਹੀਦਾ ਹੈ। ਬਾਬਾ ਰਾਮ ਸਿੰਘ ਨਾਨਕਸਰ ਸੀਂਘੜਾ ਦੀ ਸਿੱਖ ਸੰਘਰਸ਼ ਨੂੰ ਬਹੁਤ ਦੇਣ ਸੀ। ਉਨਾਂ ਦੀ ਭਾਵਨਾ ਨੂੰ ਸਲਾਮ ਹੈ। ਪਰ ਕਿਸਾਨ ਭਰਾਵਾਂ ਅਤੇ ਉਨਾਂ ਦੇ ਸਮਰਥਕਾਂ ਨੂੰ ਯੂਨਾਈਟਿਡ ਖ਼ਾਲਸਾ ਦਲ ਵੱਲੋਂ ਅਪੀਲ ਕੀਤੀ ਗਈ ਹੈ ਕਿ ਉਹ ਇਸ ਰਸਤੇ ਤੇ ਬਿਲਕੁਲ ਨਾ ਤੁਰਨ। ਦੁਸ਼ਮਣ ਨੂੰ ਹਰਾਉਣ ਦੇ ਲਈ ਆਤਮਘਾਤ ਦਾ ਤਰੀਕਾ ਵਰਤਣਾ ਵਾਜਿਬ ਨਹੀਂ। ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਦੀ ਮਿਸਾਲ ਸਭ ਦੇ ਸਾਹਮਣੇ ਹੈ। ਮੋਦੀ ਐਂਡ ਕੰਪਨੀ ਨੂੰ ਹਰਾਉਣ ਲਈ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਤੋਂ ਸੇਧ ਲੈਣੀ ਜ਼ਰੂਰੀ ਹੈ। ਸਤਿਕਾਰਯੋਗ ਬਾਬਾ ਰਾਮ ਸਿੰਘ ਦੇ ਅਕਾਲ ਚਲਾਣੇ ਨਾਲ ਖ਼ਾਲਸਾ ਪੰਥ ਇਕ ਨਿਸ਼ਕਾਮ ਕੀਰਤਨੀਏ ਤੋਂ ਵਾਂਝਾ ਹੋ ਗਿਆ। ਯੂਨਾਈਟਿਡ



ਖ਼ਾਲਸਾ ਦਲ ਯੂ.ਕੇ. ਵੱਲੋਂ ਬਾਬਾ ਰਾਮ ਸਿੰਘ ਦੀਆਂ ਪੰਥ ਪ੍ਰਤੀ ਕੀਤੀਆਂ ਮਹਾਨ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਸਾਨ ਹਿਤੈਸ਼ੀ ਵਕੀਲਾਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਕਾਤਲਾਂ ਖ਼ਿਲਾਫ਼ ਮੁਕੱਦਮਾ ਦਰਜ ਕਰਵਾਉਣ ਦੀ ਸਨਿਮਰ ਅਪੀਲ ਕੀਤੀ ਗਈ ਹੈ ।

# ਜੋਗਾ ਸਿੰਘ ਵੱਲੋਂ ਇੰਡੀਅਨ ਅੰਬੈਸੀ ਅੱਗੇ ਕਿਸਾਨਾਂ ਦੇ ਹੱਕ ਵਿੱਚ ਲਾਇਆ ਹੋਇਆ ਮੋਰਚਾ 14ਵੇਂ ਦਿਨ ਵਿੱਚ ਹੋਇਆ ਦਾਖਲ

**ਨਿਊਯਾਰਕ/ਮੱਖਣ ਸਿੰਘ ਕਲੇਰ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਨਿਊਜਰਸੀ ਯੂਨਿਟ ਦੇ ਪ੍ਰਧਾਨ ਸ. ਜੋਗਾ ਸਿੰਘ ਨੇ ਜਥੇਬੰਦੀ ਦੇ ਸਹਿਯੋਗ ਨਾਲ 14 ਦਿਨਾਂ ਤੋਂ ਕਿਸਾਨਾਂ ਦੇ ਹੱਕ ਵਿੱਚ ਨਿਊਯਾਰਕ ਵਿਖੇ ਇੰਡੀਅਨ ਅੰਬੈਸੀ ਮੂਹਰੇ ਮੋਰਚਾ ਲਾਇਆ ਹੋਇਆ ਹੈ। ਸ. ਜੋਗਾ ਸਿੰਘ ਹਰ ਰੋਜ਼ ਨਿਊਜਰਸੀ ਤੋਂ ਨਿਊਯਾਰਕ ਪਹੁੰਚਦੇ ਹਨ। ਉਨਾਂ ਵੱਲੋਂ ਆਪਣੇ ਸਰੀਰ ਨਾਲ ਸਿੱਖ ਰਾਜ ਨਾਲ ਸਬੰਧਤ ਪੋਸਟਰ, ਕਿਸਾਨੀ ਮੋਰਚੇ ਨਾਲ ਸਬੰਧਤ ਪੋਸਟਰ ਤੇ ਬੈਨਰ ਬੰਨ ਕੇ ਅੰਬੈਸੀ ਦੇ ਅੱਗੇ ਚੱਕਰ ਲਗਾਏ ਜਾਂਦੇ ਹਨ। ਉਨਾਂ ਦੇ ਇਸ ਉੱਦਮ ਨੂੰ ਦੇਖਦੇ ਹੋਏ ਕਈ ਵੀਰ ਉਨਾਂ ਕੋਲ ਹਾਜ਼ਰੀ ਲਗਵਾਉਣ ਵਾਸਤੇ ਪਹੁੰਚਦੇ ਹਨ।




ਸਾਰੇ ਪਾਸਿਓਂ ਉਨਾਂ ਦੀ ਸ਼ਲਾਘਾ ਕੀਤੀ ਜਾ ਰਹੀ ਹੈ। ਇੱਥੋਂ ਤੱਕ ਸੋਸ਼ਲ ਮੀਡੀਏ ’ਤੇ ਵੀ ਉਨਾਂ ਦੀ ਚਰਚਾ ਖ਼ੂਬ ਚੱਲ ਰਹੀ ਹੈ। ਜਿੱਥੇ ਪੂਰੀ ਦੁਨੀਆ ਵਿੱਚ ਕਿਸਾਨੀ ਮੋਰਚੇ ਦੇ ਹੱਕ ਵਿੱਚ ਰੈਲੀਆਂ ਕੀਤੀਆਂ ਜਾ ਰਹੀਆਂ ਹਨ, ਉੱਥੇ ਹੀ ਇਸ ਸਵਾ ਲੱਖ ਖ਼ਾਲਸੇ ਨੇ ਕੁਝ ਵੱਖਰਾ ਕਰਨ ਦੀ ਕੋਸ਼ਿਸ਼ ਕੀਤੀ ਹੈ । ਸ. ਜੋਗਾ ਸਿੰਘ ਦਾ ਕਹਿਣਾ ਹੈ ਕਿ ਵਾਹਿਗੁਰੂ ਜੀ ਨੇ ਆਪ ਹੌਸਲਾ ਦੇ ਕੇ ਇਹ ਕਾਰਜ ਕਰਵਾਇਆ ਹੈ। ਉਨਾਂ ਦੀ ਕ੍ਰਿਪਾ ਸਦਕਾ ਹੀ ਲਗਾਤਾਰ ਅੱਗੇ ਚਲਦਾ ਜਾਏਗਾ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਵੀ ਉਨਾਂ ਦੀ ਇਸ ਕਾਰਜ ਵਾਸਤੇ ਸ਼ਲਾਘਾ ਕੀਤੀ ਗਈ ਤੇ ਧੰਨਵਾਦ ਵੀ ਕੀਤਾ ਕਿ ਉਨਾਂ ਨੇ ਕਿਸਾਨਾਂ ਦੇ ਸੰਘਰਸ਼ ਵਿੱਚ ਆਪਣਾ ਬਣਦਾ ਯੋਗਦਾਨ ਪਾਇਆ।

# ਮੋਦੀ ਦਾ ਗੁਰਦੁਆਰਾ ਰਕਾਬਗੰਜ ਸਾਹਿਬ ਜਾਣਾ ਸਿਆਸਤ ਤੋਂ ਪ੍ਰੇਰਿਤ

## ਸਾਵਧਾਨ ਰਹਿਣ ਦੀ ਲੋੜ-ਜਥੇਦਾਰ ਹਵਾਰਾ ਕਮੇਟੀ

**ਅੰਮ੍ਰਿਤਸਰ/ ਪ੍ਰੋਫੈਸਰ ਬਲਜਿੰਦਰ ਸਿੰਘ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਦਿਹਾੜੇ ਤੇ ਗੁਰਦੁਆਰਾ ਰਕਾਬਗੰਜ ਵਿਖੇ ਜਾਣਾ ਕਿਸਾਨ ਮੋਰਚੇ ਨੂੰ ਲੁਭਾਉਣ ਦੀ ਸਿਆਸਤ ਤੋਂ ਪ੍ਰੇਰਿਤ ਹੈ। ਇਸ ਲਈ ਸੰਘਰਸ਼ ਨਾਲ ਸਿੱਧੇ ਤੇ ਅਸਿੱਧੇ ਤੌਰ ’ਤੇ ਜੁੜੇ ਲੋਕਾਂ ਨੂੰ ਮੋਦੀ ਦੇ ਨਾਟਕੀ ਢੰਗ ਨਾਲ ਕੀਤੇ ਜਾ ਰਹੇ ਤੌਰ-ਤਰੀਕਿਆਂ ਤੋਂ ਸਾਵਧਾਨ ਰਹਿਣ ਦੀ ਲੋੜ ਹੈ। ਇਹ ਵਿਚਾਰ ਜਥੇਦਾਰ ਹਵਾਰਾ ਕਮੇਟੀ ਨੇ ਦਿੱਤੇ।

ਕਮੇਟੀ ਆਗੂਆਂ ਨੇ ਕਿਹਾ ਕਿਸਾਨ ਸੰਘਰਸ਼ ਨੂੰ ਭਾਰਤ ਅਤੇ ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਤੋਂ ਮਿਲ ਰਹੇ ਭਰਵੇਂ ਸਮਰਥਨ ਨੇ ਮੋਦੀ ਸਰਕਾਰ ਦੀ ਨੀਂਦ ਉਡਾ ਦਿੱਤੀ ਹੈ। ਇਸ ਤੋਂ ਪਹਿਲਾਂ ਸਰਕਾਰ ਨੂੰ ਏਨੀ ਵੱਡੀ ਚੁਨੌਤੀ ਦਾ ਸਾਹਮਣਾ ਕਦੇ ਵੀ ਨਹੀਂ ਕਰਨਾ ਪਿਆ। ਸ਼ਹੀਦੀ ਦਿਹਾੜਾ ਤਾਂ ਹਰ ਸਾਲ ਆਉਂਦਾ ਹੈ ਪਰ ਮੋਦੀ ਸਰਕਾਰ ਨੂੰ ਆਪਣੇ ਪਿਛਲੇ ਸੱਤਾਂ ਸਾਲਾਂ ਵਿੱਚ ਇਹ ਚੇਤੇ ਨਹੀਂ ਆਇਆ। ਸਰਬੱਤ ਖਾਲਸਾ ਵੱਲੋਂ ਥਾਪੇ ਗਏ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਦੀ ਕਮੇਟੀ ਦੇ ਆਗੂ ਐਡਵੋਕੇਟ ਅਮਰ ਸਿੰਘ ਚਾਹਲ, ਪ੍ਰੋਫੈਸਰ ਬਲਜਿੰਦਰ ਸਿੰਘ, ਬਾਪੂ ਗੁਰਚਰਨ ਸਿੰਘ, ਮਹਾਬੀਰ ਸਿੰਘ ਸੁਲਤਾਵਿੰਡ, ਬਲਬੀਰ ਸਿੰਘ ਹਿਸਾਰ, ਐਡਵੋਕੇਟ ਦਿਲਸ਼ੇਰ ਸਿੰਘ ਜੰਡਿਆਲਾ ਆਦਿ ਨੇ ਕਿਹਾ ਕਿ ਚੰਗਾ ਹੁੰਦਾ ਜੇ ਕਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜਿਨਾਂ ਨੇ ਬੇਇਨਸਾਫੀ, ਜ਼ੁਲਮ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਵਿਰੋਧ ਵਿੱਚ ਸ਼ਹਾਦਤ ਦਿੱਤੀ ਸੀ ਤੋਂ ਪ੍ਰੇਰਣਾ ਲੈ ਕੇ ਮੋਦੀ ਤਿੰਨੇ ਕਾਲੇ ਕਾਨੂੰਨਾਂ ਨੂੰ ਰੱਦ ਕਰਕੇ ਆਪਣੀ ਗਲਤੀ ਦੀ ਮੁਆਫੀ ਮੰਗਣ ਲਈ ਗੁਰਦੁਆਰਾ ਰਕਾਬ ਗੰਜ ਵਿਖੇ ਜਾਂਦਾ। ਹੁਣ ਤੱਕ 22 ਤੋਂ ਵੱਧ ਸ਼ਹੀਦ ਹੋਏ ਕਿਸਾਨਾਂ ਦੀ ਜ਼ੁੰਮੇਵਾਰੀ ਸਰਕਾਰ ਦੇ ਕਰੂਰ ਚੇਹਰੇ ਦੀ ਗਵਾਹੀ ਭਰਦੀ ਹੈ। ਪੋਹ ਮਹੀਨੇ ਦੀ ਹੱਢ ਚੀਰਦੀ ਠੰਢ ਵਿੱਚ ਬਜ਼ੁਰਗ ਮਾਤਾਵਾਂ, ਬੱਚਿਆਂ, ਬੁੱਢਿਆਂ ਨੂੰ ਸੰਤਾਪ ਦੀ ਦਲ-ਦਲ਼ ਵਿੱਚ ਧੱਕਣ ਵਾਲੇ ਅਤੇ ਉਨਾਂ ’ਤੇ ਜ਼ੁਲਮ ਢਾਹੁਣ ਵਾਲੇ ਪ੍ਰਧਾਨ ਮੰਤਰੀ ਦਾ ਗੁਰਦੁਆਰਾ ਰਕਾਬਗੰਜ ਜਾਣਾ ਗੁਰੂ ਨੂੰ ਪ੍ਰਵਾਨ ਨਹੀਂ ਹੋਣਾ। ਉਨਾਂ ਕਿਹਾ ਕਿ ਮੋਦੀ ਸਰਕਾਰ ਦਾ ਕਿਸਾਨ ਵਿਰੋਧੀ ਤੇ ਕਾਰਪੋਰੇਟ ਘਰਾਣਿਆਂ ਪੱਖੀ ਚਿਹਰਾ ਨੰਗਾ ਹੋ ਚੁੱਕਾ ਹੈ ਜੋ ਗੁਰਦੁਆਰਾ ਰਕਾਬਗੰਜ ਸਾਹਿਬ ਦੀ ਫੇਰੀ ਨਾਲ ਢਕਿਆ ਨਹੀਂ ਜਾ ਸਕਦਾ।

# ਕਿਸਾਨਾਂ ਦੇ ਹੱਕ ਵਿਚ ਵਿਸ਼ਾਲ ਕਾਰ ਰੈਲੀ

**ਨਿਊਯਾਰਕ/ਰਾਜ ਗੋਗਨਾ:** ਬੀਤੇ ਦਿਨ ਅਮਰੀਕਾ ਦੇ ਸੂਬੇ ਕਨੇਕਟੀਕਟ ਦੇ ਸਮੂਹ ਸਿੱਖ ਭਾਈਚਾਰੇ ਵੱਲੋਂ ਕਨੇਕਟੀਕਟ ਵਿੱਚ ਪਹਿਲੀ ਵਾਰ ਇੰਨੇ ਵੱਡੇ ਇਕੱਠ ਨੇ ਕਿਸਾਨਾਂ ਦੇ ਹੱਕ ਵਿੱਚ ਵੱਡੀ ਕਾਰ ਰੈਲੀ ਕੱਢੀ ਜਿਸ ਵਿੱਚ ਹਜ਼ਾਰਾਂ ਕਾਰਾਂ ਦਾ ਕਾਫ਼ਲਾ ਹਾਰਡਫੋਰਡ ਕਨੇਕਟੀਕਟ ਦੀ ਰਾਜਧਾਨੀ ਵਿੱਚ ਸਟੇਟ ਅਸੈਂਬਲੀ ਦੇ ਸਾਹਮਣੇ ਤੋਂ ਪੰਜਾਬ ਦੇ ਕਿਸਾਨਾਂ ਦੇ ਹੱਕ ਵਿੱਚ ਪੂਰੇ ਜੋਸ਼ ਨਾਲ ਨਾਹਰੇ ਲਾਉਂਦਾ ਹੋਇਆ ਨਿਕਲਿਆ। ਵੱਡੀ ਗਿਣਤੀ ਦੇ ਇਸ ਇਕੱਠ ਨੇ ਕਿਸਾਨ ਏਕਤਾ ਅਤੇ ਖ਼ਾਲਸਾਈ ਨਿਸ਼ਾਨਾਂ ਨੇ ਭਾਰਤੀ ਝੂਠੇ ਮਖੌਟੇ ਨੂੰ ਪੂਰੀ ਤਰਾਂ ਬੇਨਕਾਬ ਕੀਤਾ ਹੈ। ਕਨੇਟੀਕਟ ਦੀਆਂ ਸਮੂਹ ਸੰਗਤਾਂ ਵੱਲੋਂ ਭਾਰਤੀ ਸਰਕਾਰ ਨੂੰ ਲਲਕਾਰ ਪਾਉਂਦੇ ਕਿਸਾਨਾਂ ਤੇ ਥੋਪੇ ਗਏ ਕਾਲੇ ਕਾਨੂੰਨ ਵਾਪਸ ਲੈਣ ਦੀ ਪੁਰਜ਼ੋਰ ਮੰਗ ਕੀਤੀ ਗਈ ਅਤੇ ਅਮਰੀਕਾ ਦੇ ਕਨੇਕਟੀਕਟ ਸਟੇਟ ਵਿੱਚ ਕਿਸਾਨਾਂ ਦੇ ਹੱਕ ’ਚ ਇਹ ਵੱਡੀ ਰੋਸ ਕਾਰ ਰੈਲੀ ਦੱਸੀ ਜਾ ਰਹੀ ਹੈ ਜਿਸ ਨੂੰ ਅਮਰੀਕਨ ਮੀਡੀਆ ਵੱਲੋਂ ਵੀ ਵੱਡੇ ਪੱਧਰ ’ਤੇ ਤਰਜ਼ੀਹ ਦਿੱਤੀ ਗਈ।

DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਬੀਬੀ ਜੀ ! ਐਨੀ ਵੱਡੀ ਸੰਸਥਾ 'ਤੇ ਬਹਿ ਕੇ ਐਨਾ ਵੱਡਾ

# ਕੁਫ਼ਰ ਨਾ ਤੋਲੋ ! ਸ਼ਰਮ ਕਰੋ ! ਕੁਝ ਸ਼ਰਮ !



**- ਰਣਜੀਤ ਸਿੰਘ ਦਮਦਮੀ ਟਕਸਾਲ**
**(ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)**
**88722-93883**

ਮੋਦੀ ਸਰਕਾਰ ਵੱਲੋਂ ਬਣਾਏ ਖੇਤੀ ਕਾਲ਼ੇ ਕਾਨੂੰਨਾਂ ਖ਼ਿਲਾਫ਼ ਪੰਜਾਬ ਦੇ ਕਿਸਾਨ ਪਿਛਲੇ ਤਿੰਨ ਮਹੀਨਿਆਂ ਤੋਂ ਸਿਰ-ਧੜ ਦੀ ਬਾਜ਼ੀ ਲਾ ਕੇ ਸੰਘਰਸ਼ ਕਰ ਰਹੇ ਹਨ ਤੇ 26 ਨਵੰਬਰ ਤੋਂ ਸਿੰਘੂ ਅਤੇ ਟਿਕਰੀ ਸਰਹੱਦ 'ਤੇ ਮੋਰਚਾ ਲਾ ਕੇ ਕਿਸਾਨ ਦਿੱਲੀ ਨੂੰ ਘੇਰਾ ਪਾ ਕੇ ਬੈਠੇ ਹੋਏ ਹਨ। ਇਸ ਸੰਘਰਸ਼ ਦੌਰਾਨ ਕਈ ਕਿਸਾਨਾਂ ਦੀ ਜਾਨ ਵੀ ਜਾ ਚੁੱਕੀ ਹੈ। ਜਦ ਇਹ ਖੇਤੀ ਬਿੱਲ ਮੋਦੀ ਸਰਕਾਰ ਨੇ ਘੜੇ ਸਨ ਤਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀਡੀਓ ਜਾਰੀ ਕਰਕੇ ਨਵੇਂ ਖੇਤੀ ਬਿੱਲਾਂ ਦੇ ਸੋਹਿਲੇ ਗਾਉਂਦੇ ਰਹੇ ਤੇ ਇਨਾਂ ਦੇ ਬਾਕੀ ਆਗੂ, ਵਰਕਰ ਤੇ ਚਾਪਲੂਸ ਉਸ ਸਮੇਂ ਮੋਦੀ ਸਾਬ ਜ਼ਿੰਦਾਬਾਦ ਕਰਦੇ ਰਹੇ।

ਪਰ ਹੁਣ ਜਦੋਂ ਕਿਸਾਨਾਂ ਦਾ ਸੰਘਰਸ਼ ਸਿਖ਼ਰਾਂ 'ਤੇ ਪਹੁੰਚ ਚੁੱਕਾ ਹੈ ਤਾਂ ਬਾਦਲ ਪਰਿਵਾਰ ਨੇ ਪੰਜਾਬ ਵਿਚੋਂ ਆਪਣਾ ਭਵਿੱਖ ਤਬਾਹ ਹੁੰਦਾ ਵੇਖ ਕੇ ਡਰਾਮੇ ਕਰਨੇ ਸ਼ੁਰੂ ਕਰ ਦਿੱਤੇ ਹਨ। ਬਾਦਲ ਦਲੀਏ ਪੰਜਾਬ ਦੇ ਲੋਕਾਂ ਅਤੇ ਕਿਸਾਨਾਂ ਨੂੰ ਭਰਮਾਉਣ, ਵਰਗਲਾਉਣ , ਫੁਸਲਾਉਣ ਦਾ ਹਰ ਯਤਨ ਕਰ ਰਹੇ ਹਨ। ਕਿਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦਾ ਅਸਤੀਫ਼ਾ, ਕਿਤੇ ਭਾਜਪਾ ਨਾਲੋਂ ਗਠਜੋੜ ਤੋੜਨ ਦੇ ਐਲਾਨ ਅਤੇ ਕਿਤੇ ਪਦਮ ਵਿਭੂਸ਼ਣ ਪੁਰਸਕਾਰ ਵਾਪਸ ਕਰਨ ਦੇ ਬਿਆਨ ਜਾਰੀ ਕੀਤੇ ਜਾ ਰਹੇ ਹਨ।

ਹੁਣ ਬਾਦਲਾਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਵ-ਨਿਯੁਕਤ ਪ੍ਰਧਾਨ ਬੀਬੀ ਜਗੀਰ ਕੌਰ ਨੇ ਇੱਕ ਛੁਰਲੀ ਛੱਡ ਦਿੱਤੀ ਹੈ 'ਅਖੇ ਇਹ ਸੰਘਰਸ਼ ਸ਼ੁਰੂ ਹੀ ਅਸੀਂ ਕੀਤਾ ਸੀ, ਤੇ ਅਸੀਂ ਹੀ ਕਿਸਾਨ ਯੂਨੀਅਨਾਂ ਨੂੰ ਅੱਗੇ ਲਾਇਆ ਏ, ਤੇ ਸਾਡੇ ਹੀ ਵਰਕਰ ਓਥੇ ਜਾ ਰਹੇ ਨੇ।'

ਸੋਸ਼ਲ ਮੀਡੀਆ 'ਤੇ ਲੋਕਾਂ ਵੱਲੋਂ ਬੀਬੀ ਜਗੀਰ ਕੌਰ ਦੇ ਇਨਾਂ ਹਵਾਈ ਬੋਲਾਂ ਦਾ ਬੜਾ ਭਾਰੀ ਮਖ਼ੌਲ ਉਡਾਇਆ ਜਾ ਰਿਹਾ ਹੈ ਤੇ ਲੋਕ ਬੀਬੀ ਜਗੀਰ ਕੌਰ ਸਮੇਤ ਬਾਦਲਕਿਆਂ ਨੂੰ ਲਾਹਨਤਾਂ ਪਾ ਰਹੇ ਹਨ।

ਕਿਸਾਨ ਜਥੇਬੰਦੀਆਂ ਨੇ ਵੀ ਬੀਬੀ ਜਗੀਰ ਕੌਰ ਦੇ ਬਿਆਨ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬੀਬੀ ਜਗੀਰ ਕੌਰ ਨੂੰ ਤਲਬ ਕਰਨ ਅਤੇ ਅਕਾਲੀ ਦਲ ਦੇ ਪ੍ਰਧਾਨ ਵੀ ਇਸ ਤਰਾਂ ਦੀ ਗ਼ਲਤ ਬਿਆਨਬਾਜ਼ੀ ਨੂੰ ਰੋਕਣ।

ਬੀਬੀ ਜਗੀਰ ਕੌਰ ਨੂੰ ਵੀ ਸ਼ਰਮ ਆਉਣੀ ਚਾਹੀਦੀ ਹੈ ਕਿ ਉਹ ਪੰਥ ਦੀ ਐਨੀ ਵੱਡੀ ਮਹਾਨ ਸੰਸਥਾ 'ਤੇ ਬਹਿ ਕੇ ਐਨਾ ਵੱਡਾ ਕੁਫ਼ਰ ਤੋਲ ਰਹੀ ਹੈ। ਕੀ ਸੁਖਬੀਰ ਬਾਦਲ ਤੋਂ ਬਾਅਦ ਹੁਣ ਵੱਡੇ-ਵੱਡੇ ਗਪੌੜ ਛੱਡਣ ਦੀ ਜ਼ਿੰਮੇਵਾਰੀ ਤੁਸੀਂ ਸਾਂਭ ਲਈ ਹੈ। ਬੀਬੀ ਜੀ ਇਹ ਸੰਘਰਸ਼ ਤੁਹਾਡੀ ਪਾਰਟੀ ਨੇ ਨਹੀਂ ਬਲਕਿ ਕਿਸਾਨਾਂ ਨੇ ਸ਼ੁਰੂ ਕੀਤਾ ਹੈ, ਇਹ ਨਿਰੋਲ ਕਿਸਾਨੀ ਸੰਘਰਸ਼ ਹੈ ਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਅਤੇ ਪੰਜਾਬ ਦੇ ਨੌਜਵਾਨਾਂ ਨੇ ਹਰਿਆਣਾ ਅਤੇ ਦਿੱਲੀ ਪੁਲਿਸ ਦੀਆਂ ਰੋਕਾਂ ਤੋੜ ਕੇ ਇਸ ਨੂੰ ਬੁਲੰਦੀਆਂ 'ਤੇ ਪਹੁੰਚਾਇਆ ਹੈ। ਕਿਸਾਨੀ ਮੋਰਚੇ ਵਿਚ ਪੰਜਾਬ ਦਾ ਰਹਿਣ ਵਾਲਾ ਹਰੇਕ ਬਾਸ਼ਿੰਦਾ ਹਾਜ਼ਰੀ ਭਰ ਰਿਹਾ ਹੈ, ਚਾਹੇ ਉਹ ਕਿਸੇ ਵੀ ਪਾਰਟੀ, ਧੰਦੇ, ਅਦਾਰੇ ਜਾਂ ਵਿਚਾਰਧਾਰਾ ਨਾਲ ਜੁੜਿਆ ਹੋਵੇ।

ਬੀਬੀ ਜੀ! ਪੰਜਾਬ ਵਾਸੀ ਭੁੱਲੇ ਨਹੀਂ ਜਦੋਂ ਤੁਸੀਂ ਅਕਾਲੀ ਸਰਕਾਰ ਵੇਲੇ ਆਪਣੀ ਇੱਕ ਇੰਟਰਵਿਊ 'ਚ ਕਿਹਾ ਸੀ ਕਿ 'ਉਹ ਸਰਕਾਰ ਕੀ ਕਰੇ ਜੀ! ਸਗੋਂ ਚੰਗਾ ਹੋਇਆ ਕਿਸਾਨ ਮਰਿਆ ਹੁਣ ਉਸ ਦੇ ਪਰਿਵਾਰ ਨੂੰ ਲੱਖ ਰੁਪਿਆ ਤੇ ਮਿਲੂ।'

ਤੁਹਾਡੀ ਬਾਦਲ ਸਰਕਾਰ ਵੇਲੇ ਕਿਸਾਨਾਂ



ਉੱਤੇ ਲਾਠੀਚਾਰਜ ਹੁੰਦਾ ਰਿਹਾ, ਤੁਸੀਂ ਸੜਕਾਂ 'ਤੇ ਸਿੱਖ ਕਿਸਾਨਾਂ ਦੀਆਂ ਪੱਗਾਂ ਰੋਲਦੇ ਰਹੇ। ਹੁਣ ਵੀ ਜੇ ਤੁਹਾਡੀ ਪੰਜਾਬ ਵਿਚ ਬਾਦਲਾਂ ਦੀ ਸਰਕਾਰ ਹੁੰਦੀ ਤਾਂ ਤੁਸੀਂ ਫੇਰ ਰੱਜ ਕੇ ਕਿਸਾਨਾਂ ਉੱਤੇ ਜ਼ੁਲਮ-ਤਸ਼ੱਦਦ ਕਰਨਾ ਸੀ ਤੇ ਦਿੱਲੀ ਜਾਣ ਤੋਂ ਰੋਕਣ ਲਈ ਹਰਿਆਣਾ ਸਰਕਾਰ ਵਾਂਗੂੰ ਹਰ ਹੀਲਾ ਵਰਤਣਾ ਸੀ।

ਅੱਜ ਜਦੋਂ ਪੰਜਾਬ ਦੇ ਕਿਸਾਨ ਦਿੱਲੀ ਦੀ ਹਿੱਕ ਉੱਤੇ ਚੜ ਕੇ ਸੰਘਰਸ਼ ਕਰ ਰਹੇ ਹਨ ਤਾਂ ਬਾਦਲ ਪਰਿਵਾਰ ਕਿਤੇ ਨੇੜੇ-ਤੇੜੇ ਵੀ ਨਹੀਂ ਦਿਸਦਾ, ਇਸ ਸੰਘਰਸ਼ ਵਿਚੋਂ ਬਾਦਲਕੇ ਬਿਲਕੁਲ ਮਨਫ਼ੀ ਹੋ ਚੁੱਕੇ ਹਨ ਤੇ ਇੱਧਰ ਪੰਜਾਬ 'ਚ ਬੀਬੀ ਜਗੀਰ ਕੌਰ ਅਤੇ ਉਸ ਦੇ ਆਕਾ ਬਾਦਲਕੇ ਕਿਸਾਨਾਂ ਦੀ ਸੰਘਰਸ਼ ਦੀ ਆੜ ਹੇਠ ਸੱਤਾ ਭਾਲਦੇ ਫਿਰਦੇ ਹਨ।

ਬੀਬੀ ਜਗੀਰ ਕੌਰ ਜੀ! ਯਾਦ ਰੱਖਿਓ! ਤੁਹਾਡੇ ਮਾਲਕਾਂ ਨੇ (ਬਾਦਲ ਸਾਬ ਨੇ) 23 ਸਾਲ ਭਾਜਪਾ ਨਾਲ ਮਿਲ ਕੇ ਜੋ ਪਾਪ ਕੀਤੇ ਹਨ ਹੁਣ ਅਜਿਹੀਆਂ ਬਿਆਨਬਾਜੀਆਂ ਕਰਕੇ ਧੋਤੇ ਨਹੀਂ ਜਾਣੇ। ਤੁਸੀਂ ਸਾਡੀਆਂ ਜ਼ਮੀਨਾਂ ਨੂੰ ਖੋਹਣ, ਪਾਣੀਆਂ ਨੂੰ ਲੁਟਾਉਣ ਵਾਲਾ ਜਿੱਦਾਂ ਦਾ ਬੀਜ ਪੰਜਾਬ ਵਿਚ ਬੀਜਿਆ ਹੈ ਓਦਾਂ ਦਾ ਹੀ ਤੁਹਾਨੂੰ ਵੱਢਣਾ ਪੈਣਾ ਹੈ।

ਪਹਿਲਾਂ ਅਕਾਲੀ ਦਲ ਦੀਆਂ ਗ਼ਲਤ ਨੀਤੀਆਂ ਕਾਰਨ ਪੰਥ ਤੁਹਾਡੇ ਤੋਂ ਦੂਰ ਹੋਇਆ ਹੁਣ ਕਿਸਾਨ ਵੀ ਤੁਹਾਡਾ ਖਹਿੜਾ ਛੱਡ ਚੁੱਕਾ ਹੈ। ਇਤਿਹਾਸ ਵਿੱਚ ਤੁਹਾਡਾ ਨਾਂ ਚੋਟੀ ਦੇ ਗ਼ੱਦਾਰਾਂ 'ਚ ਲਿਖਿਆ ਜਾ ਰਿਹਾ ਹੈ। ਬਾਦਲਕਿਆਂ ਦੀਆਂ ਅੰਬਾਨੀ-ਅਡਾਨੀ ਨਾਲ ਤਸਵੀਰਾਂ ਆਮ ਮਿਲਦੀਆਂ ਹਨ। ਬੀਬੀ ਜੀ ਇੱਕ ਤਸਵੀਰ ਵਿੱਚ ਤਾਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤੁਹਾਡਾ ਘੁੱਟ ਕੇ ਹੱਥ ਫੜਿਆ ਹੋਇਆ ਹੈ ਤੇ ਤੁਹਾਡੇ ਤੋਂ ਖ਼ੁਸ਼ੀ ਝੱਲੀ ਨਹੀਂ ਜਾ ਰਹੀ।

ਬੀਬੀ ਜੀ! ਸਮਝ ਨਹੀਂ ਆਉਂਦੀ ਤੁਹਾਡੇ ਕਿਹੜੇ-ਕਿਹੜੇ ਪਾਪਾਂ ਦਾ ਜ਼ਿਕਰ ਕਰੀਏ । ਨਾਨਕ ਸ਼ਾਹ ਫ਼ਕੀਰ ਫ਼ਿਲਮ ਨੂੰ ਹਰੀ ਝੰਡੀ ਦੇਣ ਵਾਲੇ ਤੁਸੀਂ ਓ, ਪੋਸਟਰ ਵੀ ਰਿਲੀਜ਼ ਤੁਸਾਂ ਕੀਤਾ, ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸਿੰਘਣੀ ਬੀਬੀ ਪਰਮਜੀਤ ਕੌਰ ਖਾਲੜਾ ਵਿਰੁੱਧ ਚੋਣ ਲੜਨ ਵਾਲੇ ਵੀ ਤੁਸੀਂ ਓ, ਸਿੱਖਾਂ ਦੇ ਕਾਤਲ ਇਜ਼ਹਾਰ ਆਲਮ ਦੀ ਘਰਵਾਲੀ ਫ਼ਰਜ਼ਾਨਾ ਆਲਮ ਨੂੰ ਜਨਰਲ ਸਕੱਤਰ ਦਾ ਅਹੁਦਾ ਦੇਣ ਵਾਲੇ ਵੀ ਤੁਸੀਂ ਓ। ਆਪਣੀ ਹੀ ਕੁੜੀ ਅਤੇ ਉਸ ਦਾ ਬੱਚਾ ਮਾਰਨ ਦੇ ਦੋਸ਼ ਤੁਹਾਡੇ ਉੱਤੇ ਲਗ ਚੁੱਕੇ ਹਨ ਅਤੇ ਉਸ ਕੇਸ ਵਿੱਚ ਤੁਸੀਂ ਜੇਲ ਦੀ ਹਵਾ ਵੀ ਖਾ ਚੁੱਕੇ ਹੋ!

ਬਰਗਾੜੀ-ਬਹਿਬਲ ਤੇ ਕੋਟਕਪੂਰਾ ਕਾਂਡ 'ਚ ਤੁਸੀਂ ਬਾਦਲਾਂ ਨਾਲ ਖੜੇ ਰਹੇ, ਗੁਰੂ ਸਾਹਿਬ ਦੀ ਬੇਅਦਬੀ ਅਤੇ ਸਿੰਘਾਂ ਦੀਆਂ ਸ਼ਹਾਦਤਾਂ ਵੇਲੇ ਤੁਸੀਂ ਲਲਕਾਰੇ ਮਾਰਦੇ ਰਹੇ, ਸਿਰਸੇ ਵਾਲੇ ਨੂੰ ਬਲਾਤਕਾਰੀ ਅਸਾਧ ਨੂੰ ਮਾਫ਼ੀ ਦੇਣ ਵਿੱਚ ਤੁਹਾਡਾ ਰੋਲ ਰਿਹਾ। ਬਾਦਲਾਂ ਦੇ ਹਰੇਕ ਪਾਪ ਵਿਚ ਤੁਸੀਂ ਸ਼ਾਮਲ ਰਹੇ। ਹੁਣ ਵੀ ਲਾਪਤਾ 328 ਪਾਵਨ ਸਰੂਪਾਂ ਦੇ ਮਾਮਲੇ 'ਚ ਤੁਸੀਂ ਚੁੱਪ ਓ ਤੇ ਦੋਸ਼ੀਆਂ ਨੂੰ ਬਚਾਉਣ ਲਈ ਬੇਤੁਕੇ ਬਿਆਨ ਦੇ ਰਹੇ ਹੋ।

ਬੀਬੀ ਜੀ! ਤੁਸੀਂ ਤਾਂ ਗੁਰੂ ਦੇ ਨਹੀਂ ਬਣੇ, ਕਿਸਾਨਾਂ ਦਾ ਭਲਾ ਕੀ ਸੋਚੋਗੇ!

# ਸ਼ਹੀਦ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਬਰਸੀ ਅਕਾਲ ਤਖਤ ਸਾਹਿਬ ਤੇ ਹਰ ਸਾਲ ਮਨਾਈ ਜਾਵੇ

## ਯੂ.ਕੇ. ਦੀਆਂ ਸਿੱਖ ਜਥੇਬੰਦੀਆਂ ਨੇ ਅਕਾਲ ਤਖਤ ਨੂੰ ਭੇਜਿਆ ਵਿਸ਼ੇਸ਼ ਪੱਤਰ

ਲੰਡਨ- ਬਰਤਾਨੀਆ ਦੀਆਂ ਸਿੱਖ ਜਥੇਬੰਦੀਆਂ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਗਈ ਹੈ ਕਿ ਅਮਰ ਸ਼ਹੀਦ ਭਾਈ ਗੁਰਦੇਵ ਸਿੰਘ ਜੀ ਕਾਉਂਕੇ ਜਥੇਦਾਰ ਦੀ ਬਰਸੀ ਅਕਾਲ ਤਖ਼ਤ ਸਾਹਿਬ 'ਤੇ ਮਨਾਈ ਜਾਵੇ । ਭਾਈ ਨਿਰਮਲ ਸਿੰਘ ਸੰਧੂ ਪ੍ਰਧਾਨ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜਨਰਲ ਸਕੱਤਰ ਯੂਨਾਈਟਿਡ ਖਾਲਸਾ ਦਲ ਯੂ.ਕੇ., ਜਥੇਦਾਰ ਚਰਨ ਸਿੰਘ ਮੁਖੀ ਧਰਮਯੁੱਧ ਜਥਾ ਦਮਦਮੀ ਟਕਸਾਲ ਯੂ.ਕੇ. ਅਤੇ ਭਾਈ ਜਸਪਾਲ ਸਿੰਘ ਬੈਂਸ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਕੇ. ਵਲੋਂ ਆਖਿਆ ਗਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸ਼ਹੀਦ ਭਾਈ ਗੁਰਦੇਵ ਸਿੰਘ ਜੀ ਕਾਉਂਕੇ ਵਲੋਂ ਜਿੱਥੇ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ, ਉੱਥੇ ਉਨਾਂ ਨੇ ਸਿੱਖ ਕੌਮ ਦੀ ਅਜ਼ਾਦੀ ਲਈ ਸੰਘਰਸ਼ਸ਼ੀਲ ਸਿੱਖ ਨੌਜਵਾਨਾਂ ਦਾ ਡੱਟ ਕੇ ਸਾਥ ਦਿੱਤਾ। ਅੱਠੇ ਪਹਿਰ ਗੁਰਬਾਣੀ ਅਤੇ ਗੁਰਮੰਤਰ ਵਿੱਚ



ਵਿਲੀਨ ਰਹਿਣ ਵਾਲੇ ਉਸ ਸੱਤਵਾਦੀ ਪੁਰਸ਼ ਨੇ ਸਿੱਖ ਨੌਜਵਾਨਾਂ ਨੂੰ ਆਪਣੇ ਪੁੱਤਰਾਂ ਤੋਂ ਵੱਧ ਪਿਆਰ ਕੀਤਾ। ਜਿਸ ਕਾਰਨ ਪੁਲਿਸ ਨੇ ਅਨੇਕਾਂ ਵਾਰ ਗ੍ਰਿਫਤਾਰ ਕੀਤਾ ਅਤੇ ਉਨਾਂ ਉਪਰ ਭਾਰੀ ਤਸ਼ੱਦਦ ਢਾਹਿਆ। ਸਾਲ 1992 ਦੇ ਦਸੰਬਰ ਮਹੀਨੇ ਦੀ 25 ਤਰੀਕ ਵਾਲੇ ਦਿਨ ਉਨਾਂ ਨੂੰ ਆਖਰੀ ਵਾਰ ਗ੍ਰਿਫਤਾਰ ਕੀਤਾ ਗਿਆ ਜਦੋਂ ਉਨਾਂ ਨੇ ਆਪਣੇ ਪਿੰਡ ਦੇ ਗੁਰਦਵਾਰਾ ਸਾਹਿਬ ਵਿਖੇ ਕਥਾ ਦੀ ਸਮਾਪਤੀ ਕੀਤੀ। ਸੱਤ ਦਿਨ ਬੁੱਚੜ ਪੁਲਿਸ ਮੁਖੀ ਸਵਰਨੇ ਘੋਟਣੇ ਨੇ ਤਸ਼ੱਦਦ ਕਰਨ ਮਗਰੋਂ (ਇੱਕ ਜਨਵਰੀ 1993) ਜਦੋਂ ਪੂਰੀ ਦੁਨੀਆ ਇੰਗਲਿਸ਼ ਕੈਲੰਡਰ ਅਨੁਸਾਰ ਨਵੇਂ ਸਾਲ ਦੀ ਆਮਦ ਦੀਆਂ ਖੁਸ਼ੀਆਂ ਮਨਾ ਰਹੀ ਸੀ , ਉਸ ਵਕਤ ਸਿੱਖ ਕੌਮ ਦੇ ਜਥੇਦਾਰ ਨੂੰ ਕੋਹ ਕੋਹ ਕੇ ਸ਼ਹੀਦ ਕੀਤਾ ਸੀ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸਨਿਮਰ ਅਪੀਲ ਕੀਤੀ ਗਈ ਕਿ ਅਮਰ ਸ਼ਹੀਦ ਜਥੇਦਾਰ ਭਾਈ ਗੁਰਦੇਵ ਸਿੰਘ ਜੀ ਕਾਉਂਕੇ ਨਮਿਤ ਅਕਾਲ ਤਖਤ ਸਾਹਿਬ ਤੇ ਅਖੰਡ ਪਾਠ ਕਰਾਉਂਦਿਆ ਨਵੇ ਸਾਲ ਵਾਲੇ ਦਿਨ ਤੇ ਉਹਨਾਂ ਦੀ ਬਰਸੀ ਮਨਾਉਣ ਦੀ ਪਿਰਤ ਅਰੰਭੀ ਜਾਵੇ ਜਾਵੇ । ਜੋ ਕਿ ਜਥੇਦਾਰ ਸਮੇਤ ਸਮੁੱਚੀ ਕੌਮ ਦਾ ਇਖਲਾਕੀ ਫਰਜ਼ ਵੀ ਹੈ। ਜਥੇਦਾਰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਜੀ ਕਾਉਂਕੇ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਕੌਮੀ ਸ਼ਹੀਦ ਐਲਾਨਣ ਦੀ ਸਿੱਖ ਜਥੇਬੰਦੀਆਂ ਵਲੋਂ ਅਪੀਲ ਕੀਤੀ ਗਈ ਹੈ।

# ਜੇਸਨ ਕੈਨੀ ਦੀ ਸਰਕਾਰ ਵਿੱਚ ਭਾਰਤੀ ਮੂਲ ਦੀ ਮੰਤਰੀ ਬੀਬੀ ਰਾਜਨ ਸਾਹਨੀ ਨੇ ਕਿਸਾਨਾਂ ਦੇ ਹੱਕ ਵਿੱਚ ਦਿੱਤਾ ਠੋਕਵਾਂ ਬਿਆਨ



**ਨਿਊਯਾਰਕ/ ਕੈਲਗਰੀ (ਰਾਜ ਗੋਗਨਾ/ਕੁਲਤਰਨ ਪਧਿਆਣਾ):** ਕੈਨੇਡਾ ਦੇ ਸੂਬੇ ਅਲਬਰਟਾ ਦੇ ਸ਼ਹਿਰ ਕੈਲਗਰੀ ਤੋਂ ਵਿਧਾਇਕ ਅਤੇ ਜੇਸਨ ਕੈਨੀ ਸਰਕਾਰ ਵਿੱਚ ਮੰਤਰੀ ਬੀਬੀ ਰਾਜਨ ਸਾਹਨੀ ਨੇ ਕਿਸਾਨਾਂ ਦੇ ਹੱਕ ਵਿੱਚ ਨਿੱਤਰਦਿਆਂ ਸੋਸ਼ਲ ਮੀਡੀਆ ਤੇ ਆਪਣੇ ਵਿਚਾਰ ਸਾਂਝੇ ਕੀਤੇ ਹਨ ਜਿਸ ਵਿੱਚ ਉਨਾਂ ਨੇ ਭਾਰਤ ਦੇ ਕਿਸਾਨੀ ਸੰਘਰਸ਼ ਦੀ ਹਮਾਇਤ ਕੀਤੀ ਹੈ। ਉਨਾਂ ਕਿਹਾ ਹੈ ਕਿ ਉਹ ਵੀ ਕਿਸਾਨੀ ਪਰਿਵਾਰ ਨਾਲ ਸਬੰਧਤ ਹਨ ਅਤੇ ਉਹ ਕਿਸਾਨਾਂ ਦੇ ਦੁੱਖ ਦਰਦ ਨੂੰ ਮਹਿਸੂਸ ਕਰਦੇ ਹਨ। ਇਸ ਲਈ ਉਹ ਵੀ ਕਿਸਾਨੀ ਸੰਘਰਸ਼ ਦੇ ਨਾਲ ਹਨ, ਉਨਾਂ ਕਿਹਾ ਕਿ ਉਨਾਂ ਦੀ ਹੀ ਸਰਕਾਰ ਵਿੱਚ ਇੱਕ ਹੋਰ ਮੰਤਰੀ ਪ੍ਰਸ਼ਾਦ ਪਾਂਡਾ ਨੇ ਪਿਛਲੇ ਦਿਨੀਂ ਕਿਸਾਨੀ ਬਿੱਲਾਂ ਨੂੰ ਸਹੀ ਦੱਸਦਿਆਂ ਕੈਨੇਡਾ ਦੇ ਫੈਡਰਲ ਮੰਤਰੀਆਂ ਤੇ ਵੋਟ ਬੈਂਕ ਦੀ ਰਾਜਨੀਤੀ ਖੇਡਦਿਆਂ ਕਿਸਾਨੀ ਬਿੱਲਾਂ ਦੇ ਖ਼ਿਲਾਫ਼ ਗ਼ਲਤ ਬਿਆਨਬਾਜ਼ੀ ਕਰਨ ਦਾ ਦੋਸ਼ ਲਾਇਆ ਸੀ ਨਾਲ ਹੀ ਕਿਸਾਨੀ ਬਿੱਲਾਂ ਨੂੰ ਉਨਾਂ ਨੇ ਸਹੀ ਸਾਬਤ ਕੀਤਾ ਸੀ। ਹੁਣ ਉਨਾਂ ਦੀ ਹੀ ਸਰਕਾਰ ਦੀ ਮੰਤਰੀ ਰਾਜਨ ਸਾਹਨੀ ਨੇ ਉਨਾਂ ਦੇ ਬਿਲਕੁਲ ਉਲਟ ਸਟੈਂਡ ਲਿਆ ਹੈ। ਇਹ ਸੋਸ਼ਲ ਮੀਡੀਆ ਰਾਹੀਂ ਕੀਤੀ ਗਈ ਬੁਲੰਦ ਆਵਾਜ਼ ਦਾ ਹੀ ਅਸਰ ਹੈ ਕਿ ਉਸੇ ਹੀ ਸਰਕਾਰ ਦੇ ਇੱਕ ਹੋਰ ਮੰਤਰੀ ਦਾ ਕਿਸਾਨਾਂ ਦੇ ਹੱਕ ਵਿੱਚ ਸਿਰਫ਼ ਇੱਕ ਦਿਨ ਵਿੱਚ ਹੀ ਬਿਆਨ ਆ ਗਿਆ ਹੈ।

## ‘ਸਰਦਾਰ ਜੀ ਤੁਸੀਂ ਗਰੇਟ ਹੋ’

# ਕਿਸਾਨ ਮੋਰਚੇ ਵਿਚ ਸੇਵਾ ਤੇ ਗੁਰੂ ਦੇ ਲੰਗਰ

- ਪ੍ਰੋਫੈਸਰ ਕੁਲਬੀਰ ਸਿੰਘ
94171-53513

ਇਕ ਬਿਹਾਰ ਦਾ ਜੰਮਪਲ ਬੜਾ ਹੀ ਸੀਨੀਅਰ ਤੇ ਸਟੀਕ ਗੱਲ ਕਰਨ ਵਾਲਾ ਟੀ.ਵੀ. ਪੱਤਰਕਾਰ ਕਿਸਾਨ ਅੰਦੋਲਨ ਦੌਰਾਨ ਸਿੰਘੂ ਬਾਰਡਰ ’ਤੇ ਧਰਨੇ ’ਤੇ ਬੈਠੇ ਕਿਸਾਨਾਂ ਦੇ ਰੰਗ-ਢੰਗ, ਜ਼ਿੰਦਾਦਿਲੀ, ਬੋਲ ਬਾਣੀ, ਵਿਚਰਨ ਤੇ ਖਾਣ-ਪੀਣ ਵੇਖ ਕੇ ਏਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਇਕ ਕੜੀ ‘ਸਰਦਾਰ ਜੀ ਤੁਸੀਂ ਗਰੇਟ ਹੋ’ ਸਿਰਲੇਖ ਨਾਲ ਪੇਸ਼ ਕੀਤੀ। ਲੱਖਾਂ ਲੋਕਾਂ ਨੇ ਯੂ-ਟਿਊਬ ’ਤੇ ਉਸ ਕੜੀ ਨੂੰ ਵੇਖਿਆ ਅਤੇ ਪਸੰਦ ਕੀਤਾ।

ਕਿਸਾਨ ਅੰਦੋਲਨ ਦੇ ਨਿਵੇਕਲੇ ਤੇ ਦਿਲਚਸਪ ਪਹਿਲੂਆਂ ਦੀ ਕਵਰੇਜ ਟੈਲੀਵਿਜ਼ਨ ਚੈਨਲਾਂ ਅਤੇ ਸੋਸ਼ਲ ਮੀਡੀਆ ’ਤੇ ਰੋਜ਼ਾਨਾ ਵੇਖੀ ਜਾ ਸਕਦੀ ਹੈ। ਯੂ-ਟਿਊਬ ’ਤੇ ਅਜਿਹੀਆਂ ਅਨੇਕਾਂ ਵੀਡੀਓ ਅਪਲੋਡ ਹੋ ਰਹੀਆਂ ਹਨ। ਕੱਪੜੇ ਧੋਣ ਵਾਲੀਆਂ ਮਸ਼ੀਨਾਂ ਨਾਲ ਨੌਜਵਾਨਾਂ ਦੇ ਵੱਡੇ-ਵੱਡੇ ਗਰੁੱਪ ਕੱਪੜੇ ਧੋਣ ਦੀ ਸੇਵਾ ਕਰ ਰਹੇ ਹਨ। ਟੈਲੀਵਿਜ਼ਨ ਚੈਨਲਾਂ ਦੇ ਰਿਪੋਰਟਰ ਇਸ ਦ੍ਰਿਸ਼ ਦਾ ਬੜੀ ਉਤਸੁਕਤਾ, ਬੜੀ ਦਿਲਚਸਪੀ ਨਾਲ ਫਿਲਮਾਂਕਣ ਕਰ ਰਹੇ ਹਨ, ਵਿਖਾ ਰਹੇ ਹਨ। ਇਹ ਸੇਵਾ ਕਰ ਰਹੇ ਨੌਜਵਾਨਾਂ ਨੂੰ ਤਰਾਂ-ਤਰਾਂ ਦੇ ਸਵਾਲ ਪੁੱਛ ਰਹੇ ਹਨ। ਇਹ ਵੀਡੀਓ ਪੂਰੀ ਦੁਨੀਆ ਵਿਚ ਵਾਰ-ਵਾਰ ਵੇਖੀ ਅਤੇ ਸਰਾਹੀ ਜਾ ਰਹੀ ਹੈ।

ਇਸੇ ਤਰਾਂ ਰੋਟੀ ਬਣਾਉਣ ਵਾਲੀਆਂ ਮਸ਼ੀਨਾਂ ਦੁਆਲੇ ਟੀ.ਵੀ. ਕੈਮਰੇ ਘੁੰਮ ਰਹੇ ਹਨ। ਨੁਕਤਾ ਰੋਟੀ ਬਣਾਉਣ ਵਾਲੀਆਂ ਮਸ਼ੀਨਾਂ ਦਾ ਨਹੀਂ ਸੀ। ਲੋਕਾਂ ਨੂੰ ਪਤਾ ਹੈ ਕਿ ਦੁਨੀਆ ਵਿਚ ਰੋਟੀ ਬਣਾਉਣ ਵਾਲੀਆਂ ਮਸ਼ੀਨਾਂ ਮੌਜੂਦ ਹਨ। ਬਲਕਿ ਉਤਸੁਕਤਾ ਤਾਂ ਇਸ ਗੱਲ ਦੀ ਸੀ ਕਿ ਸੜਕਾਂ ’ਤੇ ਚੱਲ ਰਹੇ ਕਿਸਾਨ ਸੰਘਰਸ਼ ਵਿਚ ਵੀ ਰੋਟੀ ਬਣਾਉਣ ਵਾਲੀਆਂ ਮਸ਼ੀਨਾਂ ਪਹੁੰਚ ਗਈਆਂ ਹਨ। ਟੀ.ਵੀ. ਪੱਤਰਕਾਰ ਮਸ਼ੀਨ ਦੁਆਰਾ ਰੋਟੀ ਬਣਾਉਣ ਦੇ ਅਮਲ ਨੂੰ ਵੇਖ ਸਮਝ ਵੀ ਰਹੇ ਸਨ, ਦਰਸ਼ਕਾਂ ਨੂੰ ਵਿਖਾ ਵੀ ਰਹੇ ਸਨ। ਇਸੇ ਤਰਾਂ ਵੱਡੀ ਲੋਹ ’ਤੇ ਇਕੋ ਵੇਲੇ 20-25 ਰੋਟੀਆਂ ਬਣਦੀਆਂ ਵੇਖ ਕੇ ਵੀ ਕਈ ਚੈਨਲਾਂ ਦੇ ਪੱਤਰਕਾਰ ਹੈਰਾਨ ਹੋ ਰਹੇ ਸਨ, ਕਿਉਂਕਿ ਉਨਾਂ ਲਈ ਇਹ ਇਕਦਮ ਨਵਾਂ ਤੇ ਅਚੰਭੇ ਭਰਿਆ ਅਨੁਭਵ ਸੀ। ਕੋਈ ਪੇੜੇ ਬਣਾ ਰਿਹਾ ਸੀ, ਕੋਈ ਰੋਟੀ ਵੇਲ ਰਿਹਾ ਸੀ, ਕੋਈ ਰੋਟੀ ਥਲ ਰਿਹਾ ਸੀ। ਕੋਈ ਲੋਹ ਹੇਠਾਂ ਅੱਗ ਲਈ ਬਾਲਣ ਪਾ ਰਿਹਾ ਸੀ। ਕੋਈ ਰੋਟੀਆਂ ਵਰਤਾ ਰਿਹਾ ਸੀ। ਸਭ ਅੰਦਰ ਇਕ ਜਜ਼ਬਾ, ਇਕ ਜਨੂੰਨ ਸੀ ਸੇਵਾ ਦਾ, ਸ਼ਮੂਲੀਅਤ ਦਾ, ਕੁਝ ਕਰਨ ਦਾ। ਮੀਡੀਆ ਦਾ ਇਕ ਹਿੱਸਾ ਇਹੀ ਸਭ ਕੁਝ ਵੇਖ ਕੇ ਹੈਰਾਨ ਹੋ ਰਿਹਾ ਸੀ ਅਤੇ ਉਤਸੁਕਤਾ ਭਰੀਆਂ ਨਜ਼ਰਾਂ ਨਾਲ ਕਵਰੇਜ ਕਰ ਰਿਹਾ ਸੀ।

ਟੈਂਟ ਸਿਟੀ ਖੜੇ ਕਰ ਦਿੱਤੇ ਗਏ ਹਨ। ਸੈਂਕੜਿਆਂ ਦੀ ਗਿਣਤੀ ਵਿਚ ਛੋਟੇ-ਛੋਟੇ ਟੈਂਟ। ਰਾਤ ਸੌਣ ਲਈ, ਦਿਨੇ ਆਰਾਮ ਕਰਨ ਲਈ। ਵੱਖ-ਵੱਖ ਰੰਗਾਂ ਦੇ, ਵੱਖ-ਵੱਖ ਡਿਜਾਈਨ ਦੇ। ਅਦਭੁਤ ਦ੍ਰਿਸ਼, ਅਦਭੁਤ ਹੌਂਸਲਾ, ਅਦਭੁਤ ਸੇਵਾ ਭਾਵਨਾ। ਟੀ.ਵੀ. ਰਿਪੋਰਟਰ ਉਸ ਟੈਂਟ ਸਿਟੀ ਦਾ ਫਿਲਮਾਂਕਣ ਕਰਦੇ ਅਤੇ ਟੈਂਟ ਦੇ ਅੰਦਰ ਬੈਠੇ ਕਿਸਾਨਾਂ ਨੂੰ ਸਵਾਲ-ਜਵਾਬ ਕਰਦੇ ਅਕਸਰ ਵੇਖੇ ਜਾ ਸਕਦੇ ਹਨ।



ਆਪ ਮੁਹਾਰੇ ਵੱਡੀ ਮਾਤਰਾ ਵਿਚ ਪਹੁੰਚ ਰਹੀਆਂ ਖਾਣ-ਪੀਣ ਦੀਆਂ ਵਸਤਾਂ ਇਸ ਕਿਸਾਨ ਸੰਘਰਸ਼ ਦਾ ਇਕ ਹੋਰ ਨਿਵੇਕਲਾ, ਭਰਾਤਰੀ ਭਾਵ ਨਾਲ ਗੜੁੱਚ ਅਤੇ ਭਾਵਨਾਵਾਂ ਨਾਲ ਨੱਕੋ-ਨੱਕ ਭਰਿਆ ਪਹਿਲੂ ਹੈ। ਕੋਈ ਕੁਇੰਟਲਾਂ ਵਿਚ ਬਦਾਮ ਭੇਜ ਰਿਹਾ ਹੈ। ਕੋਈ ਪਿੰਨੀਆਂ ਘੱਲ ਰਿਹਾ ਹੈ, ਕੋਈ ਦੇਸੀ ਘਿਓ ਦੇ ਟੀਨ ਭੇਜੀ ਜਾਂਦਾ ਹੈ। ਕੋਈ ਕੰਬਲ, ਕੋਈ ਰਜਾਈਆਂ, ਕੋਈ ਦਵਾਈਆਂ। ਬਜ਼ੁਰਗਾਂ ਲਈ ਲੱਤਾਂ ਦੀ ਥਕਾਵਟ ਲਾਹੁਣ ਮਸਾਜ ਮਸ਼ੀਨਾਂ ਦੀ ਕਤਾਰ ਲੱਗ ਗਈ। ਸਬਜ਼ੀਆਂ ਦੇ ਢੇਰ ਲੱਗ ਗਏ। ਕੱਚੇ ਅਨਾਜ ਦੇ ਟਰੱਕ ਭਰੇ ਖੜੇ ਹਨ। ਇਹ ਸਭ ਵੇਖ ਕੇ ਦਿੱਲੀ ਦੇ ਟੈਲੀਵਿਜ਼ਨ ਰਿਪੋਰਟਰ ਹੈਰਾਨ ਹਨ। ਉਨਾਂ ਅਜਿਹਾ ਅੰਦੋਲਨ, ਅਜਿਹਾ ਧਰਨਾ, ਅਜਿਹਾ ਜੋਸ਼, ਅਜਿਹਾ ਜਜ਼ਬਾ ਪਹਿਲਾਂ ਕਦੇ ਨਹੀਂ ਤੱਕਿਆ। ਹਰ ਕੋਈ ਆਪਣੀ ਡਿਊਟੀ ਕਰ ਰਿਹਾ ਹੈ। ਹਰ ਕੋਈ ਰੁਝਿਆ ਹੋਇਆ ਹੈ। ਇਕ ਲੈਅ ਵਿਚ, ਇਕ ਅਨੁਸ਼ਾਸਨ ਵਿਚ ਅਤੇ ਟੀ.ਵੀ. ਕੈਮਰੇ ਘੁੰਮੀ ਜਾ ਰਹੇ ਹਨ, ਦਿਨ-ਰਾਤ।

ਟਰਾਲੀਆਂ ਸਜ ਗਈਆਂ। ਸਕਰੀਨਾਂ ਨਾਲ। ਗੱਦਿਆਂ ਨਾਲ ਅਤੇ ਟਰਾਲੀਆਂ ਦੀਆਂ ਛੱਤਾਂ ’ਤੇ ਸੱਜ ਗਏ ਡੀ.ਟੀ.ਐਚ. ਐਨਟੀਨੇ। ਟੀ.ਵੀ. ਚੈਨਲ ਵੇਖਣ ਲਈ, ਸਮਝਣ ਲਈ, ਸੋਚਣ ਵਿਚਾਰਨ ਲਈ ਅਨੇਕਾਂ ਪਹਿਲੂਆਂ ਤੋਂ ਇਹ ਅੰਦੋਲਨ ਨਵੇਂ ਕੀਰਤੀਮਾਨ ਸਥਾਪਤ ਕਰ ਰਿਹਾ ਹੈ।

---

## 23 ਦਸੰਬਰ ਰਾਸ਼ਟਰੀ ਕਿਸਾਨ ਦਿਵਸ ਤੇ ਵਿਸ਼ੇਸ਼

# ਭਾਰਤੀ ਕਿਸਾਨ ਦੀ ਹੋਂਦ ਨੂੰ ਖ਼ਤਮ ਕਰਨ ਦੀ ਸੌੜੀ ਸੋਚ !

- ਗੋਬਿੰਦਰ ਸਿੰਘ ਢੀਂਡਸਾ

ਭਾਰਤ ਵਿੱਚ ਖੇਤੀਬਾੜੀ ਦਾ ਇਤਿਹਾਸ ਸਿੰਧੂ ਘਾਟੀ ਸੱਭਿਅਤਾ ਦੇ ਸਮੇਂ ਤੋਂ ਹੈ ਅਤੇ ਇਸ ਤੋਂ ਪਹਿਲਾਂ ਵੀ ਦੱਖਣੀ ਭਾਰਤ ਦੇ ਕੁਝ ਹਿੱਸਿਆਂ ਵਿੱਚ ਹੈ। ਖੇਤੀਬਾੜੀ ਉਤਪਾਦਨ ਵਿੱਚ ਭਾਰਤ ਦਾ ਸੰਸਾਰ ਵਿੱਚ ਦੂਜਾ ਸਥਾਨ ਹੈ ਅਤੇ ਦੁਨੀਆਂ ਭਰ ਵਿੱਚ ਭਾਰਤ ਦੁੱਧ ਉਤਪਾਦਨ ਵਿੱਚ ਪਹਿਲੇ ਸਥਾਨ ਤੇ ਹੈ।

ਭਾਰਤੀ ਕਿਸਾਨ, ਭਾਰਤੀ ਅਰਥਵਿਵਸਥਾ ਦੀ ਰੀੜ ਦੀ ਹੱਡੀ ਹੈ ਇਸੇ ਕਰਕੇ 28 ਜੁਲਾਈ 1979 ਤੋਂ 14 ਜਨਵਰੀ 1980 ਤੱਕ ਭਾਰਤ ਦੇ ਪੰਜਵੇਂ ਪ੍ਰਧਾਨ ਮੰਤਰੀ ਰਹੇ, ਕਿਸਾਨ ਆਗੂ ਚੌਧਰੀ ਚਰਨ ਸਿੰਘ ਦੇ ਜਨਮ ਦਿਨ ਤੇ ‘ਰਾਸ਼ਟਰੀ ਕਿਸਾਨ ਦਿਵਸ’ ਮਨਾਇਆ ਜਾਂਦਾ ਹੈ ਜਿਨਾਂ ਨੇ ਭਾਰਤੀ ਕਿਸਾਨਾਂ ਦੇ ਜੀਵਨ ਨੂੰ ਬੇਹਤਰ ਬਣਾਉਣ ਲਈ ਕਈ ਨੀਤੀਆਂ ਦੀ ਸ਼ੁਰੂਆਤ ਕੀਤੀ। ਚੌਧਰੀ ਚਰਨ ਸਿੰਘ 29 ਮਈ 1987 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।

ਆਜ਼ਾਦੀ ਤੋਂ ਬਾਅਦ ਦੋ ਮਹਾਂ ਅੰਦੋਲਨ ਹੋਏ ਜਿਨਾਂ ਅੱਗੇ ਤਤਕਾਲੀਨ ਕੇਂਦਰੀ ਸਰਕਾਰਾਂ ਨੂੰ ਝੁਕਣਾ ਪਿਆ। ਇਸ ਵਿੱਚ ਪਹਿਲਾ ਅੰਦੋਲਨ 1956-57 ਵਿੱਚ ਹੋਇਆ ਅਤੇ ਦੂਜਾ 1965 ਵਿੱਚ। ਸਾਲ 2020 ਕੋਰੋਨਾ ਮਹਾਂਮਾਰੀ ਦੇ ਸਮੇਂ ਦੌਰਾਨ ਆਪਣੀ ਹੋਂਦ ਅਤੇ ਬੱਚਿਆਂ ਦੇ ਭਵਿੱਖ ਨੂੰ ਬਚਾਉਣ ਲਈ ਤਿੰਨ ਖੇਤੀ ਕਾਨੂੰਨਾਂ ਫਾਰਮਰਜ਼ ਪਰਡਿਊਸ ਟਰੇਡ ਐਂਡ ਕਮਰਸ (ਪਰਮੋਸ਼ਨ ਐਂਡ ਫੈਸੇਲੀਟੇਸ਼ਨ) ਐਕਟ-2020, ਫਾਰਮਰਜ਼ (ਇੰਪਾਵਰਮੈਂਟ ਐਂਡ ਪ੍ਰੋਟੈਕਸ਼ਨ) ਅਗਰੀਮੈਂਟ ਆਨ ਪਰਾਈਸ ਅਸਐਂਡ ਫਾਰਮ ਸਰਵਿਸਜ਼ ਐਕਟ--2020, ਅਸੈਂਸ਼ੀਅਲ ਕੌਮੋਡਿਟੀਜ਼ (ਅਮੈਂਡਮੈਂਟ) ਐਕਟ-2020 ਖਿਲਾਫ਼ ਦੇਸ਼ ਦਾ ਕਿਸਾਨ ਉੱਠ ਖੜਾ ਹੋਇਆ ਹੈ ਜਿਸਦੀ ਸ਼ੁਰੂਆਤ ਪੰਜਾਬ ਤੋਂ ਹੋਈ। ਕਿਸਾਨਾਂ ਨੂੰ ਘੱਟੋ ਘੱਟ ਸਮੱਰਥਨ ਮੁੱਲ ਮਿਲੇ, ਇਸਦੇ ਲਈ ਇਨਾਂ ਕਾਨੂੰਨਾਂ ਵਿੱਚ ਕੋਈ ਵਿਧਾਨਿਕ ਪ੍ਰਾਵਧਾਨ ਨਹੀਂ ਹੈ। ਕੰਟ੍ਰੈਕਟ ਖੇਤੀਬਾੜੀ ਵਾਲੇ ਕਾਨੂੰਨ ਵਿੱਚ ਆਪਸੀ ਵਿਵਾਦ ਹੋਣ ਦੀ ਸਥਿਤੀ ਵਿੱਚ, ਕਿਸਾਨ ਸਿਵਲ ਅਦਾਲਤ ਵਿੱਚ ਨਹੀਂ ਜਾ ਸਕਦੇ। ਉਹ ਆਪਣੇ ਵਿਵਾਦ ਸੰਬੰਧੀ ਐੱਸ.ਡੀ.ਐੱਮ., ਡੀ.ਸੀ. ਕੋਲ ਜਾ ਸਕਦੇ ਹਨ। ਮੰਡੀ ਤੇ ਟੈਕਸ ਅਤੇ ਮੰਡੀ ਤੋਂ ਬਾਹਰ ਕੋਈ ਟੈਕਸ ਨਹੀਂ, ਇਸ ਨਾਲ ਮੰਡੀਆਂ ਹੌਲੀ ਹੌਲੀ ਬੰਦ ਹੋ ਜਾਣਗੀਆਂ ਅਤੇ ਖੇਤੀ ਪੈਦਾਵਾਰ ਤੇ ਕੰਪਨੀ ਅਤੇ ਵਪਾਰੀਆਂ ਦਾ ਏਕਾਧਿਕਾਰ ਹੋ ਜਾਵੇਗਾ, ਜਿਸਦੇ ਅਖੀਰ ਵਿੱਚ ਸਰਕਾਰੀ ਖਰੀਦ ਘੱਟ ਹੋਣ ਲੱਗੇਗੀ ਜਿਸਦੀ ਮਾੜਾ ਅਸਰ, ਸਰਕਾਰੀ ਅੰਨ ਭੰਡਾਰਣ ਅਤੇ ਪਬਲਿਕ ਡਿਸਟ੍ਰੀਬਿਊਸ਼ਨ ਸਿਸਟਮ ਤੇ ਵੀ ਪਵੇਗਾ। ਨਤੀਜੇ ਵਜੋਂ ਕਿਸਾਨ ਪੂਰੀ ਤਰਾਂ ਬਾਜ਼ਾਰ ਦੇ ਰਹਿਮੋ-ਕਰਮ ਤੇ ਹੋ ਜਾਵੇਗਾ। ਅਨਾਜ, ਆਲੂ, ਪਿਆਜ ਸਹਿਤ ਹੋਰ ਵਸਤੂਆਂ ਦੀ ਜਮਾਂਖੋਰੀ ਵੱਧ ਜਾਵੇਗੀ ਕਿਉਂਕਿ ਜ਼ਰੂਰੀ ਵਸਤੂ ਅਧਿਨਿਯਮ ਵਿੱਚ, ਸੰਸ਼ੋਧਨ ਤੋਂ ਬਾਅਦ, ਇਹ ਸਭ ਜਿਣਸ ਜ਼ਰੂਰੀ ਖਾਦ ਦੀ ਸ਼੍ਰੇਣੀ ਤੋਂ ਬਾਹਰ ਆ ਗਏ ਹਨ। ਹੁਣ ਇਸ ਸੁਧਾਰ ਨਾਲ ਇਹਨਾਂ ਦੀ ਜਮਾਂਖੋਰੀ ਤੇ ਕੋਈ ਕਾਨੂੰਨੀ ਰੋਕ ਨਹੀਂ ਰਹੀ ਹੈ।

ਪੰਜਾਬ ਵਿੱਚ ਕਿਸਾਨਾਂ ਨੇ ਤਕਰੀਬਨ 2 ਮਹੀਨੇ ਸ਼ਾਂਤਮਈ ਸੰਘਰਸ਼ ਕੀਤਾ, ਜਦ ਕੇਂਦਰ ਸਰਕਾਰ ਦੇ ਕੰਨਾਂ ’ਤੇ ਜੂੰ ਤੱਕ ਨਾ ਸਰਕੀ ਤਾਂ ਕਿਸਾਨਾਂ ਨੇ ‘ਦਿੱਲੀ ਚਲੋ’ ਦਾ ਨਾਅਰਾ ਦਿੱਤਾ ਅਤੇ ਦਿੱਲੀ ਕੂਚ ਕਰ ਦਿੱਤਾ। ਇਹ ਭਾਰਤੀ ਵਿਵਸਥਾ ਤੇ ਰਾਜਨੀਤੀ ਦਾ ਦੁਖਾਂਤ ਹੈ ਕਿ ਪੋਹ ਦੀ ਕੜਾਕੇ ਦੀ ਠੰਢ ਵਿੱਚ ਰਾਸ਼ਟਰੀ ਕਿਸਾਨ ਦਿਵਸ ਤੇ ਮੌਕੇ ’ਤੇ ਕਿਸਾਨ ਦਿੱਲੀ ਦੀਆਂ ਸੜਕਾਂ ਤੇ ਆਪਣੀ ਹੋਂਦ ਨੂੰ ਬਚਾਉਣ ਅਤੇ ਬਣਾਈ ਰੱਖਣ ਲਈ ਆਸਮਾਨ ਦੀ ਛੱਤ ਹੇਠ ਸੰਘਰਸ਼ ਦੇ ਪੈਂਡੇ ਤੇ ਡਟਿਆ ਹੋਇਆ ਹੈ।

5 ਜੂਨ 2020 ਨੂੰ ਕੇਂਦਰ ਸਰਕਾਰ ਨੇ ਕਿਸਾਨੀ ਨਾਲ ਜੁੜੇ ਤਿੰਨ ਅਧਿਆਦੇਸ਼ ਜਾਰੀ ਕੀਤੇ ਅਤੇ ਜੋ ਸਤੰਬਰ ਵਿੱਚ ਰਾਸ਼ਟਰਪਤੀ ਦੇ ਦਸਤਖਤ ਕਰਨ ਤੇ ਕਾਨੂੰਨ ਬਣ ਗਏ ਹਨ, ਇਹ ਸਿੱਧੇ ਤੌਰ ’ਤੇ ਕਿਸਾਨ ਵਿਰੋਧੀ ਹੋਣ ਦੇ ਨਾਲ ਨਾਲ ਕੇਂਦਰ ਸਰਕਾਰ ਵੱਲੋਂ ਪੂੰਜੀਪਤੀਆਂ ਦੇ ਹਿੱਤਾਂ ਲਈ ਘੜੇ ਗਏ ਕਾਨੂੰਨ ਨਜ਼ਰ ਆ ਰਹੇ ਹਨ। ਪੰਜਾਬ ਵਿੱਚੋਂ ਉੱਠੇ ਕਿਸਾਨ ਅੰਦੋਲਨ ਨੂੰ ਦੇਸ਼ ਦੇ ਹੋਰ ਸੂਬਿਆਂ ਦੇ ਕਿਸਾਨਾਂ ਨੂੰ ਵੀ ਬਲ ਬਖਸ਼ਿਆ ਹੈ ਅਤੇ ਕਿਸਾਨ ਅੰਦੋਲਨ ਦੇਸ਼ ਵਿਆਪੀ ਰੂਪ ਧਾਰਨ ਕਰ ਚੁੱਕਾ ਹੈ ਜਿਸ ਵਿੱਚ ਹਰਿਆਣਾ, ਹਿਮਾਚਲ ਪ੍ਰਦੇਸ਼, ਉਤਰਾਖੰਡ, ਉੱਤਰ ਪ੍ਰਦੇਸ਼, ਰਾਜਸਥਾਨ, ਮਹਾਂਰਾਸ਼ਟਰ ਅਤੇ ਹੋਰ ਸੂਬਿਆਂ ਦੇ ਕਿਸਾਨ ਵੀ ਸ਼ਾਮਿਲ ਹੋ ਚੁੱਕੇ ਹਨ। ਇਸਦੇ ਨਾਲ ਹੀ ਕਿਸਾਨ ਅੰਦੋਲਨ ਨੂੰ ਵੱਖੋ ਵੱਖਰੇ ਢੰਗਾਂ ਨਾਲ ਲੋਕ ਅਤੇ ਹੋਰ ਜਥੇਬੰਦੀਆਂ ਆਪਣੀ ਹਮਾਇਤ ਦੇ ਰਹੀਆਂ ਹਨ। ਤਿੰਨ ਖੇਤੀ ਕਾਨੂੰਨਾਂ ਅਤੇ ਬਿਜਲੀ ਸੰਸ਼ੋਧਨ ਬਿੱਲ ਦੀ ਵਾਪਸੀ ਮੁੱਦੇ ਤੇ ਸਰਕਾਰ ਅਤੇ ਕਿਸਾਨਾਂ ਵਿੱਚ ਗਤੀਰੋਧ ਬਣਿਆ ਹੋਇਆ ਹੈ।

25 ਸਤੰਬਰ 2020 ਨੂੰ ਕਿਸਾਨ ਸੰਗਠਨਾਂ ਨੇ ਭਾਰਤ ਬੰਦ ਦਾ ਸੱਦਾ ਦਿੱਤਾ ਜੋ ਕਿ ਸਫ਼ਲ ਰਿਹਾ। ਖੇਤੀ ਕਾਨੂੰਨਾਂ ਤੇ ਸਰਕਾਰ ਅਤੇ ਕਿਸਾਨਾਂ ਦੇ ਵਿੱਚ ਗਤੀਰੋਧ ਦਾ ਮਾਮਲਾ ਵੱਧਦੇ ਵੱਧਦੇ ਸੁਪਰੀਮ ਕੋਰਟ ਤੱਕ ਪਹੁੰਚਿਆ ਹੈ ਅਤੇ ਸਰਵਉੱਚ ਅਦਾਲਤ ਨੇ ਕਿਹਾ ਕਿ ਉਹ ਕਿਸਾਨਾਂ ਦੇ ਪ੍ਰਦਰਸ਼ਨ ਦੇ ਅਧਿਕਾਰ ਨੂੰ ਸਵੀਕਾਰ ਕਰਦੀ ਹੈ ਅਤੇ ਕਿਸਾਨਾਂ ਦੇ ‘ਰਾਈਟ ਟੂ ਪਰੋਟੈਸਟ’ ਦੇ ਅਧਿਕਾਰ ਵਿੱਚ ਕਟੌਤੀ ਨਹੀਂ ਕਰ ਸਕਦੀ। ਅੰਦੋਲਨਕਾਰੀ ਕਿਸਾਨ ਜਥੇਬੰਦੀਆਂ ਨੇ ‘ਰਾਸ਼ਟਰੀ ਕਿਸਾਨ ਦਿਵਸ’ ਮੌਕੇ ਪੂਰੇ ਦੇਸ਼ ਦੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਅੰਨਦਾਤਾ ਦਿੱਲੀ ਦੇ ਆਲੇ ਦੁਆਲੇ ਬੈਠੇ ਹਨ, ਉਨਾਂ ਲਈ ਇੱਕ ਦਿਨ ਦਾ ਖਾਣਾ ਛੱਡਣ।

ਸਪੱਸ਼ਟ ਬਹੁਮਤ ਚਲਦਿਆਂ ਕੇਂਦਰ ਸਰਕਾਰ ਨੇ ਵਿਰੋਧੀ ਧਿਰਾਂ ਅਤੇ ਸਰਕਾਰ ਵਿਰੋਧ ਨੂੰ ਹਾਸ਼ੀਏ ਤੇ ਰੱਖਦੇ ਹੋਏ ਤਾਨਾਸ਼ਾਹੀ ਰਵੱਈਆ ਅਖਤਿਆਰ ਕੀਤਾ ਹੋਇਆ ਹੈ ਜੋ ਕਿ ਨੋਟਬੰਦੀ, ਐੱਨ.ਆਰ.ਸੀ.-ਸੀ.ਏ.ਏ., ਧਾਰਾ 370, ਜੀ.ਐੱਸ.ਟੀ. ਲਾਕਡਾਊਨ ਆਦਿ ਮਾਮਲਿਆਂ ਵਿੱਚ ਸਾਹਮਣੇ ਆਇਆ ਹੈ, ਸਰਕਾਰ ਦਾ ਵਿਰੋਧ ਕਰਨ ਵਾਲੇ ਨੂੰ ਦੇਸ਼ਦ੍ਰੋਹੀ ਬਣਾ ਦੇਣ ਦਾ ਰਿਵਾਜ਼ ਬਣਾ ਦਿੱਤਾ ਗਿਆ ਹੈ ਜੋ ਕਿ ਸਵੱਸਥ ਲੋਕਤੰਤਰ ਲਈ ਘਾਤਕ ਹੈ। ਸਾਲ 2014 ਵਿੱਚ ਕੇਂਦਰ ਸਰਕਾਰ ਨੇ ਪੂੰਜੀਪਤੀਆਂ ਦੇ ਹਿੱਤ ਵਿੱਚ, ਉਹਨਾਂ ਦੇ ਇਸ਼ਾਰੇ ’ਤੇ ਭੂਮੀ ਅਧਿਗ੍ਰਹਿਣ ਕਾਨੂੰਨ ਨੂੰ ਸੰਸਦ ਵਿੱਚ ਪੇਸ਼ ਕੀਤਾ ਅਤੇ ਕਿਸਾਨਾਂ ਨੂੰ ਨਿਰਾਸ਼ਾ ਨਾਲ ਭਰ ਦਿੱਤਾ।

27 ਨਵੰਬਰ ਤੋਂ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਸਿੰਘੂ ਹੱਦ, ਟਿਕਰੀ ਅਤੇ ਹੋਰ ਹੱਦਾਂ ਤੇ ਪ੍ਰਸ਼ਾਸਨ ਤਰਫ਼ੋਂ ਰੋਕੇ ਜਾਣ ਤੇ ਉੱਥੇ ਹੀ ਮੋਰਚੇ ਲਗਾ ਦਿੱਤੇ ਹਨ। ਸਰਕਾਰ ਅਤੇ ਕਿਸਾਨਾਂ ਵਿੱਚਕਾਰ ਪੰਜ ਦੌਰਾਂ ਦੀ ਗੱਲਬਾਤ ਅਸਫ਼ਲ ਰਹੀ, ਸਰਕਾਰ ਦੁਆਰਾ ਮੀਟਿੰਗਾਂ ਦੌਰਾਨ ਦਿੱਤੇ ਖਾਣੇ ਨੂੰ ਨਾ ਖਾ ਕੇ ਕਿਸਾਨਾਂ ਦੁਆਰਾ ਆਪਣੇ ਨਾਲ ਲਿਆਂਦੇ ਖਾਣੇ ਨੂੰ ਖਾਣਾ, ਕਿਸਾਨਾਂ ਵਿੱਚ ਸਰਕਾਰ ਸਬੰਧੀ ਗੈਰ ਭਰੋਸੇਯੋਗਤਾ ਨੂੰ ਸਪੱਸ਼ਟ ਕਰਦਾ ਹੈ।

ਕਿਸਾਨ ਅੰਦੋਲਨ ਪ੍ਰਤੀ ਮੁੱਖ ਧਾਰਾ ਦੇ ਰਾਸ਼ਟਰੀ ਮੀਡੀਆ ਦੀ ਪੇਸ਼ਕਾਰੀ ਨਕਰਾਤਮਕ ਅਤੇ ਨਿੰਦਣਯੋਗ ਰਹੀ ਹੈ, ਕਿਸਾਨਾਂ ਵਿੱਚ ਰਾਸ਼ਟਰੀ ਮੀਡੀਆ ਆਪਣੀ ਭਰੋਸੇਯੋਗਤਾ ਗੁਆ ਚੁੱਕਾ ਹੈ ਜਿਸ ਦੀ ਪੁਸ਼ਟੀ ਕਿਸਾਨੀ ਅੰਦੋਲਨ ਵਿੱਚੋਂ ਨਿਕਲਿਆ ਪਰਚਾ ‘ਟਰਾਲੀ ਟਾਇਮਜ਼’ ਕਰਦਾ ਹੈ। ਸੱਤਾਧਾਰੀ ਪਾਰਟੀ ਦੇ ਸਮਰਥਕਾਂ ਤੇ ਆਈ.ਟੀ.ਸੈੱਲ ਦੇ ਕਿਸਾਨਾਂ ਸਬੰਧੀ ਨਾਕਰਾਤਮਕ ਪ੍ਰਚਾਰ ਦਾ ਮੁਕਾਬਲਾ ਕਰਨ ਲਈ ਕਿਸਾਨ ਅੰਦੋਲਨ ਵਿੱਚੋਂ ਸੋਸ਼ਲ ਮੀਡੀਆਂ ਲਈ ਡਿਜੀਟਲ ਟੀਮ ਦਾ ਗਠਨ ਕੀਤਾ ਗਿਆ।

ਇਹ ਲਾਜ਼ਮੀ ਹੈ ਕਿ ਕਿਸਾਨਾਂ ਦੇ ਹਿੱਤਾਂ ਨਾਲ ਕੋਈ ਸਮਝੌਤਾ ਨਹੀਂ ਹੋਣਾ ਚਾਹੀਦਾ। ਮੌਜੂਦਾ ਕੇਂਦਰ ਸਰਕਾਰ ਨੇ ਸਿੱਧੇ-ਅਸਿੱਧੇ ਤਰੀਕਿਆਂ ਨਾਲ ਹਵਾਈ ਅੱਡੇ, ਰੇਵਲੇ ਸਟੇਸ਼ਨ, ਬੱਸ ਅੱਡੇ ਅਤੇ ਰਾਸ਼ਟਰੀ ਕੰਪਨੀਆਂ ਦੇਸ਼ ਦੇ ਕੁਝ ਅਮੀਰਾਂ ਦੇ ਹੱਥਾਂ ਵਿੱਚ ਦੇ ਦਿੱਤੀਆਂ ਹਨ ਅਤੇ ਹੁਣ ਸਰਕਾਰ ਚਾਹੁੰਦੀ ਹੈ ਕਿ ਖੇਤੀ ਦਾ ਬਾਜ਼ਾਰ ਵੀ ਪੂੰਜੀਪਤੀਆਂ ਦੇ ਹੱਥ ਵਿੱਚ ਹੋਵੇ, ਜੇਕਰ ਅਜਿਹਾ ਹੁੰਦਾ ਹੈ ਤਾਂ ਭਾਰਤ ਦਾ ਨਵਾਂ ਗੁਲਾਮੀ ਦਾ ਦੌਰ ਸ਼ੁਰੂ ਹੋਵੇਗਾ ਅਤੇ ਦੇਸ਼ ਉਦਯੋਗਪਤੀਆਂ ਦਾ ਗੁਲਾਮ ਬਣ ਰਹਿ ਜਾਵੇਗਾ ਤੇ ਆਮ ਨਾਗਰਿਕਾਂ ਦੀ ਹਾਲਤ ਪਤਲੀ ਪੈ ਜਾਵੇਗੀ।

ਦੇਸ਼ ਦੇ ਅੰਨਦਾਤੇ ਦੇ ਅੰਦੋਲਨ ਨੂੰ ਸੱਤਾਧਾਰੀ ਧਿਰਾਂ ਤਰਫ਼ੋਂ ਸਿੱਧੇ ਅਸਿੱਧੇ ਢੰਗਾਂ ਨਾਲ ਤੋੜਨ, ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਪਰੰਤੂ ਇਹ ਕਿਸਾਨ ਅੰਦੋਲਨਕਾਰੀਆਂ, ਆਗੂਆਂ ਦੀ ਸੂਝ ਦਾ ਨਤੀਜਾ ਹੈ ਕਿ ਅਜੇ ਤੱਕ ਕੋਈ ਅਣਸੁਖਾਵੀਂ ਘਟਨਾ ਨਹੀਂ ਘਟੀ।

ਸਮੇਂ ਦੀ ਜ਼ਰੂਰਤ ਹੈ ਕਿ ਕੇਂਦਰ ਸਰਕਾਰ ਆਪਣੀ ਅੜੀ ਛੱਡ ਕੇ ਕਿਸਾਨਾਂ ਦਾ ਮਸਲਾ ਹੱਲ ਕਰੇ ਅਤੇ ਅੰਨਦਾਤੇ ਨੂੰ ਦੇਸ਼ ਦੇ ਵਿਕਾਸ ਵਿੱਚ ਪਾਏ ਜਾ ਰਹੇ ਯੋਗਦਾਨ ਲਈ ਸਿਜਦਾ ਕਰੇ, ਜਿਸ ਨੇ ਦੇਸ਼ ਨੂੰ ਭੁੱਖਮਰੀ ਵਿੱਚੋਂ ਕੱਢਿਆ ਹੈ।

ਅੰਮ੍ਰਿਤਸਰ ਟਾਈਮਜ਼
AMRITSAR TIMES

23 ਦਸੰਬਰ 2020 ਤੋਂ 29 ਦਸੰਬਰ 2020

# ਕਿਸਾਨੀ ਸੰਘਰਸ਼ - ਫੈਸਲੇ ਸੁਣਾਉਣ ਅਤੇ ਪ੍ਰਭਾਵਿਤ ਕਰਨ ਵਾਲਿਆਂ ਵਿੱਚ ਸੰਵਾਦ ਜਰੂਰੀ

ਅੱਜ ਪੂਰੀ ਦੁਨੀਆਂ ਦੀ ਨਿਗ੍ਹਾ ਕਿਸਾਨੀ ਸੰਘਰਸ਼ ਉੱਤੇ ਹੈ। ਅਖਬਾਰ, ਟੈਲੀਵਿਜ਼ਨ ਅਤੇ ਬਿਜਲ ਸੱਥ (ਸੋਸ਼ਲ ਮੀਡੀਆ) ਕਿਸਾਨੀ ਸੰਘਰਸ਼ ਦੀ ਹੀ ਗੱਲ ਕਰ ਰਹੇ ਹਨ । ਮਨੁੱਖਤਾ ਨੂੰ ਪਿਆਰ ਕਰਨ ਵਾਲਾ ਹਰ ਇਕ ਇਨਸਾਨ ਇਸ ਸੰਘਰਸ਼ ਦਾ ਸਿੱਧੇ ਜਾ ਅਸਿੱਧੇ ਤਰੀਕੇ ਹਿੱਸਾ ਬਣਿਆ ਹੋਇਆ ਹੈ। ਇਕ ਵੇਲਾ ਸੀ ਜਦੋਂ ਦਿੱਲੀ ਨੂੰ ਕੂਚ ਕੀਤਾ ਜਾ ਰਿਹਾ ਸੀ ਅਤੇ ਥਾਂ ਥਾਂ ਰੋਕਾਂ ਲਾਈਆਂ ਗਈਆਂ ਸਨ ਅਤੇ ਰੋਕਾਂ ਤੋੜਦੇ ਹੋਏ ਨੌਜਵਾਨ ਦਿੱਲੀ ਪਹੁੰਚੇ ਸਨ, ਫਿਰ ਸਰਕਾਰ ਨਾਲ ਮੀਟਿੰਗਾਂ ਦਾ ਦੌਰ ਸ਼ੁਰੂ ਹੋਇਆ, ਲਗਾਤਾਰ ਮੀਟਿੰਗਾਂ ਹੋਈਆਂ ਪਰ ਗੱਲ ਕਿਸੇ ਥਾਂ ਪੱਤਣ ਨਹੀਂ ਲੱਗੀ। ਇਕ ਵੇਲਾ ਹੁਣ ਸੀ/ਹੈ ਜਦੋਂ ਗੱਲ ਰੁਕੀ ਰੁਕੀ ਜਾਪ ਰਹੀ ਸੀ/ਹੈ, ਸਰਕਾਰ ਲਗਾਤਾਰ ਲੋਕਾਂ ਵਿੱਚ ਇਸ ਸੰਘਰਸ਼ ਪ੍ਰਤੀ ਨਾ-ਪੱਖੀ ਬਿਰਤਾਂਤ ਸਿਰਜਣ ਵਿੱਚ ਲੱਗੀ ਹੋਈ ਹੈ, ਸੁਹਿਰਦ ਹਿੱਸੇ ਵੱਲੋਂ ਇਕ ਗੱਲ ਉੱਤੇ ਲਗਾਤਰ ਜ਼ੋਰ ਦਿੱਤਾ ਜਾ ਰਿਹਾ ਸੀ ਕਿ ਸੰਘਰਸ਼ ਵਿਚਲੀ ਇਸ ਖੜੋਤ ਨੂੰ ਜਿਹੜਾ ਵੀ ਪਹਿਲਕਦਮੀ ਕਰ ਕੇ ਤੋੜੇਗਾ ਉਸ ਦਾ ਦਬਾਅ ਦੂਜੀ ਧਿਰ ਉੱਤੇ ਬਣ ਜਾਵੇਗਾ ਅਤੇ ਜੇਕਰ ਕਿਸਾਨ ਜਥੇਬੰਦੀਆਂ ਦੇ ਆਗੂ ਪਹਿਲ ਕਦਮੀ ਕਰਕੇ ਸੰਘਰਸ਼ ਦੇ ਅਗਲੇ ਪੜਾਅ ਦਾ ਪ੍ਰੋਗਰਾਮ ਐਲਾਨ ਦਿੰਦੇ ਹਨ ਤਾਂ ਸਰਕਾਰ ਦਬਾਅ ਵਿੱਚ ਆ ਜਾਵੇਗੀ, ਹਾਲ ਹੀ ਵਿੱਚ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਹੁਣ ਅਗਲੀ ਰਣਨੀਤੀ ਦਾ ਐਲਾਨ ਕਰ ਦਿੱਤਾ ਹੈ ਪਰ ਐਲਾਨ ਵਿਚਲੇ ਸਾਰੇ ਪ੍ਰੋਗਰਾਮਾਂ ਨਾਲ ਸੰਘਰਸ਼ ਦੇ ਹਿਮਾਇਤੀ ਵੀ ਪੂਰੀ ਤਰ੍ਹਾਂ ਸਹਿਮਤ ਦਿਖਾਈ ਨਹੀਂ ਦੇ ਰਹੇ, ਇਸਦੇ ਕਾਰਨ ਘੋਖਣੇ ਬਣਦੇ ਹਨ।

ਅਸੀਂ ਜਾਣਦੇ ਹਾਂ ਕਿ ਇਹ ਸਾਂਝਾ ਸੰਘਰਸ਼ ਹੈ, ਇਸ ਵਿੱਚ ਹਰ ਰੰਗ ਸ਼ਾਮਿਲ ਹੈ, ਕੋਈ ਇਕ ਧਿਰ ਜਾ ਜਥੇਬੰਦੀ ਇਸ ਦੀ ਅਗਵਾਈ ਨਹੀਂ ਕਰ ਰਹੀ, ਇਸ ਦੀ ਅਗਵਾਈ ਕੇਂਦਰਿਤ ਨਾ ਹੋਣ ਕਰ ਕੇ ਹੀ ਸਰਕਾਰ ਨੂੰ ਦਿੱਕਤਾਂ ਆ ਰਹੀਆਂ ਹਨ, ਇਹੀ ਇਸ ਸੰਘਰਸ਼ ਦੀ ਖੂਬਸੂਰਤੀ ਹੈ। ਪਰ ਇਸ ਤਰ੍ਹਾਂ ਦੇ ਮਹੌਲ ਵਿੱਚ ਸੰਘਰਸ਼ ਨੂੰ ਸਹੀ ਤਰੀਕੇ ਚਲਾਉਣਾ ਹੋਰ ਵਧੇਰੇ ਜਿੰਮੇਵਾਰਾਨਾ ਕਾਰਜ ਬਣ ਜਾਂਦਾ ਹੈ। ਅਸੀਂ ਪਿਛਲੇ ਦਿਨਾਂ 'ਚ ਵੇਖਿਆ ਹੈ ਕਿ ਜਦੋਂ ਵੀ ਆਗੂਆਂ ਨੇ ਕੋਈ ਗੱਲ ਲੋਕਾਂ ਦੀਆਂ ਭਾਵਨਾਵਾਂ ਦੇ ਹਾਣਦੀ ਨਹੀਂ ਕੀਤੀ ਤਾਂ ਉਹਨਾਂ ਨੂੰ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸ ਤਰ੍ਹਾਂ ਦੀ ਸਥਿਤੀ ਵਿੱਚ ਜੇਕਰ ਕਦੀ ਇਹ ਵਕਤ ਆ ਜਾਵੇ ਜਦੋਂ ਲੋਕਾਂ ਦੀਆਂ ਭਾਵਨਾਵਾਂ ਅਤੇ ਸਹੀ ਫੈਸਲੇ ਵਿੱਚ ਕੋਈ ਵਿੱਥ ਜਾਪੇ ਤਾਂ ਫੈਸਲਾ ਲੈਣਾ ਹੋਰ ਵੀ ਬਹੁਤ ਮੁਸ਼ਕਿਲ ਹੋ ਜਾਂਦਾ ਹੈ ਪਰ ਇਸ ਤਰ੍ਹਾਂ ਦੀ ਸਥਿਤੀ ਨੂੰ ਨਜਿੱਠਣਾ ਵੀ ਉਨਾਂ ਹੀ ਜਰੂਰੀ ਹੁੰਦਾ ਹੈ ਜਿੰਨੀ ਇਹ ਸਥਿਤੀ ਮੁਸ਼ਕਿਲ ਹੁੰਦੀ ਹੈ।

ਇਕ ਗੱਲ ਤਾਂ ਸਪਸ਼ੱਟ ਹੈ ਇਕ ਇਸ ਸੰਘਰਸ਼ ਵਿੱਚ ਮੋਟੇ ਰੂਪ ਵਿੱਚ ਦੋ ਵੰਨਗੀਆਂ ਹਨ - ਇਕ ਉਹ ਜੋ ਫੈਸਲੇ ਲੈਂਦੀ ਜਾ ਸੁਣਾਉਂਦੀ ਹੈ, ਉਸ ਵੰਨਗੀ ਵਿੱਚ ਕਿਸਾਨ ਜਥੇਬੰਦੀਆਂ ਦੇ ਆਗੂ ਹਨ, ਇਕ ਉਹ ਜੋ ਫੈਸਲੇ ਪ੍ਰਭਾਵਿਤ ਕਰਦੀਆਂ ਹਨ, ਉਸ ਵੰਨਗੀ ਵਿੱਚ ਲੋਕ ਹਨ। ਸੰਘਰਸ਼ ਨੂੰ ਸਹੀ ਦਿਸ਼ਾ ਵੱਲ ਲਿਜਾਣ ਲਈ ਇਹਨਾਂ ਦੋਹਾਂ ਵੰਨਗੀਆਂ ਵਿੱਚ ਸੰਤੁਲਨ ਬਹੁਤ ਜਰੂਰੀ ਹੈ, ਸੰਤੁਲਨ ਬਰਕਰਾਰ ਰੱਖਣ ਲਈ ਸੰਵਾਦ ਜਰੂਰੀ ਹੈ। ਹੁਣ ਤੱਕ ਜਦੋਂ ਵੀ ਲੋਕਾਂ ਨੇ ਆਗੂਆਂ ਦਾ ਜਾ ਓਹਨਾ ਦੇ ਫੈਸਲਿਆਂ ਦਾ ਵਿਰੋਧ ਕੀਤਾ ਹੈ ਉਹਦਾ ਇਕ ਵੱਡਾ ਅਤੇ ਅਹਿਮ ਕਾਰਨ ਇਹੀ ਹੈ ਕਿ ਆਗੂਆਂ ਵੱਲੋਂ ਸਿੱਧਾ ਫੈਸਲੇ ਸੁਣਾਏ ਗਏ ਹਨ, ਕੋਈ ਵਿਚਾਰ/ਸੰਵਾਦ ਨਹੀਂ ਕੀਤਾ ਗਿਆ ਜਾਂ ਲੋਕਾਂ ਦੀ ਰਾਇ ਨਹੀਂ ਲਈ ਗਈ। ਇਕ ਪਾਸੇ ਆਗੂ ਇਹ ਗੱਲ ਮੰਨਦੇ ਹਨ ਕਿ ਇਥੋਂ ਤੱਕ ਸੰਘਰਸ਼ ਜੇਕਰ ਆਇਆ ਹੈ ਤਾਂ ਇਹ ਲੋਕਾਂ ਸਦਕਾ ਹੀ ਆਇਆ ਹੈ ਅਤੇ ਹੁਣ ਵੀ ਸਾਰੇ ਰਾਹ ਅੱਗੇ ਨੂੰ ਹੀ ਹਨ ਪਿੱਛੇ ਨੂੰ ਕੋਈ ਰਾਹ ਨਹੀਂ ਹੈ, ਅਸੀਂ ਸਰਕਾਰ ਤੋਂ ਕੁੱਟ ਖਾ ਲਵਾਂਗੇ ਪਰ ਲੋਕਾਂ ਤੋਂ ਨਹੀਂ ਖਾ ਸਕਦੇ। ਇਹ ਸਾਰੀ ਸਮਝ ਤੋਂ ਬਾਅਦ ਵੀ ਲੋਕਾਂ ਦੀ ਰਾਇ ਲਏ ਬਿਨਾਂ ਫੈਸਲੇ ਲੈਣਾ/ਸੁਣਾਉਣਾ ਠੀਕ ਕਦਮ ਨਹੀਂ ਹੈ, ਇਹ ਕਦਮ ਲਗਾਤਾਰ ਵਿਰੋਧ ਪੈਦਾ ਕਰੇਗਾ। ਆਗੂਆਂ ਨੂੰ ਚਾਹੀਦਾ ਹੈ ਕਿ ਫੈਸਲੇ ਲੈਣ/ਸੁਣਾਉਣ ਤੋਂ ਪਹਿਲਾਂ ਲੋਕਾਂ ਦੀ ਰਾਇ ਲਈ ਜਾਵੇ, ਸੁਣਿਆ ਜਾਵੇ ਕਿ ਉਹ ਕੀ ਚਾਹੁੰਦੇ ਹਨ, ਆਗੂਆਂ ਦੇ ਫੈਸਲੇ ਅਤੇ ਲੋਕਾਂ ਦੀ ਭਾਵਨਾ ਵਿੱਚ ਕਿੰਨੀ ਵਿੱਥ ਹੈ ? ਸਮੇਂ ਦੀ ਲਿਆਕਤ ਨੂੰ ਸਮਝਦਿਆਂ ਕਿੰਨੀ ਕੁ ਸਾਂਝੀ ਰਾਇ ਬਣਾਈ ਜਾ ਸਕਦੀ ਹੈ ? ਇਹ ਸਭ ਵਿਚਾਰ ਕੇ ਹੀ ਫੈਸਲੇ ਲੈਣੇ/ਸੁਣਾਉਣੇ ਚਾਹੀਦੇ ਹਨ।

ਹਾਲ ਹੀ ਵਿੱਚ ਜੋ ਫੈਸਲੇ ਆਗੂਆਂ ਵੱਲੋਂ ਸੁਣਾਏ ਗਏ ਹਨ ਉਸ ਵਿੱਚੋਂ ਖਾਸ ਤੌਰ 'ਤੇ ਥਾਲੀਆਂ ਖੜਕਾਉਣ ਵਾਲੇ ਫੈਸਲੇ ਦਾ ਵਿਰੋਧ ਹੋ ਰਿਹਾ ਹੈ, ਫੈਸਲਾ ਸਹੀ ਹੈ ਜਾ ਗਲਤ ਇਹ ਵੱਖਰਾ ਵਿਸ਼ਾ ਹੈ ਪਰ ਸੁਹਿਰਦ ਹਿੱਸੇ ਵੱਲੋਂ ਵਿਰੋਧ ਹੋਣ ਤੋਂ ਇਹ ਗੱਲ ਸਾਫ ਹੋ ਰਹੀ ਹੈ ਕਿ ਜਿੰਨਾ ਸਮਾਂ ਫੈਸਲੇ ਲੋਕਾਂ ਨੂੰ ਭਰੋਸੇ 'ਚ ਲੈ ਕੇ ਨਹੀਂ ਲਏ ਜਾਂਦੇ ਉਨਾਂ ਸਮਾਂ ਇਹ ਅੰਦਰੂਨੀ ਵਿਰੋਧ ਖਤਮ ਨਹੀਂ ਹੋਵੇਗਾ। ਮਸਲਾ ਲੋਕਾਂ ਦੀ ਹਰ ਗੱਲ ਮੰਨਣ ਦਾ ਨਹੀਂ ਹੈ ਮਸਲਾ ਲੋਕਾਂ ਦੇ ਸੁਝਾਅ ਲੈਣ ਅਤੇ ਵਿਚਾਰਨ ਦਾ ਹੈ। ਕੁਝ ਹੋਰ ਸੁਝਾਅ ਬਹੁਤ ਦਿਨਾਂ ਤੋਂ ਬਿਜਲ ਸੱਥ ਉੱਤੇ ਪ੍ਰਚਾਰੇ ਜਾ ਰਹੇ ਹਨ ਜਿਵੇਂ ਕਿ 'ਜੇਲ੍ਹ ਭਰੋ' ਅਤੇ 'ਗ੍ਰਿਫਤਾਰੀਆਂ' ਵਰਗੇ ਕਿਸੇ ਪ੍ਰੋਗਰਾਮ ਦਾ ਐਲਾਨ ਕਰ ਦੇਣਾ ਚਾਹੀਦਾ ਹੈ ਜਾਂ ਦਿੱਲੀ ਨੂੰ ਜਾਣ ਵਾਲੇ ਹੋਰ ਰਸਤੇ ਬੰਦ ਕਰ ਦੇਣੇ ਚਾਹੀਦੇ ਹਨ ਆਦਿ। ਅਜਿਹੇ ਸੁਝਾਅ ਕਿੰਨੇ ਕੁ ਠੀਕ ਹਨ ਜਾਂ ਕਦੋਂ ਅਮਲ 'ਚ ਲਿਆਂਦੇ ਜਾ ਸਕਦੇ ਹਨ, ਇਹ ਫੈਸਲਾ ਤਾਂ ਆਗੂ ਹੀ ਕਰਨ ਪਰ ਲੋਕਾਂ ਵੱਲੋਂ ਦਿੱਤੇ ਜਾਂਦੇ ਸੁਝਾਵਾਂ ਨੂੰ ਆਗੂਆਂ ਵੱਲੋਂ ਪਾਰਦਰਸ਼ੀ ਤਰੀਕੇ ਨਾਲ ਵਿਚਾਰ ਕੇ ਲੋਕਾਂ ਨੂੰ ਭਰੋਸੇ ਵਿੱਚ ਲੈਣਾ ਚਾਹੀਦਾ ਹੈ।

ਹੁਣ ਅਸੀਂ ਜਿਸ ਪੜਾਅ 'ਤੇ ਹਾਂ ਸਾਡੀ ਊਰਜਾ ਆਪਸੀ ਰਾਇ ਬਣਾ ਕੇ ਚੱਲਣ ਵਿੱਚ ਲੱਗਣੀ ਚਾਹੀਦੀ ਹੈ ਨਾ ਕਿ ਦੁਸ਼ਮਣ ਦੀਆਂ ਤੂਹਮਤਾਂ ਦੇ ਜਵਾਬ ਦੇਣ ਵਿੱਚ। ਜੇ ਕੋਈ ਸਾਨੂੰ ਅੱਤਵਾਦੀ ਕਹਿੰਦਾ ਹੈ ਤਾਂ ਓਹਨੂੰ ਜਚਾਉਣ ਲਈ ਤਿਰੰਗੇ ਫੜ ਫੜ ਦਿਖਾਉਣ ਦਾ ਨਾ ਤਾਂ ਅਮਲ ਹੀ ਸਹੀ ਹੈ ਤੇ ਨਾ ਹੀ ਸਮਾਂ। ਹੁਣ ਇਕ ਇਕ ਪਲ ਦੀ ਕੀਮਤ ਨੂੰ ਸਮਝਦਿਆਂ ਆਗੂਆਂ ਨੂੰ ਲੋਕਾਂ ਦੇ ਸੁਝਾਵਾਂ ਨੂੰ ਧਿਆਨ 'ਚ ਰੱਖ ਕੇ ਉਹਨਾਂ ਨਾਲ ਸੰਵਾਦ ਦਾ ਮਹੌਲ ਬਣਾਉਣਾ ਚਾਹੀਦਾ ਹੈ, ਸਾਂਝੀ ਰਾਇ ਨਾਲ ਫੈਸਲੇ ਲੈਣੇ ਚਾਹੀਦੇ ਹਨ ਅਤੇ ਆਪਸੀ/ਅੰਦਰੂਨੀ ਵਿਰੋਧ ਘਟਾਉਣ ਦਾ ਯਤਨ ਕਰਨਾ ਚਾਹੀਦਾ ਹੈ।

## ਜੋ ਬੋਲੇ ਸੋ ਨਿਹਾਲ: "ਗਾਥਾ ਗੂੜ ਅਪਾਰੰ...."

# ਗੁਰੂ ਨਾਨਕ ਦਾ ਵਿਸ਼ਵ ਆਰਡਰ ਤੇ ਮਾਰਕਸਵਾਦੀਆਂ ਦਾ ਵਿਰਸਾ



- ਗੁਰਤੇਜ ਸਿੰਘ ਆਈਏਐਸ

ਜੋਜਫ ਸਟੈਲਿਨ ਤੇ ਮਾਓ ਜ਼ੇ ਤੁੰਗ ਸੋਵੀਅਤ ਯੂਨੀਅਨ ਅਤੇ ਚੀਨ ਦੇ ਵੱਡੇ ਸਿਆਸੀ ਆਗੂ ਹੋਏ ਹਨ। ਇਹਨਾਂ ਨੇ ਕਾਰਲ ਮਾਰਕਸ ਦੇ ਮਨੁੱਖਤਾ ਲਈ ਸਿਰਜੇ ਵੱਡੇ ਸੁਪਨਿਆਂ ਨੂੰ ਸੰਸਾਰ ਦੀ ਧਰਾਤਲ ਉੱਤੇ ਉਤਾਰਨਾ ਸੀ। ਇਹਨਾਂ ਉਹ ਸੁਰਗ ਦਾ ਨਕਸ਼ਾ ਜਿਸ ਵਿੱਚ 'ਹਰ ਇੱਕ ਬੰਦਾ ਸ਼ਾਹ ਦੁਨੀਆ ਦਾ ਹਰ ਇੱਕ ਤੀਵੀਂ ਰਾਣੀ' ਹੋਵੇ, ਧਰਤੀ ਉੱਤੇ ਵਾਹੁਣਾ ਸੀ। ਅਨੇਕਾਂ ਬੋਲੀਆਂ ਵਿੱਚ ਹਿੰਦੋਸਤਾਨ ਵਿੱਚ ਤਕਰੀਬਨ ਮੁਫ਼ਤ ਵੰਡੇ ਜਾਂਦੇ ਸੋਵੀਅਤ ਰਸਾਲੇ ਵਿੱਚ ਦਿਓ-ਕੱਦ ਜੋੜੇ ਦੀ ਤਸਵੀਰ ਜ਼ਰੂਰ ਹੁੰਦੀ ਸੀ। ਔਰਤ ਦੇ ਹੱਥ ਵਿੱਚ ਕਣਕ ਦੀਆਂ ਬੱਲੀਆਂ ਤੇ ਮਰਦ ਦੇ ਹੱਥ ਦਾਤ-ਨੁਮਾ ਦਾਤਰੀ ਹੁੰਦੀ ਸੀ। ਬਰਾਬਰਤਾ, ਖ਼ੁਸ਼ਹਾਲੀ ਉਹਨਾਂ ਦੇ ਚਿਹਰਿਆਂ ਤੋਂ ਝਲਕਦੀ ਹੁੰਦੀ ਸੀ। ਇਹੋ ਜਿਹੇ ਮੁਜੱਸਮੇ ਵੇਖ ਕੇ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਸੋਹਣ ਸਿੰਘ ਜੋਸ਼ ਤੇ ਸੰਤ ਸਿੰਘ ਸੇਖੋਂ ਆਦਿ ਨੇ ਸਿੱਖਾਂ ਦੀ ਬੌਧਿਕ ਅਗਵਾਈ ਦੇ ਪਰ ਕੱਟ ਕੇ, ਉਸ ਨੂੰ ਸਾਮਵਾਦੀ ਦਲਦਲ ਵਿੱਚ ਧੱਕ ਕੇ ਸਿੱਖ ਕੌਮ ਨੂੰ ਦਿਸ਼ਾਹੀਣ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਸੀ। ਚੰਗੇ ਭਲ਼ੇ ਨਿੱਤ ਨੇਮੀ, ਅੰਮ੍ਰਿਤਧਾਰੀ, ਗ਼ਦਰੀ ਬਾਬਿਆਂ ਨੂੰ ਵੀ ਤਰਾਸ਼ ਕੇ ਕੌਮਿਊਨਿਜ਼ਮ ਦੇ ਚੌਖਟੇ ਵਿੱਚ ਕੱਸ ਦਿੱਤਾ ਸੀ।

ਇਹ ਤਾਂ ਸਰਬੀਆ ਵਿੱਚ ਦਫ਼ਨਾਏ ਲੱਖਾਂ ਲੋਕਾਂ ਦੀਆਂ ਕਬਰਾਂ ਅਤੇ ਚੀਨ ਦੀ 'ਅਗਾਂਹ ਨੂੰ ਵੱਡੀ ਛਾਲ' ਇਨਕਲਾਬ ਵਿੱਚ ਕਤਲ ਕੀਤਿਆਂ ਦੀਆਂ ਗਿਣਤੀਆਂ ਦੇ ਬਾਅਦ ਪਤਾ ਲੱਗਿਆ ਕਿ ਚੀਨ, ਰੂਸ ਨੇ ਕਿਹੋ ਜਿਹਾ ਸੁਰਗ ਸਾਜਿਆ ਸੀ। ਮਾਓ ਨੇ 1958 ਤੋਂ 1962 ਤੱਕ 450 ਤੋਂ 600 ਲੱਖ ਨਿਹੱਥੇ, ਨਿਮਾਣੇ, ਨਿਤਾਣੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ। ਇਨ੍ਹਾਂ ਵਿੱਚ ਹੂਨਾਨ ਸੂਬੇ ਦਾ ਇੱਕ ਭੁੱਖ ਦਾ ਸਤਾਇਆ ਬੱਚਾ ਵੀ ਸੀ ਜਿਸ ਨੇ ਇੱਕ ਮੁੱਠੀ ਅਨਾਜ ਚੋਰੀ ਕਰ ਲਿਆ ਸੀ ਅਤੇ ਉਸ ਦੇ ਬਾਪ ਨੂੰ ਮਜਬੂਰ ਕਰ ਕੇ ਉਸ ਨੂੰ ਜਿਊਂਦੇ ਨੂੰ ਦਫ਼ਨ ਕਰਵਾ ਦਿੱਤਾ ਸੀ। ਇੱਕ ਉਹ ਵੀ ਸੀ ਜਿਸ ਨੂੰ ਇੱਕ ਆਲੂ ਪੁੱਟਣ ਦੀ ਸਜਾ ਵਜੋਂ ਗਰਮ ਲੋਹੇ ਨਾਲ ਦਾਗ਼ ਦਿੱਤਾ ਸੀ। ਸਟੈਲਿਨ ਨੇ 400 ਲੱਖ ਕੂਲਕ ਲੋਕਾਂ ਨੂੰ ਨਕਲੀ ਕਾਲ ਪਾ ਕੇ ਭੁੱਖਿਆਂ ਮਾਰ ਦਿੱਤਾ ਸੀ। ਇਹ ਸਾਰੇ ਇਹਨਾਂ ਦੇ ਆਪਣੇ ਦੇਸ਼-ਵਾਸੀ ਸਨ।

ਧੰਨ ਹਨ ਸਾਡੇ ਆਗੂ ਜਿਹੜੇ ਅਜੇ ਵੀ ਸਮਰਾਜਵਾਦ ਦੇ ਗੁਣਗਾਣ ਦਾ ਰਿਆਜ਼ ਮੁਕਤ-ਕੰਠ ਕਰ ਰਹੇ ਹਨ।

ਸਟੈਲਿਨ ਨੇ ਦਾਅਵਾ ਕੀਤਾ ਸੀ ਕਿ ਕੁੱਲ ਮਨੁੱਖੀ ਸਮਾਜ ਦੀ ਭਲਾਈ ਲਈ, ਅਸੂਲਾਂ ਉੱਤੇ ਟੇਕ ਰੱਖਦੀ, ਸੰਸਾਰ ਦੀ ਪਹਿਲੀ ਸਿਆਸੀ ਤਨਜ਼ੀਮ ਉਸ ਦੀ ਕੌਮਿਊਨਿਸਟ ਪਾਰਟੀ ਹੈ। ਦੁਨੀਆ ਭਰ ਦੇ ਸਮਾਜਕ ਤੇ ਸਿਆਸੀ ਢਾਂਚਿਆਂ ਦੇ ਵੱਡੇ ਜਾਣਕਾਰ ਆਰਨਲਡ ਟੋਇਨਬੀ ਨੇ ਇਸ ਦਾਅਵੇ ਨੂੰ ਨਕਾਰਦਿਆਂ ਨਿਰਣਾ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਹੀ ਅਜਿਹੀ ਪਹਿਲੀ ਸਿਆਸੀ ਤਨਜ਼ੀਮ ਹੈ। ਸਿੱਖ ਪੰਥ ਦੀ ਇਹ ਕਮਜ਼ੋਰੀ ਹੈ ਕਿ ਇਸ ਨੇ ਅਜੇ ਤੱਕ ਖਾਲਸੇ ਦੇ ਸਿਆਸੀ ਰੁਤਬੇ ਅਤੇ ਕਰਤਬ ਬਾਰੇ ਚਰਚਾ ਨਾ ਕਰਕੇ ਕੇਵਲ ਉਸ ਦੇ ਧਾਰਮਕ ਪੱਖ ਨੂੰ ਹੀ ਉਜਾਗਰ ਕੀਤਾ ਹੈ। ਅੱਜ, ਖਾਸ ਤੌਰ ਉੱਤੇ ਕੋਵਿਡ ਦੇ ਜ਼ਮਾਨੇ ਵਿੱਚ, ਹਰ ਕਿਸਮ ਦੇ ਸਿਆਸੀ ਪ੍ਰਬੰਧ ਢਹਿ-ਢੇਰੀ ਹੋ ਚੁੱਕੇ ਹਨ। ਲੋਕਾਂ ਦਾ ਯਕੀਨ ਮੌਜੂਦਾ ਕਿਸਮ ਦੇ ਸਿਆਸੀ ਆਗੂਆਂ ਤੋਂ ਉੱਠ ਚੁੱਕਾ ਹੈ। ਹੁਣ ਪਰਗਟ ਹੋਇਆ ਹੈ ਕਿ ਹਰ ਕਿਸਮ ਦੀ ਰਾਜ-ਪ੍ਰਣਾਲੀ ਹਾਕਮ ਜਮਾਤ ਦੀ ਲੁੱਟ, ਚਾਲੀ ਗੰਜ ਜੋੜਨ ਦੀ ਹਵਸ ਅਤੇ ਹੁਕਮ ਚਲਾਉਣ ਦੇ ਝੱਸ ਪੂਰਾ ਕਰਨ ਦਾ ਕੇਵਲ ਸਾਧਨ ਬਣ ਕੇ ਹੀ ਰਹਿ ਗਈ ਹੈ।

ਮਨੁੱਖਤਾ ਦੀ ਆਤਮਾ ਆਪਣੀਆਂ ਨਸਲਾਂ ਦੇ ਭਵਿੱਖ ਨੂੰ ਲੈ ਕੇ ਡੂੰਘੇ ਫ਼ਿਕਰ ਵਿੱਚ ਹੈ। ਅੱਜ ਦੀ ਪੀੜ੍ਹੀ ਨੇ ਧਰਮ ਨੂੰ ਅਤੇ ਸਿਆਸਤ ਨੂੰ, ਇੱਕ ਦੂਜੇ ਤੋਂ ਵਧ ਕੇ, ਆਮ ਲੋਕਾਂ ਦਾ ਹਰ ਪੱਖੋਂ ਸ਼ੋਸ਼ਣ ਕਰਦਿਆਂ ਵੇਖਿਆ ਹੈ ਠੀਕ ਉਵੇਂ ਜਿਵੇਂ ਸੱਚੇ ਸਾਹਿਬ ਨੇ ਸਦੀਆਂ ਪਹਿਲਾਂ ਫ਼ੁਰਮਾਇਆ ਸੀ: "ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ॥ ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ ॥1॥" ਜਦੋਂ ਮਨੁੱਖਤਾ ਦੀ ਉੱਤਮ ਚੇਤਨਾ ਵਿੱਚ ਲੇਖਾ-ਜੋਖਾ ਹੁੰਦਾ ਹੈ ਤਾਂ ਮਾਓ, ਹਿਟਲਰ, ਸਟੈਲਿਨ ਦਾ ਅਤੇ ਉਨ੍ਹਾਂ ਦੀਆਂ ਰਾਜ-ਪ੍ਰਣਾਲੀਆਂ ਦਾ ਕੌਡੀ ਮੁੱਲ ਨਹੀਂ ਪੈਂਦਾ। "ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ॥ ਅਢੁ ਨ ਲਹਦੜੋ ਮੁਲੁ ਨਾਨਕ ਸਾਥਿ ਨਾ ਜੁਲਈ ਮਾਇਆ॥"

"ਸਾਥਿ" ਜਾਂਦੀ ਹੈ ਬਾਬਾ ਬੰਦਾ ਸਿੰਘ ਬਹਾਦਰ ਵਰਗਿਆਂ ਦੀ ਸੁੱਚੀ ਘਾਲਣਾ ਜਿਸ ਤੋਂ ਪ੍ਰੇਰਨਾ ਲੈ ਕੇ 25 ਸਿਪਾਹੀਆਂ ਨੇ ਪੰਜ ਤੀਰਾਂ ਦੀ ਵਿਰਾਸਤ ਨਾਲ ਜਮਾਨੇ ਦੀ ਸਭ ਤੋਂ ਤਾਕਤਵਰ ਅਤੇ ਸਭ ਤੋਂ ਜ਼ਾਲਮ ਹਕੂਮਤ ਉੱਤੇ ਫ਼ਤਿਹ ਪਾਈ। ਫਿਰ ਦੁਨੀਆਂ ਦਾ ਸਭ ਤੋਂ ਪਹਿਲਾ ਲੋਕ-ਰਾਜ ਸਥਾਪਤ ਕੀਤਾ ਜਿਸ ਵਿੱਚ ਊਚ-ਨੀਚ ਦੇ ਭੇਦ-ਭਾਵ ਮਿਟ ਗਏ। ਜੁੱਤੀਆਂ ਗੰਢਣ ਵਾਲੇ ਸਿਰ ਉੱਤੇ ਕਲਗੀਆਂ ਸਜਾ ਕੇ ਰਾਜੇ ਬਣੇ। ਓਸ ਨੇ ਆਖਿਆ ਅਸੀਂ 'ਸਤਿਜੁਗ ਵਰਤਾਇਆ ਹੈ।' ਜਮਾਨੇ ਨੇ ਇੱਕ ਜ਼ੁਬਾਨ ਹੋ ਸ਼ਾਹਦੀ ਭਰੀ। ਤੇਗ਼ ਅਤੇ ਦੇਗ਼ ਪਹਿਲੀ ਵਾਰ ਨਪੀੜਿਆਂ-ਲਤਾੜਿਆਂ ਦੇ ਹੱਕ ਵਿੱਚ ਚੱਲੀ। ਬਰਕਤ ਵਾਲੀ ਨਾਨਕ ਦੀ ਤੇਗ਼ ਨੇ ਸਭ ਸਤਾਇਆਂ ਦੇ ਉੱਤੇ ਛਾਂ ਕੀਤੀ: 'ਤੇਗੇ ਨਾਨਕ ਵਾਹਬ ਅਸਤ।' ਖਰੇ ਸੌਦੇ ਵਾਲੀ ਦੇਗ਼ ਫਿਰ ਚੜ੍ਹੀ ਅਤੇ ਨਾ ਕੋਈ ਭੁੱਖਾ ਸੁੱਤਾ ਨਾ ਦੁਖੀ। ਲੋਕਾਂ ਦਾ ਕਤਲੇਆਮ ਕਰਨ ਦੀ ਬਜਾਏ, ਸਮਾਂ ਆਉਣ ਉੱਤੇ, ਹਾਕਮਾਂ ਨੇ ਆਪਣੇ ਬੱਚਿਆਂ ਦੇ ਕਾਲਜੇ ਮੂੰਹ ਪਵਾਏ ਅਤੇ ਆਪਣੇ ਸਰੀਰਾਂ ਨੂੰ ਮਨੁੱਖ-ਮਾਤਰ ਦੀ ਢਾਲ ਬਣਾਇਆ; ਸਾਰੇ ਵਾਰ ਹੱਸ-ਹੱਸ ਝੱਲੇ। ਸਾਰੀ ਸਦੀ ਇਹ ਵਰਤਾਰਾ ਰਿਹਾ।

ਰਣਜੀਤ ਸਿੰਘ ਦੇ ਸਮੇਂ ਦਾ ਖ਼ਾਲਸਾ ਰਾਜ ਜਾਂ ਖਾਲਸੇ ਦੀ ਅਗਵਾਈ ਵਿੱਚ ਲੋਕਾਂ ਦਾ ਰਾਜ, ਬੰਦਾ ਬਹਾਦਰ ਦੇ ਖਾਲਸਾ ਰਾਜ ਦਾ ਪਰਛਾਵਾਂ ਮਾਤਰ ਸੀ। ਪਰ ਦੇਗ਼ ਅਤੇ ਤੇਗ਼ ਓਸੇ ਵੇਗ ਅਤੇ ਖ਼ਲੂਸ ਨਾਲ ਚੱਲੀ। ਮੁਖੀ ਨੇ ਕਲਗੀ ਪੱਗ ਤੋਂ ਲਾਹ ਕੇ ਲਾਚਾਰ ਬੁੱਢੇ ਨੂੰ ਸਰਕਾਰੋਂ ਮਿਲੀ ਕਣਕ ਦੀ ਪੰਡ ਸਿਰ ਉੱਤੇ ਰੱਖ ਲਈ ਅਤੇ 'ਪਾਂਡੀ ਪਾਤਸ਼ਾਹ' ਕਹਾਇਆ। ਜੰਗਲ ਦੇ ਜਾਨਵਰਾਂ ਨੂੰ ਵੀ ਧਰਵਾਸ ਮਿਲਿਆ। ਵਿਲਕਦੀ ਸ਼ੇਰਨੀ ਦੀ ਫ਼ਰਿਆਦ ਉਸ ਦੇ ਕੰਨੀਂ ਪਈ ਅਤੇ ਇਹ ਆਖ ਕੇ ਉਸ ਨੇ ਉਸ ਦੇ ਬੱਚਿਆਂ ਨੂੰ ਸਿਪਾਹੀਆਂ ਤੋਂ ਮੁਕਤ ਕਰਾਇਆ: "ਸ਼ੇਰਨੀ ਵੀ ਤਾਂ ਮਾਂ ਹੁੰਦੀ ਹੈ।" ਲੌਰਡ ਐਕਟਨ ਆਖਦਾ ਹੈ ਕਿ ਚਾਲੀ ਸਾਲਾਂ ਵਿੱਚ ਕਿਸੇ ਇੱਕ ਮਨੁੱਖ ਨੂੰ ਉਸ ਦੇ ਹੁਕਮ ਨਾਲ ਫ਼ਾਂਸੀ ਨਾ ਲੱਗੀ।

ਇੱਕੀਵੀਂ ਸਦੀ ਵਿੱਚ ਜਦੋਂ ਬੀ.ਬੀ.ਸੀ. ਨੇ ਸਭ ਤੋਂ ਵੱਧ ਜਾਣਕਾਰੀ ਰੱਖਣ ਵਾਲੇ ਕਈ ਮੁਲਕਾਂ ਦੇ ਇਤਿਹਾਸਕਾਰਾਂ ਨੂੰ ਪੁੱਛਿਆ ਤਾਂ ਸਭ ਦਾ ਨਿਰਣਾ ਸੀ ਕਿ ਬੀਤੀਆਂ ਸਦੀਆਂ ਵਿੱਚ ਸਭ ਤੋਂ ਉੱਤਮ ਰਾਜ ਰਣਜੀਤ ਸਿੰਘ ਦਾ ਖ਼ਾਲਸਾ ਰਾਜ ਹੀ ਸੀ। ਸਮੇਂ ਨੇ ਤੇਗ਼ ਦੇ ਰਾਹ ਵਿੱਚ ਕੁਝ ਰੁਕਾਵਟਾਂ ਪਾਈਆਂ ਪਰ ਖਾਲਸੇ ਦੀ ਦੇਗ਼ ਨਿਰੰਤਰ ਚੱਲਦੀ ਰਹੀ। ਮਨੁੱਖਤਾ ਦੀ ਹਰ ਮੁਸ਼ਕਲ, ਹਰ ਮਜਬੂਰੀ ਦਾ ਅਹਿਸਾਸ ਖਾਲਸੇ ਨੂੰ ਹੋਇਆ। ਇਰਾਕ, ਬੰਗਲਾ ਦੇਸ਼, ਕਸਮੀਰ, ਅਮਰੀਕਾ, ਕੈਨੇਡਾ, ਔਸਟ੍ਰੇਲੀਆ, ਨੇਪਾਲ, ਕੇਰਲਾ, ਗੁਜਰਾਤ ਆਦਿ ਜਿੱਥੇ ਵੀ ਲੋੜ ਪਈ ਗੁਰੂ ਨਾਨਕ ਦੀ ਦੇਗ਼ ਸਭ ਤੋਂ ਪਹਿਲਾਂ ਉੱਥੇ ਪਹੁੰਚੀ। ਗੁਰੂ ਰੂਪ ਵਿੱਚ ਖ਼ਾਲਸੇ ਦਾ ਬਿਰਦ ਹੈ 'ਜੋ ਬੋਲੇ ਸੋ ਨਿਹਾਲ।' ਅਰਥਾਤ 'ਕਿਸੇ ਮੁਸ਼ਕਲ ਵਿੱਚ ਫ਼ਸੇ ਮਨੁੱਖ ਦੀ ਪੁਕਾਰ ਸੁਣ ਕੇ ਜੋ ਮਦਦ ਦਾ ਹੁੰਗਾਰਾ ਭਰਦਾ ਹੈ ਉਹ ਸੱਚੇ ਦੀ ਦਰਗਾਹ ਵਿੱਚ ਨਿਹਾਲ ਹੋਵੇਗਾ।' ਬੋਲਣਾ ਧਰਮ ਹੈ ਕਿਉਂਕਿ ਅਕਾਲ ਦੀ ਹਰ ਮੁਹਾਜ ਉੱਤੇ ਜਿੱਤ ਨੂੰ ਯਕੀਨੀ ਬਣਾਉਣਾ ਗੁਰੂ ਦਾ ਕਉਲ ਹੈ, ਖਾਲਸੇ ਦਾ ਕਰਤੱਵ ਹੈ 'ਸਤਿ ਸ੍ਰੀ ਅਕਾਲ।'

ਅੱਜ ਹਿੰਦੋਸਤਾਨ ਨੂੰ ਉਸੇ ਗ਼ੁਲਾਮੀ ਵਿਚ ਧੱਕਣ ਦਾ ਵੱਡਾ ਯਤਨ ਧਰਮ ਅਤੇ ਸਿਆਸਤ ਕਰ ਰਹੇ ਹਨ। ਬ੍ਰਾਹਮਣ ਹਰ ਇੱਕ ਨੂੰ ਨਿਆਸਰਾ ਕਰ ਕੇ ਆਪਣੀ ਹਕੂਮਤ ਸਭਨਾਂ ਉੱਤੇ ਸਥਾਪਤ ਕਰਨ ਨੂੰ ਉਤਾਵਲਾ ਹੈ। ਚਮਨ ਨੂੰ ਅੱਗ ਲੱਗੇਗੀ ਤਾਂ ਹਰ ਆਲ੍ਹਣਾ ਰਾਖ ਹੋ ਜਾਵੇਗਾ। ਇੱਕ ਦਹਿ-ਸਦੀ ਬਾਅਦ ਇੱਕ ਵਾਰ ਫੇਰ ਦਸਤਕ ਦੇ ਰਹੀ ਬ੍ਰਾਹਮਣ ਦੀ ਗ਼ੁਲਾਮੀ ਵਿਰੁੱਧ ਆਵਾਜ ਉਠਾ ਕੇ ਇਸ ਕੁਲਹਿਣੀ ਰੀਤ ਨੂੰ ਧੱਕ ਕੇ ਮਨੁੱਖਤਾ ਦੇ ਬੂਹੇ ਤੋਂ ਦੂਰ ਕਰਨਾ ਸਭਨਾਂ ਦਾ ਫ਼ਰਜ਼ ਹੈ। ਇੱਕ ਵਾਰੀ ਫੇਰ ਖਾਲਸਾਈ ਨਾਅਰਾ ਹੈ: 'ਜੋ ਬੋਲੇ ਸੋ ਨਿਹਾਲ।' ਕੀ ਸ਼ਿਵਾ ਜੀ ਦੇ ਪੈਰੋਕਾਰ, ਜਿਨ੍ਹਾਂ ਦੇ ਮੱਥੇ ਉੱਤੇ ਬ੍ਰਾਹਮਣ ਨੇ ਪੈਰ ਨਾਲ ਤਿਲਕ ਲਗਾਇਆ ਸੀ, ਨਹੀਂ ਬੋਲਣਗੇ ? ਕੀ ਹਰ ਤੀਜੇ ਵਰ੍ਹੇ ਮਾਵਾਂ, ਭੈਣਾਂ, ਬੇਟੀਆਂ ਦਾ ਜੌਹਰ ਹੰਢਾਉਣ ਵਾਲੇ ਰਾਜਪੂਤ ਨਹੀਂ ਬੋਲਣਗੇ ? ਕੀ ਹਿੰਦ ਦੀ ਆਤਮਾ ਦੇ ਅਸਲ ਵਾਰਸ ਅਤੇ ਸਦੀਆਂ ਤੋਂ ਬ੍ਰਾਹਮਣ ਦੇ ਸਤਾਏ ਮੂਲ ਨਿਵਾਸੀ ਨਹੀਂ ਬੋਲਣਗੇ ?

ਕਾਰਲ ਮਾਰਕਸ, ਮਾਓ, ਸਟੈਲਿਨ ਦੇ ਪੈਰੋਕਾਰਾਂ ਦੇ, ਹਿਟਲਰ ਦੇ ਪੈਰੋਕਾਰਾਂ ਵਾਂਗ ਹੀ, ਹੱਥ ਮਨੁੱਖਤਾ ਦੇ ਖ਼ੂਨ ਨਾਲ ਰੰਗੇ ਹੋਏ ਹਨ। ਜੇ ਇਹਨਾਂ ਬੋਲਣਾ ਹੈ ਤਾਂ ਹਿਰਦੇ ਨੂੰ ਸ਼ੁੱਧ ਕਰ ਕੇ ਗੁਰੂ ਨਾਨਕ ਦੇ ਨਕਸ਼ੇ-ਕਦਮ ਉੱਤੇ ਚੱਲਦਿਆਂ 'ਜੋ ਬੋਲੇ ਸੋ ਨਿਹਾਲ' ਦੇ ਨਾਅਰੇ ਦਾ ਨਿੱਘ ਮਾਣਦਿਆਂ 'ਸਤਿ ਸ੍ਰੀ ਅਕਾਲ' ਫ਼ਤਹਿ ਕਰਨ ਵੱਲ ਹੀ ਮੂੰਹ ਕਰਨਾ ਪਵੇਗਾ। ਅੱਜ ਇਹੀ ਕੁੱਲ ਮਨੁੱਖਤਾ ਦਾ ਸਾਂਝਾ ਨਾਅਰਾ ਹੈ।

# ਕਿਰਤੀ ਕਿਸਾਨ ਅੰਦੋਲਨ ਕਾਰਨ ਮੋਦੀ ਸਰਕਾਰ ਬੁਰੀ ਫਸੀ

## ✪ ਪੰਜਾਬ ਦੇ ਲੋਕਾਂ ਨੇ ਸਿਆਸੀ ਪਾਰਟੀਆਂ ਉੱਤੇ ਖੁੱਲ ਕੇ ਬੇਭਰੋਸਗੀ ਜ਼ਾਹਿਰ ✪ ਕਿਸਾਨ ਨਹੀਂ ਵਿਸ਼ਵਾਸ ਕਰ ਰਹੇ ਬਾਦਲ ਦਲ ਤੇ ਕੈਪਟਨ ਸਰਕਾਰ ਵਿਚ ✪ ਆਪ ਪਾਰਟੀ ਵੀ ਕਿਸਾਨਾਂ ਨੂੰ ਪ੍ਰਭਾਵਿਤ ਕਰਨ ਵਿਚ ਅਸਫਲ ਰਹੀ

**- ਡਾਕਟਰ ਸ਼ਿੰਗਾਰਾ ਸਿੰਘ ਯੂ.ਕੇ.**

ਭਾਰਤ ਦੀ ਭਾਜਪਾ ਸਰਕਾਰ ਵੱਲੋਂ ਜੂਨ ਵਿਚ ਪਾਸ ਕੀਤੇ ਗਏ ਤਿੰਨ ਖੇਤੀ-ਬਾੜੀ ਬਿੱਲਾਂ ਬਾਰੇ ਇਹ ਪ੍ਰਚਾਰ ਕੀਤਾ ਗਿਆ ਕਿ ਇਹ ਬਿੱਲ ਕਿਸਾਨਾਂ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਪਾਸ ਕੀਤੇ ਗਏ ਹਨ ਤੇ ਇਸ ਦੇ ਹੱਕ ਵਿਚ ਜੋ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ, ਉਹ ਬਿਲਕੁਲ ਹੀ ਬੇਤੁਕੀਆਂ ਹਨ। ਇਹ ਕਿਹਾ ਜਾ ਰਿਹਾ ਹੈ ਐਮਐਸਪੀ ਬੰਦ ਨਹੀਂ ਹੋਵੇਗੀ, ਮਾਰਕੀਟ ਕਮੇਟੀਆਂ ਇਸੇ ਤਰਾਂ ਖੁੱਲੀਆਂ ਰਹਿਣਗੀਆਂ, ਕਿਸਾਨ ਤੋਂ ਜ਼ਮੀਨਾਂ ਨਹੀਂ ਖੋਹੀਆਂ ਜਾਣਗੀਆਂ ਆਦਿ। ਹੁਣ ਇਨਾਂ ਨੂੰ ਕੋਈ ਪੁੱਛੇ ਕਿ ਜੇਕਰ ਖੇਤੀ ਬਿੱਲਾਂ ਦੇ ਏਹੀ ਫ਼ਾਇਦੇ ਹਨ ਤਾਂ ਫੇਰ ਇਹ ਸਾਰੇ ਫ਼ਾਇਦੇ ਤਾਂ ਪਹਿਲਾਂ ਹੀ ਕਿਸਾਨਾਂ ਨੂੰ ਮਿਲ ਰਹੇ ਹਨ, ਫਿਰ ਬਿੱਲ ਕਿਸ ਮਕਸਦ ਲਈ ਪਾਸ ਕੀਤੇ ਗਏ ਹਨ! ਸਿਰਫ਼ ਇਹ ਦੱਸਣ ਵਾਸਤੇ ਕਿ ਉਕਤ ਫ਼ਾਇਦੇ ਕਿਸਾਨਾਂ ਨੂੰ ਮਿਲਦੇ ਰਹਿਣਗੇ।

ਦਿੱਲੀ ਦੇ ਇਕ ਵਿਦਿਆਰਥੀ ਵੱਲੋਂ ਸੁਪਰੀਮ ਵਿੱਚ ਇਹ ਪੁਟੀਸ਼ਨ ਦਾਖਲ ਕੀਤੀ ਗਈ ਕਿ ਕਿਸਾਨ ਅੰਦੋਲਨ ਕਾਰਨ ਦਿੱਲੀ ਵਾਸੀਆਂ ਨੂੰ ਬਹੁਤ ਦਿੱਕਤਾਂ ਪੇਸ਼ ਆ ਰਹੀਆਂ ਹਨ ਜਿਸ ਕਰਕੇ ਇਸ ਅੰਦੋਲਨ ਨੂੰ ਜਾਂ ਤਾਂ ਸਮਾਪਤ ਕਰਨ ਦਾ ਹੁਕਮ ਕੀਤਾ ਜਾਵੇ ਜਾਂ ਫਿਰ ਬਰਾੜੀ, ਜੰਤਰ ਮੰਤਰ ਜਾਂ ਨਿਰੰਕਾਰੀ ਭਵਨ ਸ਼ਿਫ਼ਟ ਕਰਨ ਦੇ ਅਦੇਸ਼ ਦਿੱਤੇ ਜਾਣ, ਸੁਪਰੀਮ ਕੋਰਟ ਨੇ ਸੁਣਵਾਈ ਕਰਨ ਤੋਂ ਬਾਅਦ ਜੋ ਟਿੱਪਣੀ ਕੀਤੀ ਹੈ, ਉਹ ਬਹੁਤ ਹੀ ਕਾਬਲੇਗ਼ੌਰ ਹੈ। ਸੁਪਰੀਮ ਕੋਰਟ ਨੇ ਜਿੱਥੇ ਇਹ ਕਿਹਾ ਕਿ ਕਿਸਾਨ ਅੰਦੋਲਨ ਲੋਕਤੰਤਰੀ ਰਵਾਇਤਾਂ ਦੇ ਮੁਤਾਬਿਕ ਹੈ, ਇਸ ਨੂੰ ਬੰਦ ਨਹੀਂ ਕੀਤਾ ਜਾ ਸਕਦਾ ਉੱਥੇ ਰਸਤਾ ਕਿਸਾਨਾਂ ਨਹੀਂ ਬਲਕਿ ਦਿੱਲੀ ਤੇ ਹਰਿਆਣੇ ਦੀ ਪੁਲਿਸ ਨੇ ਰੋਕਿਆ ਹੋਇਆ ਹੈ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਸਰਕਾਰ ਨੂੰ ਸੁਝਾਅ ਦਿੱਤਾ ਹੈ ਕਿ ਖੇਤੀ ਬਿੱਲਾਂ ਨੂੰ ਲਾਗੂ ਕਰਨ ਦੀ ਕਾਹਲ ਨਾ ਕਰਕੇ, ਇਨਾਂ ਸਬੰਧੀ ਇਕ ਸਾਂਝੀ ਕਮੇਟੀ ਬਣਾ ਕੇ ਮਸਲੇ ਨੂੰ ਜਲਦੀ ਤੋਂ ਜਲਦੀ ਸਮਾਪਤ ਕੀਤਾ ਜਾਵੇ। ਸੁਪਰੀਮ ਕੋਰਟ ਦੀਆਂ ਉਕਤ ਟਿੱਪਣੀਆਂ ਤੋਂ ਇਹ ਗੱਲ ਬਿਲਕੁਲ ਸਪੱਸ਼ਟ ਹੋ ਜਾਂਦੀ ਕਿ ਸਰਕਾਰ ਕਿਸਾਨ ਅੰਦੋਲਨ ਨੂੰ ਫ਼ੇਲ ਕਰਨ ਵਾਸਤੇ ਹੁਣ ਕਿਸੇ ਵੀ ਤਰਾਂ ਦੇ ਬਲ ਦਾ ਪ੍ਰਯੋਗ ਕਦੇ ਵੀ ਨਹੀਂ ਕਰ ਸਕਦੀ।

- ਅੰਦੋਲਨ ਕਾਰਨ ਨਵੀਂ ਗੱਲ ਨਿਕਲ ਕੇ ਇਹ ਵੀ ਬਾਹਰ ਆਈ ਹੈ ਕਿ ਭਾਰਤ ਸਰਕਾਰ ਜਿਨਾਂ ਬਿੱਲਾਂ ਨੂੰ ਕਿਸਾਨ ਹਿਤੂ ਦੱਸਦੀ ਸੀ। ਹੁਣ ਖ਼ੁਦ ਮੰਨ ਰਹੀ ਹੈ ਕਿ ਤਿੰਨੇ ਖੇਤੀ ਬਿੱਲ ਅੱਸੀ ਫੀਸਦੀ ਕਾਣੇ ਹਨ, ਸਰਮਾਏਦਾਰਾਂ ਦੇ ਹਿਤਾਂ ਨੂੰ ਮੁੱਖ ਰੱਖ ਕੇ ਬਣਾਏ ਗਏ ਹਨ। ਸੋਧਾਂ ਕਰਨ ਦੀ ਗੱਲ ਵੀ ਸਰਕਾਰ ਮੰਨ ਰਹੀ ਪਰ ਬਿੱਲਾਂ ਨੂੰ ਰੱਦ ਕਰਨ ਵਾਸਤੇ ਤਿਆਰ ਨਹੀਂ ਜਿਸ ਤੋਂ ਸਾਫ਼ ਪਤਾ ਲਗਦਾ ਹੈ ਕਿ ਇਨਾਂ ਬਿੱਲਾਂ ਨੂੰ ਪਾਸ ਕਰਨ ਜਾਂ ਕਰਾਉਣ ਪਿੱਛੇ ਬਹੁਤ ਕੋਈ ਵੱਡੀ ਡੀਲ ਹੋਈ।

- ਦਿੱਲੀ ਦਾ ਮੁੱਖ ਮੰਤਰੀ ਕੇਜਰੀਵਾਲ ਖੇਤੀ ਬਿੱਲਾਂ ਸਬੰਧੀ ਯੂ ਟਰਨ ਮਾਰ ਕੇ ਵੱਡਾ ਸਿਆਸੀ ਪੈਂਤਰਾ ਖੇਡ ਗਿਆ ਹੈ ਜਿਸ ਨਾਲ ਪੰਜਾਬ ਦਾ ਮੁੱਖ ਮੰਤਰੀ ਤੇ ਭਾਰਤ ਦੀ ਕੇਂਦਰ ਸਰਕਾਰ ਇਕ ਵਾਰ ਤਾਂ ਹੱਕੇ-ਬੱਕੇ ਰਹਿ ਗਏ ਹਨ। ਇੱਥੇ ਦੱਸਦੇ ਜਾਈਏ ਕਿ ਕੇਜਰੀਵਾਲ ਨੇ ਕੁਝ ਸਮਾਂ ਪਹਿਲਾਂ ਇਨਾਂ ਖੇਤੀ ਬਿੱਲਾਂ ਦਾ ਸਮਰਥਨ ਕਰਦਿਆਂ ਇਨਾਂ ਵਿੱਚੋਂ ਇਕ ਬਿੱਲ ਨੂੰ ਦਿੱਲੀ ਵਿਚ ਲਾਗੂ ਕਰਨ ਦਾ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਸੀ।

- ਕਿਸਾਨ ਅੰਦੋਲਨ ਨੇ ਮੋਦੀ ਨੂੰ ਵੱਡਾ ਚੈਲਿੰਜ ਦਿੱਤਾ ਹੈ। ਜੰਮੂ ਕਸ਼ਮੀਰ ਵਿਚ ਧਾਰਾ 370 ਖ਼ਤਮ ਕਰਕੇ ਮੋਦੀ ਵੱਲੋਂ ਕਹਿ ਦਿੱਤਾ ਕਿ ਉੱਥੋਂ ਦੇ ਲੋਕਾਂ ਨੂੰ ਬਹੁਤ ਫ਼ਾਇਦਾ ਹੋਵੇਗਾ, ਕਦੀ ਨੋਟਬੰਦੀ ਤੇ ਜੀ ਐਸ ਟੀ ਲਾਗੂ ਕਰਕੇ ਲੋਕਾਂ ਨੂੰ ਗੁੰਮਰਾਹ ਕੀਤਾ ਗਿਆ ਕਿ ਇਹ ਲੋਕ ਹਿਤੂ ਫ਼ੈਸਲੇ ਹਨ। ਹੁਣ ਖੇਤੀ ਬਿੱਲਾਂ ਨੂੰ ਪਾਸ ਕਰਨ ਬਾਅਦ ਰੋਲਾ ਪਾ ਦਿੱਤਾ ਕਿ ਇਨਾਂ ਤਿੰਨਾਂ ਖੇਤੀ ਬਿੱਲਾਂ ਦੇ ਪਾਸ ਹੋਣ ਨਾਲ ਕਿਸਾਨਾਂ ਨੂੰ ਬੜਾ ਫ਼ਾਇਦਾ ਮਿਲੇਗਾ ਤੇ ਫਸ ਗਿਆ। ਕਿਸਾਨ ਪਿਛਲੇ ਤੇਈ ਦਿਨਾਂ ਤੋਂ ਦਿੱਲੀ ਘੇਰ ਕੇ ਬੈਠੇ ਹਨ।

- ਕਿਸਾਨ ਅੰਦੋਲਨ ਦੇ ਰਾਹੀਂ ਪੰਜਾਬੀਆਂ ਨੇ ਪੂਰੀ ਦੁਨੀਆ ਵਿਚ ਇਹ ਸੁਨੇਹਾ ਪਹੁੰਚਾ ਦਿੱਤਾ ਕਿ ਉਹ ਅੱਤਵਾਦੀ ਨਹੀਂ, ਸਗੋਂ ਸ਼ਾਂਤੀ ਪਸੰਦ ਹਨ। ਆਪਣੇ ਹੱਕਾਂ ਲਈ ਲੜ ਰਹੇ ਹਨ। ਪੰਜਾਬੀਆਂ ਦਾ ਖ਼ਾਸਾ ਇਹ ਹੈ ਕਿ ਆਪ ਪਹਿਲ ਨਹੀਂ ਕਰਦੇ ਪਰ ਜੇਕਰ ਕੋਈ ਉਨਾਂ ਦੀ ਅਣਖ ਨੂੰ ਵੰਗਾਰੇ ਤਾਂ ਫੇਰ ਬੁਰੇ ਦੇ ਘਰ ਤੱਕ ਵੀ ਚਲੇ ਜਾਂਦੇ ਹਨ ਤੇ ਇਸ ਵੇਲੇ ਬੁਰੇ ਦੇ ਘਰ ਦੀ ਨਾਕਾਬੰਦੀ ਕਰੀ ਬੈਠੇ ਹਨ।

- ਇਹ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਦੇ ਲੋਕਾਂ ਨੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਤੇ ਸਿਆਸੀ ਲੋਕਾਂ ਉੱਤੇ ਖੁੱਲ ਕੇ ਬੇਭਰੋਸਗੀ ਜ਼ਾਹਿਰ ਕੀਤੀ ਹੈ। ਕਿਸਾਨੀ ਅੰਦੋਲਨ ਦੀਆ ਸਟੇਜਾਂ ਤੋਂ ਇਨਾਂ ਨੂੰ ਦੂਰ ਰੱਖਿਆ ਹੈ। ਇਸ ਵੇਲੇ ਪੰਜਾਬ ਵਿਚ ਅਕਾਲੀ, ਆਪ ਤੇ ਕਾਂਗਰਸ ਦੀ ਹਾਲਤ ਖਸਿਆਨੀ ਬਿੱਲੀ ਖੰਭਾ ਨੋਚੇ ਵਾਲੀ ਬਣ ਚੁੱਕੀ ਹੈ ਜਿਸ ਕਰਕੇ ਕਦੀ ਕੁੱਝ ਬਿਆਨ ਦੇ ਦਿੰਦੇ ਹਨ ਤੇ ਕਦੀ ਕੁੱਝ। ਇਸ ਘਟਨਾਕ੍ਰਮ ਨੂੰ ਦੇਖ ਕੇ ਇੰਝ ਲਗਦਾ ਹੈ ਕਿ ਪੰਜਾਬ ਵਿੱਚ ਭਵਿੱਖ 'ਚ ਕੋਈ ਨਵਾਂ ਸਿਆਸੀ ਸਮੀਕਰਨ ਉਸਲਵੱਟੇ ਲੈ ਰਿਹਾ ਹੈ।



ਕਿਰਤੀ ਕਿਸਾਨ ਅੰਦੋਲਨ ਨੇ ਇਕ ਗੱਲ ਇਹ ਵੀ ਜ਼ਾਹਿਰ ਕਰ ਦਿੱਤੀ ਹੈ ਸਿਆਸੀ ਲੋਕ ਸਿਰਫ਼ ਤੇ ਸਿਰਫ਼ ਆਪਣੇ ਨਿੱਜੀ ਹਿੱਤਾਂ ਨੂੰ ਹੀ ਅੱਗੇ ਰੱਖਦੇ ਹਨ। ਪੰਜਾਬ ਦਾ ਮੁੱਖ ਮੰਤਰੀ ਜਿਹੜਾ ਕਿਸਾਨਾਂ ਨੂੰ ਕਹਿੰਦਾ ਸੀ ਕਿ ਪੰਜਾਬ ਵਿਚ ਰੇਲਾਂ ਤੇ ਰਸਤੇ ਨਾ ਰੋਕੋ, ਜੋ ਕਰਨਾ ਹੈ, ਉਹ ਦਿੱਲੀ ਵਿੱਚ ਜਾ ਕੇ ਕਰੋ ਤੇ ਮੈਂ ਵੀ ਤੁਹਾਡੇ ਨਾਲ ਚੱਲਦਾ ਹਾਂ। ਹੁਣ ਪੰਜਾਬ ਸਾਰਾ ਪੋਹ ਮਹੀਨੇ ਦੀ ਠੰਢ ਵਿਚ ਦਿੱਲੀ ਦੀਆਂ ਸੜਕਾਂ 'ਤੇ ਬੈਠਾ ਹੈ ਤੇ ਅਮਰਿੰਦਰ ਸਿੰਘ ਘੁੱਗੂ ਬਣ ਗਿਆ ਹੈ ਤੇ ਮੂੰਹ ਵਿਚ ਘੁੰਗਣੀਆਂ ਪਾ ਕੇ ਬੈਠ ਗਿਆ ਹੈ। ਉਸ ਨੇ ਕਿਸਾਨਾਂ ਤੇ ਕਿਰਤੀਆਂ ਦੇ ਨਾਲ ਤਾਂ ਕੀ ਜਾਣਾ ਸੀ, ਇਕ ਅੱਧੇ ਦਿਨ ਵਾਸਤੇ ਸੱਚਿਓਂ ਝੂਠਿਓਂ ਉਨਾਂ ਦਾ ਹਾਲ ਚਾਲ ਪੁੱਛਣ ਵੀ ਨਹੀਂ ਗਿਆ।

- ਕਿਸਾਨ ਅੰਦੋਲਨ ਨੂੰ ਚੱਲਦਿਆਂ ਤੁਰੀ ਢਾਈ ਕੁ ਮਹੀਨੇ ਦਾ ਸਮਾਂ ਹੋ ਗਿਆ ਹੈ। ਇਸ ਸਮੇਂ ਦੌਰਾਨ ਕਿਸਾਨ ਜਿੰਨਾ ਚਿਰ ਪੰਜਾਬ ਵਿਚ ਰੇਲ ਰਸਤਾ ਰੋਕੋ ਕਰਦੇ ਰਹੇ, ਭਾਰਤ ਸਰਕਾਰ ਨੇ ਉਨਾਂ ਨੂੰ ਪੂਰੀ ਤਰਾਂ ਅਣਗੌਲਿਆ ਕੀਤਾ, ਪੰਜਾਬ ਵਿਚ ਰੇਲਾਂ ਦੀ ਆਵਾਜਾਈ ਰੁਕੀ ਹੋਣ ਕਾਰਨ ਪੈਦਾ ਹੋਣ ਵਾਲੇ ਸੰਕਟ ਨੂੰ ਦੇਖਦਿਆਂ ਕਿਸਾਨਾਂ ਵੱਲੋਂ ਮਾਲ ਗੱਡੀਆਂ ਵਾਸਤੇ ਰਸਤਾ ਖੋਲਣ ਉਪਰੰਤ ਯਾਤਰੀ ਗੱਡੀਆਂ ਚਲਾਉਣ ਦੀ ਸ਼ਰਤ ਰੱਖੀ ਗਈ, ਪਰ ਦਿੱਲੀ ਘੇਰਨ ਨਾਲ ਹਾਲਾਤ ਉਲਟੇ ਹੋ ਗਏ, ਜਿਨਾਂ ਮੰਤਰੀਆਂ ਕੋਲ ਕਿਸਾਨਾਂ ਨਾਲ ਗੱਲ ਕਰਨ ਦਾ ਸਮਾਂ ਨਹੀਂ ਸੀ, ਉਹ ਕਿਸਾਨਾਂ ਨਾਲ ਲਗਾਤਾਰ ਮੀਟਿੰਗਾਂ ਕਰਨ ਲੱਗੇ, ਨੌਬਤ ਇੱਥੋਂ ਤੱਕ ਆ ਗਈ ਹੈ ਕਿ ਹੁਣ ਮੀਟਿੰਗਾਂ ਕਰਨ ਵਾਸਤੇ ਕੇਂਦਰੀ ਮੰਤਰੀ ਆਪ ਮਿੰਨਤਾਂ ਕਰ ਰਹੇ ਹਨ।

**ਬਾਦਲਾਂ ਤੇ ਕੈਪਟਨ ਦਾ ਫਰਾਡ ਕਿਸਾਨਾਂ ਨਾਲ**

ਬਾਦਲ ਅਕਾਲੀ ਦਲ ਤਿੰਨ ਖੇਤੀ ਬਿੱਲਾਂ ਨੂੰ ਪਾਸ ਕਰਨ ਦਾ ਜ਼ੋਰਦਾਰ ਸਮਰਥਨ ਕਰਦਾ ਰਿਹਾ ਹੈ। ਪਾਰਲੀਮੈਂਟ ਦੀ ਫ਼ਸੀਲ ਤੇ ਬੋਲਦਿਆਂ ਸੁਖਬੀਰ ਸਿੰਘ ਬਾਦਲ ਨੇ ਬਿੱਲਾਂ ਦੀ ਭਰਵੀਂ ਤਾਰੀਫ਼ ਕਰਦਿਆਂ ਕਿਹਾ ਸੀ ਕਿ ਇਹ ਬਿੱਲ ਕਿਸਾਨਾਂ ਦੇ ਭਲੇ ਵਾਸਤੇ ਹਨ। ਏਹੀ ਗੱਲ ਬੀਬਾ ਹਰਸਿਮਰਤ ਤੇ ਬਾਬੇ ਪ੍ਰਕਾਸ਼ ਸਿੰਘ ਬਾਦਲ ਨੇ ਵੀ ਕਹੀ ਸੀ, ਕਿਸਾਨ ਅੰਦੋਲਨ ਕਾਰਨ ਹਵਾ ਦਾ ਰੁਖ ਭਾਂਪਦਿਆਂ ਇਨਾਂ ਨੂੰ ਵੀ ਆਪਣੀ ਸਿਆਸੀ ਲਾਲਸਾ ਦੀ ਮਜਬੂਰੀ ਕਾਰਨ ਭਾਜਪਾ ਨਾਲੋਂ ਰਿਸ਼ਤਾ ਖ਼ਤਮ ਕਰਨਾ ਪਿਆ, ਪਰ ਪੰਜਾਬ ਦੇ ਲੋਕ ਸ਼ਾਇਦ ਹੁਣ ਇਨਾਂ ਮਤਲਬਪ੍ਰਸਤ ਲੋਕਾਂ 'ਤੇ ਕਦੇ ਵੀ ਵਿਸ਼ਵਾਸ ਕਰਨ ਦੀ ਗ਼ਲਤੀ ਨਹੀਂ ਕਰਨਗੇ।

ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨ ਅੰਦੋਲਨ ਪ੍ਰਤੀ ਜੋ ਪਹੁੰਚ ਅਪਣਾ ਰੱਖੀ ਹੈ, ਉਹ ਦੋ ਕਿਸ਼ਤੀਆਂ ਵਿਚ ਸਵਾਰ ਹੋ ਕੇ ਚੱਲਣ ਵਾਂਗ ਹੈ। ਇਹ ਸ਼ਖ਼ਸ ਸੱਪ ਵੀ ਮਾਰਨਾ ਚਾਹੁੰਦਾ ਹੈ ਤੇ ਲਾਠੀ ਵੀ ਬਚਾਉਣੀ ਚਾਹੁੰਦਾ ਹੈ। ਆਪਣੇ ਉੱਤੇ ਚੱਲ ਰਹੇ ਈ ਡੀ ਦੇ ਕੇਸਾਂ ਤੋਂ ਵੀ ਬਚਣਾ ਚਾਹੁੰਦਾ ਹੈ ਤੇ ਪੰਜਾਬ ਦੀ ਜਨਤਾ ਅੱਗੇ ਮਗਰਮੱਛ ਦੇ ਹੰਝੂ ਵਹਾ ਕੇ ਸੱਚਾ ਵੀ ਹੋਣਾ ਚਾਹੁੰਦਾ ਹੈ। ਇਹ ਚਾਹੁੰਦਾ ਹੈ ਕਿ ਦੋਵੇਂ ਹੱਥੀਂ ਲੱਡੂ ਹੋਣ। ਕੇਂਦਰ ਸਰਕਾਰ ਨਾਲ ਯਾਰੀ ਵੀ ਬਣੀ ਰਹੇ ਤੇ ਪੰਜਾਬ ਦੇ ਲੋਕ ਵੀ ਇਸ ਦੀਆਂ ਚਿਕਣੀਆਂ ਚੋਪੜੀਆਂ ਕਾਰਨ ਬੁੱਧੂ ਬਣੇ ਰਹਿਣ, ਪਰ ਜ਼ਮਾਨਾ ਇੱਕੀਵੀਂ ਸਦੀ ਦਾ ਚੱਲ ਰਿਹਾ ਹੈ, ਸੋਸ਼ਲ ਮੀਡੀਆ ਆਪਣੇ ਪ੍ਰਭਾਵ ਦਾ ਜਾਦੂ ਦਿਖਾ ਰਿਹਾ ਹੈ, ਕਿਸ ਨੇ ਪਹਿਲਾ ਕੀ ਬੋਲਿਆ ਤੇ ਹੁਣ ਉਹੀ ਵਿਅਕਤੀ ਕੀ ਬੋਲ ਰਿਹਾ ਹੈ? ਇਸ ਬਾਰੇ ਲੋਕਾਂ ਨੂੰ ਮਿੰਟੋ ਮਿੰਟੀ ਪਤਾ ਲੱਗ ਰਿਹਾ ਹੈ। ਹੁਣ ਇਹੋ ਜਿਹੇ ਬੰਦਿਆਂ ਨੂੰ ਇਹ ਗੱਲ ਦਾ ਮਨੋ ਭੁਲੇਖਾ ਬਿਲਕੁਲ ਕੱਢ ਦੇਣਾ ਚਾਹੀਦਾ ਹੈ ਕਿ ਲੋਕ ਵਾਰ ਵਾਰ ਇਨਾਂ ਦੀਆਂ ਗੱਲਾਂ ਵਿਚ ਆਉਂਦੇ ਰਹਿਣਗੇ। ਕਿਸਾਨ ਅੰਦੋਲਨ ਨੇ ਇਹ ਗੱਲ ਪ੍ਰਤੱਖ ਕਰ ਦਿੱਤੀ ਹੈ।

ਕਿਸਾਨ ਅੰਦੋਲਨ ਤੋਂ ਸਪੱਸ਼ਟ ਹੋ ਗਿਆ ਹੈ ਕਿ ਪੰਜਾਬ ਦਾ ਨੌਜਵਾਨ ਜਾਗ ਚੁੱਕਾ ਹੈ ਤੇ ਪੂਰੇ ਜੋਸ਼ ਤੇ ਉਤਸ਼ਾਹ ਨਾਲ ਆਪਣੇ ਹੱਕਾਂ ਦੀ ਲੜਾਈ ਵਾਸਤੇ ਅੱਗੇ ਆ ਚੁੱਕਾ ਹੈ। ਹੁਣ ਨੌਜਵਾਨੀ ਨੂੰ ਸਮਾਰਟ ਫ਼ੋਨ ਤੇ ਲੈਪਟਾਪ ਦੇ ਲਾਲਚ ਨਾਲ ਮੂਰਖ ਨਹੀਂ ਬਣਾਇਆ ਜਾ ਸਕਦਾ। ਕਿਸਾਨ ਅੰਦੋਲਨ ਵਿਚ ਨੌਜਵਾਨ ਦਾ ਜੋਸ਼ ਇਹ ਸਾਬਤ ਕਰ ਰਿਹਾ ਹੈ ਕਿ ਉਹ ਪੰਜਾਬ ਦੀ ਹੋਂਦ ਤੇ ਸੱਭਿਆਚਾਰ ਨੂੰ ਬਚਾਉਣ ਵਾਸਤੇ ਕਿਸੇ ਵੀ ਹੱਦ ਤੱਕ ਜਾਣ ਨੂੰ ਤਿਆਰ ਹਨ, ਜੋ ਕਿ ਇਕ ਬਹੁਤ ਹੀ ਖ਼ੁਸ਼ੀ ਤੇ ਤਸੱਲੀ ਵਾਲੀ ਗੱਲ ਹੈ।

ਪੰਜਾਬ ਦੀ ਆਮ ਆਦਮੀ ਪਾਰਟੀ ਇਸ ਸਮੇਂ ਬੇਸ਼ੱਕ ਖੱਖੜੀਆਂ ਕਰੇਲੇ ਹੈ ਤੇ ਇਸ ਦਾ ਨੇਤਾ ਹਰਪਾਲ ਚੀਮਾ ਏਨਾ ਸਮਰੱਥ ਨਹੀਂ ਕਿ ਇਸ ਸਮੇਂ ਪਾਰਟੀ ਵਾਸਤੇ ਕੋਈ ਮੁਆਰਕੇ ਵਾਲੀ ਭੂਮਿਕਾ ਨਿਭਾਅ ਸਕੇ। ਪਾਰਟੀ ਪ੍ਰਧਾਨ ਭਗਵੰਤ ਮਾਨ ਦੀ ਹਰ ਗੱਲ ਚੁਟਕਲਿਆਂ ਵਿਚ ਗੁਆਚ ਕੇ ਰਹਿ ਜਾਂਦੀ ਹੈ। ਉਸ ਦੀ ਸੰਜੀਦਾ ਗੱਲ ਨੂੰ ਵੀ ਆਮ ਲੋਕ ਚੁਟਕਲਾ ਹੀ ਸਮਝ ਬੈਠਦੇ ਹਨ ਤੇ ਬਾਕੀ ਰਹਿੰਦੀ ਖੂੰਹਦੀ ਕਸਰ ਅਰਵਿੰਦ ਕੇਜਰੀਵਾਲ ਡੱਡੂ ਟਪੂਸੀਆਂ ਮਾਰਕੇ ਕੱਢੀ ਜਾਂਦਾ ਹੈ। ਉਹ ਪੰਜਾਬ ਵਿਚ ਆ ਕੇ ਜੋ ਕਹਿੰਦਾ ਹੈ, ਰਾਜਪੁਰਾ ਟੱਪਣ ਤੋਂ ਬਾਅਦ ਉਸ ਤੋਂ ਉਲਟ ਬੋਲਣਾ ਸ਼ੁਰੂ ਕਰ ਦਿੰਦਾ ਹੈ, ਪਰ ਤਦ ਵੀ ਕਿਸਾਨ ਅੰਦੋਲਨ ਨੂੰ ਹਮਾਇਤ ਦੇ ਕੇ ਪਾਰਟੀ ਨੇ ਕੁਝ ਤਾਂ ਵਾਹ ਵਾਹ ਖੱਟ ਹੀ ਲਈ ਹੈ ਖ਼ਾਸ ਕਰਕੇ ਦਿੱਲੀ ਵਿਚ ਕਿਸਾਨਾਂ ਵਾਸਤੇ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਕੇ ਇਸ ਪਾਰਟੀ ਨੇ ਜੋ ਕਾਰਜ ਕੀਤਾ ਹੈ ਉਸ ਦੀ ਨਿਰਸੰਕੋਚ ਪ੍ਰਸੰਸਾ ਕਰਨੀ ਬਣਦੀ ਹੈ।

ਬਲਵੀਰ ਸਿੰਘ ਰਾਜੇਵਾਲ ਇਕ ਹੰਢਿਆ ਹੋਇਆ ਕਿਸਾਨ ਆਗੂ ਹੈ, ਪਰ ਪਿਛਲੇ ਦਿਨੀਂ ਇਹ ਆਗੂ ਨਿਹੰਗ ਸਿੰਘਾਂ ਬਾਰੇ ਇਕ ਬਹੁਤ ਹੀ ਗੈਰ ਜ਼ੁੰਮੇਵਾਰਾਨਾ ਬਿਆਨ ਦੇ ਕੇ ਵੱਡੀ ਆਲੋਚਨਾ ਦੀ ਚਰਚਾ ਦਾ ਵਿਸ਼ਾ ਬਣ ਗਿਆ। ਉਸ ਦੇ ਬਿਆਨ ਕਿ 'ਨਿਹੰਗ ਸਿੰਘ ਆਪਣੇ ਨਿਸ਼ਾਨ ਸਾਹਿਬ ਪੁੱਟ ਕੇ ਅੰਦੋਲਨ ਵਾਲੀ ਜਗਾ ਤੋਂ ਪਰੇ ਲੈ ਜਾਣ' ਉੱਤੇ ਬਹੁਤ ਹੋ ਹੱਲਾ ਹੋਇਆ ਜਿਸ ਕਾਰਨ ਉਸ ਨੂੰ ਸਪੱਸ਼ਟੀਕਰਨ ਦੇਣਾ ਪਿਆ ਤੇ ਮੁਆਫ਼ੀ ਵੀ ਮੰਗਣੀ ਪਈ। ਰਾਜੇਵਾਲ ਬਾਰੇ ਇੱਥੇ ਇਹ ਗੱਲ ਕਹਿਣੀ ਬਣਦੀ ਹੈ ਕਿ ਉਹ ਕਿਸਾਨ ਦਾ ਇਕ ਬਹੁਤ ਹੀ ਸਮਝਦਾਰ ਆਗੂ ਹੈ ਤੇ ਜੇਕਰ ਕਿਸਾਨ ਉਸ ਦੀ ਅਗਵਾਈ 'ਤੇ ਭਰੋਸਾ ਕਰਨਗੇ ਤਾਂ ਉਹ ਉਨਾਂ ਦੇ ਭਰੋਸੇ 'ਤੇ ਖਰਾ ਉੱਤਰੇਗਾ, ਲੱਖੋਵਾਲ ਦੀ ਤਰਾਂ ਆਪਣੀ ਜਮੀਰ ਕਿਸੇ ਕੋਲ ਗਿਰਵੀ ਨਹੀਂ ਰੱਖੇਗਾ।

ਹਰਿਆਣੇ ਵਿਚ ਭਾਜਪਾ ਦੀ ਸਰਕਾਰ ਹੈ। ਮਨੋਹਰ ਲਾਲ ਖੱਟੜ ਬੜਾ ਕੱਟੜ ਨਿੱਕਰਧਾਰੀ ਹੈ। ਕਿਸਾਨ ਅੰਦੋਲਨ ਨੂੰ ਅਸਫਲ ਬਣਾਉਣ ਵਾਸਤੇ ਉਸ ਨੇ ਹੁਣ ਤੱਕ ਪੂਰਾ ਤਾਣ ਲਗਾਇਆ ਹੈ ਤੇ ਅੱਗੋਂ ਵੀ ਲਗਾਉਂਦਾ ਰਹੇਗਾ। ਪਹਿਲਾਂ ਕਿਸਾਨਾਂ ਨੂੰ ਅੱਤਵਾਦੀ, ਖਾਲਿਸਤਾਨੀ, ਪਾਕਿਸਤਾਨੀ, ਮਾਓਵਾਦੀ ਤੇ ਨਕਸਲਵਾਦੀ ਲੇਬਲ ਦੇਣ ਦੀ ਕੋਸ਼ਿਸ਼ ਕੀਤੀ ਗਈ। ਫਿਰ ਰਸਤਾ ਰੋਕਣ ਦੀ ਅਸਫਲ ਕੋਸ਼ਿਸ਼ ਕੀਤੀ ਗਈ ਤੇ ਬਾਅਦ ਵਿਚ ਇਹ ਬਿਆਨ ਦਿੱਤੇ ਗਏ ਕਿ ਹਰਿਆਣੇ ਦੇ ਕਿਸਾਨ ਖੇਤੀ ਬਿੱਲਾਂ ਤੋਂ ਖ਼ੁਸ਼ ਹਨ। ਹੁਣ ਨਕਲੀ ਕਿਸਾਨ ਯੂਨੀਅਨਾਂ ਬਣਾ ਕੇ ਉਨਾਂ ਤੋਂ ਖੇਤੀ ਬਿੱਲਾਂ ਦੇ ਹੱਕ ਵਿਚ ਧਰਨੇ ਤੇ ਮੁਜ਼ਾਹਰੇ ਕਰਾਉਣ ਦੀ ਪਲਾਨ ਬਣਾਉਣ ਦੇ ਨਾਲ ਨਾਲ ਹੀ ਸਤਲੁਜ ਜਮਨਾ ਲਿੰਕ ਨਹਿਰ ਦਾ ਮੁੱਦਾ ਉਠਾ ਰਿਹਾ ਹੈ। ਕਹਿਣ ਦਾ ਭਾਵ ਇਹ ਕਿ ਕੇਂਦਰ ਸਰਕਾਰ ਦਾ ਇਹ ਪਿੱਠੂ ਕਿਸਾਨ ਅੰਦੋਲਨ ਨੂੰ ਵਾਹ ਲਗਦੀ ਹਰ ਪੱਖੋਂ ਢਾਅ ਲਾਉਣ ਦੀ ਕੋਸ਼ਿਸ਼ ਵਿੱਚ ਹੈ, ਇਹ ਵੱਖਰੀ ਗੱਲ ਹੈ ਕਿ ਅਜੇ ਤੱਕ ਸਫਲ ਨਹੀਂ ਹੋ ਸਕਿਆ। ਹਰਿਆਣੇ ਤੇ ਪੰਜਾਬ ਦੇ ਕਿਸਾਨਾਂ ਨੂੰ ਇਕ ਗੱਲ ਸਪੱਸ਼ਟ ਕਰਨੀ ਚਾਹੁੰਦਾ ਹਾਂ ਕਿ ਕਿਸਾਨ ਅੰਦੋਲਨ ਤੇ ਸਤਲੁਜ ਜਮਨਾ ਨਹਿਰ ਦਾ ਮੁੱਦਾ ਦੋ ਬਿਲਕੁਲ ਅਲੱਗ ਮੁੱਦੇ ਹਨ। ਇਨਾਂ ਨੂੰ ਇਕ ਦੂਸਰੇ ਨਾਲ ਜੋੜ ਕੇ ਦੇਖਣਾ ਬਹੁਤ ਵੱਡੀ ਭੁੱਲ ਹੋਵੇਗੀ। ਇਸ ਵਕਤ ਸਿਰਫ਼ ਤਿੰਨ ਖੇਤੀ ਬਿੱਲਾਂ ਦਾ ਮਾਮਲਾ ਹੱਲ ਕਰਵਾਏ ਜਾਣ ਦੀ ਲੋੜ ਹੈ, ਪਰ ਹਰਿਆਣਾ ਭਾਜਪਾ, ਖੇਤੀ ਬਿੱਲਾਂ ਤੋਂ ਲੋਕਾਂ ਦਾ ਧਿਆਨ ਮੋੜਨ ਵਾਸਤੇ ਲਿੰਕ ਨਹਿਰ ਦਾ ਪੱਤਾ ਖੇਡ ਰਹੀ ਹੈ ਜਿਸ ਵਿੱਚ ਉਸ ਨੂੰ ਸਫਲਤਾ ਨਹੀਂ ਮਿਲੇਗੀ।



# ਸਿੰਘੂ ਬਾਰਡਰ 'ਤੇ ਰਾਤ ਨੂੰ ਹੁੰਦਾ ਹੈ ਵੱਖਰਾ ਹੀ ਨਜ਼ਾਰਾ

## ✪ ਬੀਬੀਆਂ ਜਾਗੋ ਕੱਢ ਕੇ ਗੀਤਾਂ ਰਾਹੀਂ ਮੋਦੀ ਸਰਕਾਰ ਦੇ ਖੇਤੀ ਕਾਨੂੰਨਾਂ ਦਾ ਕਰਦੀਆਂ ਹਨ ਵਿਰੋਧ

## ✪ ਨੌਜਵਾਨਾਂ ਵੱਲੋਂ ਸਿਹਤ ਦਾ ਖ਼ਿਆਲ ਰੱਖਣ ਲਈ ਆਊਟਡੋਰ ਜਿੰਮ ਦੇ ਕੀਤੇ ਪ੍ਰਬੰਧ

**- ਸਿੰਘੂ ਬਾਰਡਰ (ਪ੍ਰਗਟ ਸਿੰਘ)**





ਮੋਦੀ ਸਰਕਾਰ ਵੱਲੋਂ ਖੇਤੀ ਸਬੰਧੀ ਪਾਸ ਕੀਤੇ ਤਿੰਨ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਕੀਤੇ ਜਾ ਰਹੇ ਇਸ ਸ਼ਾਂਤਮਈ ਰੋਸ -ਪ੍ਰਦਰਸ਼ਨ ਉੱਤੇ ਅਕਾਲ ਪੁਰਖ ਦੀ ਵਿਸ਼ੇਸ਼ ਕ੍ਰਿਪਾ ਦ੍ਰਿਸ਼ਟੀ ਵਰਸਦੀ ਸਪਸ਼ਟ ਭਾਂਤ ਦੇਖੀ ਜਾ ਸਕਦੀ ਹੈ। ਮੁੱਖ ਸਟੇਜ ਤੋਂ ਵੱਖ-ਵੱਖ ਜਥੇਬੰਦੀਆਂ ਦੇ ਆਗੂ ਬੁਲਾਰੇ ਬੜੇ ਜ਼ਾਬਤੇ ਵਿਚ ਰਹਿ ਕੇ ਆਪਣੀ ਗੱਲ ਰੱਖ ਰਹੇ ਸਨ। ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀ ਅਤੇ ਹਰਿਆਣਵੀ ਬੀਬੀਆਂ ਅਤੇ ਬੱਚੇ ਵੀ ਭਾਰਤੀ ਇਤਿਹਾਸ ਦੇ ਇਸ ਲਾ ਮਿਸਾਲੀ ਤੇ ਹੁਣ ਤੱਕ ਦੇ ਸਭ ਤੋਂ ਵੱਡੇ ਤੇ ਵਿਸ਼ਾਲ ਰੋਸ ਪ੍ਰਦਰਸ਼ਨ ਦਾ ਹਿੱਸਾ ਬਣ ਕੇ ਆਪਣਾ ਜੀਵਨ ਸਫਲਾ ਕਰ ਰਹੇ ਹਨ। ਇਸੇ ਕਰਕੇ ਪੂਰੀ ਦੁਨੀਆ ਦੀਆਂ ਨਜ਼ਰਾਂ ਇਸ ਉੱਪਰ ਟਿਕੀਆਂ ਹੋਈਆਂ ਹਨ। ਤਿੰਨ ਮਹੀਨੇ ਦੀ ਵਿਸ਼ਾਲ ਲਾਮਬੰਦੀ ਤੋਂ ਬਾਅਦ 26 ਨਵੰਬਰ ਨੂੰ ਦਿੱਲੀ ਸਰਹੱਦਾਂ ਦੀ ਘੇਰਾਬੰਦੀ ਨਾਲ ਕਿਸਾਨ ਸੰਘਰਸ਼ ਵਿਚ ਇਕ ਦਮ ਵੱਡਾ ਉਛਾਲ ਆਇਆ ਸੀ। ਹਿੰਮਤ ਤੇ ਦਲੇਰੀ ਨਾਲ ਸਭ ਰੋਕਾਂ ਤੋੜ ਕੇ ਦਿੱਲੀ ਸਰਹੱਦਾਂ ਮੱਲਣ ਨਾਲ ਸੰਘਰਸ਼ ਦਾ ਘੇਰਾ ਵੀ ਪੰਜਾਬ ਤੋਂ ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼ ਤੇ ਕਈ ਹੋਰ ਰਾਜਾਂ ਦੀਆਂ ਹੱਦਾਂ ਤੱਕ ਜਾ ਵਧਿਆ ਹੈ । 24 ਦਿਨਾਂ ਦੇ ਲੰਬੇ ਸ਼ਾਂਤਮਈ ਸੰਘਰਸ਼ ਦੌਰਾਨ ਲੜਾਈ ਦੇ ਮੈਦਾਨ 'ਤੇ ਗੱਲਬਾਤ ਦੋਵਾਂ ਫਰੰਟਾਂ ਉੱਪਰ ਕਿਸਾਨ ਖ਼ੂਬ ਨਿਭੇ ਹਨ। ਗੱਲਬਾਤ ਦੀ ਮੇਜ਼ ਉੱਪਰ ਕੇਂਦਰੀ ਮੰਤਰੀਆਂ ਨੂੰ ਨਿਰਉੱਤਰ ਕਰਨਾ ਇਕ ਵੱਡੀ ਪ੍ਰਾਪਤੀ ਕਿਹਾ ਜਾ ਸਕਦਾ ਹੈ। ਕਿਸਾਨਾਂ ਨੂੰ ਖੇਤੀ ਕਾਨੂੰਨ ਲਾਭਕਾਰੀ ਤੇ ਕਿਸਾਨ ਹਿੱਤਾਂ ਵਾਲੇ ਹੋਣ ਦੇ ਪਾਠ ਪੜਾਉਂਦੇ ਆ ਰਹੇ ਕੇਂਦਰੀ ਮੰਤਰੀਆਂ ਨੂੰ ਆਪਣੇ ਪਹਿਲੇ ਪੈਂਤੜੇ ਛੱਡ ਕੇ ਕਾਨੂੰਨਾਂ 'ਚ ਨੁਕਸ ਵੀ ਦਿੱਖਣ ਲੱਗ ਪਏ ਤੇ ਉਨਾਂ ਕੁਝ ਸੋਧ ਤਜਵੀਜ਼ਾਂ ਦੀ ਪੇਸ਼ਕਸ਼ ਵੀ ਕਰ ਦਿੱਤੀ ਪਰ ਇਹ ਸੋਧ ਤਜਵੀਜ਼ਾਂ ਕਿਸਾਨਾਂ ਵੱਲੋਂ ਰੱਦ ਕਰ ਦਿੱਤੇ ਜਾਣ ਨਾਲ ਇਸ ਵੇਲੇ ਗੱਲਬਾਤ ਦਾ ਸਿਲਸਿਲਾ ਵੀ ਠੱਪ ਹੋ ਗਿਆ ਹੈ । ਬੀਤੇ ਕਈ ਦਿਨ ਤੋਂ ਦਿੱਲੀ ਵਿਖੇ ਚੱਲ ਰਹੇ ਕਿਸਾਨੀ ਮੋਰਚੇ 'ਚ ਰਹਿਣ ਸਮੇਂ ਆਗੂਆਂ, ਕਾਰਕੁੰਨਾਂ, ਆਮ ਲੋਕਾਂ ਤੇ ਕਈ ਵਿਚਾਰਵਾਨਾਂ ਨਾਲ ਹੋਈ ਗੱਲਬਾਤ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਬਹੁਤੇ ਲੋਕ ਹੁਣ ਇਹੀ ਸਮਝ ਰਹੇ ਹਨ ਕਿ 'ਦਿੱਲੀ ਚਲੋ' ਦਾ ਪ੍ਰੋਗਰਾਮ ਹੁਣ ਆਪਣੇ ਪੜਾਅ ਦੀ ਸਿਖਰ ਉੱਪਰ ਜਾ ਚੁੱਕਾ ਹੈ ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਕਿਸਾਨ ਸੰਘਰਸ਼ ਖੜੋਤ ਵਾਲੀ ਸਥਿਤੀ 'ਚੋਂ ਗੁਜ਼ਰ ਰਿਹਾ ਹੈ । ਇਸ ਖੜੋਤ ਨੂੰ ਤੋੜਨ ਲਈ ਸੰਘਰਸ਼ ਦੀ ਅਗਵਾਈ ਕਰ ਰਹੀਆਂ ਕਿਸਾਨ ਜਥੇਬੰਦੀਆਂ ਤੇ ਸਰਕਾਰ ਵੱਲੋਂ ਪਹਿਲਕਦਮੀਆਂ ਕੌਣ ਕਰਦਾ ਹੈ, ਉਸ ਦਾ ਦਬਾਅ ਵਧੇਰੇ ਹੋਣਾ ਕੁਦਰਤੀ ਹੈ । ਪਿਛਲੇ ਸੰਘਰਸ਼ਾਂ ਦਾ ਅਮਲ ਤੇ ਤਜਰਬਾ ਇਸੇ ਗੱਲ ਵੱਲ ਸੰਕੇਤ ਕਰਦਾ ਹੈ ਕਿ ਖੜੋਤ ਵਾਲੀ ਸਥਿਤੀ ਲੰਮਾ ਸਮਾਂ ਨਹੀਂ ਰਹਿ ਸਕਦੀ । ਬਹੁਤੇ ਕਿਸਾਨ ਆਗੂ ਗੱਲਬਾਤ ਵਿਚ ਇਸ ਗੱਲ ਨਾਲ ਸਹਿਮਤ ਹਨ ਕਿ ਜੇਕਰ ਖੜੋਤ ਨੂੰ ਨਾ ਤੋੜਿਆ ਤਾਂ ਸੰਘਰਸ਼ ਵਿਚ ਬੇਦਿਲੀ ਤੇ ਉਪਰਾਮਤਾ ਕੁਦਰਤੀ ਵਰਤਾਰਾ ਹੈ । ਸਿੰਘੂ ਬਾਰਡਰ ਤੇ ਹੋਰਨਾਂ ਥਾਵਾਂ ਉੱਪਰ ਚੱਲ ਰਹੀਆਂ ਸਟੇਜਾਂ ਉੱਪਰੋਂ ਬੁਲਾਰਿਆਂ ਵੱਲੋਂ ਵਾਰ-ਵਾਰ ਸੰਘਰਸ਼ ਨੂੰ ਸ਼ਾਂਤਮਈ ਤੇ ਜ਼ਾਬਤੇ 'ਚ ਰੱਖਣ ਦੀਆਂ ਆਗੂਆਂ ਦੀਆਂ ਅਪੀਲਾਂ ਵੀ ਇਸੇ ਗੱਲ ਵੱਲ ਉਂਗਲ ਕਰਦੀਆਂ ਹਨ ਕਿ ਕਿਸਾਨ ਆਗੂ ਸੁਚੇਤ ਹਨ। ਸੁਪਰੀਮ ਕੋਰਟ ਦੇ ਆਲਾ ਵਕੀਲਾਂ ਨਾਲ ਉਹ ਇਸ ਦੇ ਕਾਨੂੰਨੀ ਪੱਖਾਂ ਬਾਰੇ ਵਿਚਾਰ-ਵਟਾਂਦਰੇ ਕਰ ਚੁੱਕੇ ਹਨ । ਕਿਸਾਨ ਆਗੂ ਨਵੀਂ ਪਹਿਲਕਦਮੀ ਲਈ ਆਪਣੇ ਹਮਾਇਤੀ ਚਿੰਤਕਾਂ ਤੇ ਸੰਘਰਸ਼ ਦੇ ਤਜਰਬੇਕਾਰ ਰਹੇ ਪੁਰਾਣੇ ਆਗੂਆਂ ਨਾਲ ਵੀ ਮੁਲਾਕਾਤਾਂ ਕਰ ਰਹੇ ਹਨ । ਅਜਿਹੇ ਵਿਚਾਰ-ਵਟਾਂਦਰੇ ਵਿਚ ਕੋਈ ਅਜਿਹਾ ਨਵਾਂ ਪ੍ਰੋਗਰਾਮ ਤੇ ਰਣਨੀਤੀ ਉੱਪਰ ਜ਼ੋਰ ਦਿੱਤੇ ਜਾਣ ਬਾਰੇ ਪਤਾ ਲੱਗਾ ਹੈ ਜਿਸ ਨਾਲ ਸੰਘਰਸ਼ ਦਾ ਘੇਰਾ ਵਿਸ਼ਾਲ ਹੋਣ ਤੇ ਜੇਕਰ ਲੋੜ ਹੋਵੇ ਤਾਂ ਸੰਘਰਸ਼ ਲੰਬਾ ਵੀ ਚਲਾਇਆ ਜਾ ਸਕੇ । ਪਤਾ ਲੱਗਾ ਹੈ ਕਿ ਆਗੂਆਂ ਵਿਚ ਇਸ ਵੇਲੇ ਜਨਤਕ ਗ੍ਰਿਫ਼ਤਾਰੀਆਂ ਦਾ ਸਿਲਸਿਲਾ ਆਰੰਭ ਕਰਕੇ ਸੱਤਿਆਗ੍ਰਹਿ ਵਰਗਾ ਸ਼ਾਂਤਮਈ ਅੰਦੋਲਨ ਆਰੰਭ ਕਰਨ ਬਾਰੇ ਗੱਲਬਾਤ ਚੱਲ ਰਹੀ ਹੈ । ਉਨਾਂ ਦਾ ਮੰਨਣਾ ਹੈ ਕਿ ਅਜਿਹਾ ਕਰਨ ਨਾਲ ਸੰਘਰਸ਼ ਨੂੰ ਸ਼ਾਂਤਮਈ ਰੱਖਦਿਆਂ ਵਿਸ਼ਾਲ ਬਣਾਉਣਾ ਵੀ ਸੌਖਾ ਹੋਵੇਗਾ ਤੇ ਸਰਕਾਰ ਲਈ ਉਨਾਂ ਉੱਪਰ ਸਖ਼ਤੀ ਕਰਨੀ ਵੀ ਮੁਸ਼ਕਿਲ ਹੋਵੇਗੀ ਤੇ ਅਜਿਹੇ ਸੰਘਰਸ਼ ਨੇ ਕੌਮੀ ਤੇ ਕੌਮਾਂਤਰੀ ਹਮਦਰਦੀ 'ਦਿੱਲੀ ਚਲੋ' ਤੋਂ ਵੀ ਵੱਧ ਹਾਸਲ ਕੀਤੀ ਜਾ ਸਕਦੀ ਹੈ। ਸਿੰਘੂ ਬਾਰਡਰ ਦੀ ਮੁੱਖ ਸਟੇਜ 'ਤੇ ਦਿਨ ਸਮੇਂ ਜਿੱਥੇ ਸਾਰਾ ਦਿਨ ਖੇਤੀ ਕਾਨੂੰਨਾਂ ਖ਼ਿਲਾਫ਼ ਜੋਸ਼ੀਲੀਆਂ ਤਕਰੀਰਾਂ ਦਾ ਦੌਰ ਚੱਲਦਾ ਹੈ ਉੱਥੇ ਰਾਤ ਸਮੇਂ ਵੀ ਕਿਸਾਨ ਮੋਦੀ ਸਰਕਾਰ ਖ਼ਿਲਾਫ਼ ਵੱਖ-ਵੱਖ ਢੰਗ ਤਰੀਕਿਆਂ ਨਾਲ ਰੋਸ ਪ੍ਰਗਟਾਉਂਦੇ ਹਨ, ਕਿਧਰੇ ਬੀਬੀਆਂ ਜਾਗੋ ਕੱਢ ਕੇ ਗੀਤਾਂ ਦੇ ਬੋਲਾਂ ਰਾਹੀਂ ਮੋਦੀ ਸਰਕਾਰ ਨੂੰ ਖੇਤੀ ਕਾਨੂੰਨ ਵਾਪਸ ਲੈਣ ਲਈ ਅਪੀਲਾਂ ਕਰਦੀਆਂ ਸੁਣਾਈ ਦਿੰਦੀਆਂ ਹਨ। ਉੱਥੇ ਹੀ ਵੱਖ-ਵੱਖ ਨਾਟ ਮੰਡਲੀਆਂ ਵੱਲੋਂ ਖੇਡੇ ਜਾਂਦੇ ਇਨਕਲਾਬੀ ਤੇ ਕ੍ਰਾਂਤੀਕਾਰੀ ਨਾਟਕਾਂ ਦੀ ਪੇਸ਼ਕਾਰੀ ਵੀ ਮਾਹੌਲ ਨੂੰ ਜੋਸ਼ ਭਰਪੂਰ ਬਣਾ ਦਿੰਦੀ ਹੈ । ਇਸ ਦੌਰਾਨ ਨੌਜਵਾਨ ਆਪਣੇ ਟਰੈਕਟਰਾਂ 'ਤੇ ਇਨਕਲਾਬੀ ਗੀਤ ਤੇ ਅੰਦੋਲਨ ਨਾਲ ਸਬੰਧਤ ਨਵੇਂ ਗਾਣਿਆਂ ਨਾਲ ਹੇਕ ਲਗਾਉਂਦੇ ਹੋਏ ਕਿਸਾਨੀ ਦੇ ਹੱਕ 'ਚ ਆਵਾਜ਼ ਬੁਲੰਦ ਕਰਦੇ ਹਨ । ਦੂਜੇ ਪਾਸੇ ਕਿਸਾਨਾਂ ਦੀਆਂ ਮੁਸ਼ਕਲਾਂ ਦਿਲ ਨੂੰ ਹਲੂਣਾ ਦੇਣ ਵਾਲੀਆਂ ਹਨ । ਪੋਹ ਮਹੀਨੇ ਦੀਆਂ ਸਰਦ ਰਾਤਾਂ 'ਚ ਜਦੋਂ ਆਮ ਲੋਕ ਰਜਾਈ ਦੀ ਬੁੱਕਲ ਵਿਚ ਬੈਠੇ ਨਿੱਘ ਮਾਣ ਰਹੇ ਹਨ ਤਾਂ ਅਜਿਹੇ ਸਮੇਂ ਦੇਸ਼ ਭਰ ਦਾ ਕਿਸਾਨ ਆਪਣੇ ਹੱਕਾਂ ਲਈ ਠੰਢੀਆਂ ਰਾਤਾਂ ਸੜਕਾਂ 'ਤੇ ਕੱਟਣ ਲਈ ਮਜਬੂਰ ਹੋ ਰਿਹਾ ਹੈ। ਬਜ਼ੁਰਗ ਕਿਸਾਨ ਠੰਢ ਵਿਚ ਟਰਾਲੀਆਂ ਅੰਦਰ ਸੌਂਦੇ ਹਨ। ਨੌਜਵਾਨ ਸੜਕਾਂ 'ਤੇ ਡਾਂਗਾਂ, ਮਲਵਈ ਖੂੰਢਿਆਂ, ਕਿਰਪਾਨਾਂ ਨਾਲ ਡਟੇ ਹੋਏ ਹਨ। ਨੌਜਵਾਨਾਂ ਵੱਲੋਂ ਆਪਣੀ ਸਿਹਤ ਦਾ ਖ਼ਿਆਲ ਰੱਖਣ ਲਈ ਆਊਟਡੋਰ ਜਿੰਮ ਦਾ ਵੀ ਪ੍ਰਬੰਧ ਕਰ ਲਿਆ ਗਿਆ ਹੈ । ਇਹ ਜਿੰਮ ਪਿੰਡ ਜੱਥੋਵਾਲ ਦੀ ਇਕ ਸਮਾਜ ਸੇਵੀ ਸੰਸਥਾ ਵੱਲੋਂ ਲਗਾਇਆ ਗਿਆ ਹੈ ਜਿੱਥੇ ਨੌਜਵਾਨਾਂ ਦੇ ਨਾਲ-ਨਾਲ ਬਜ਼ੁਰਗ ਵੀ ਕਸਰਤ ਕਰਦੇ ਦਿਖਾਈ ਦਿੰਦੇ ਹਨ । ਆਉਣ ਜਾਣ ਵਾਲਿਆਂ ਲਈ ਸਾਂਝੇ ਲੰਗਰਾਂ ਦੀ ਵਿਵਸਥਾ ਪੰਥਕ ਜਥੇਬੰਦੀਆਂ ਵੱਲੋਂ ਵੱਡੇ ਪੱਧਰ 'ਤੇ ਕੀਤੀ ਜਾ ਰਹੀ ਹੈ। ਜਲੇਬੀਆਂ, ਬਦਾਮਾਂ, ਪਿੰਨੀਆਂ ਤੇ ਚਾਹ ਦੇ ਲੰਗਰ ਪਹੁੰਚੇ ਹੋਏ ਲੋਕਾਂ ਨੂੰ ਠੰਡ ਤੋਂ ਬਚਾਉਣ ਲਈ ਪਤਾ ਨਹੀਂ ਕਿੱਥੋਂ ਕਿੱਥੋਂ ਆ ਕੇ ਸੰਗਤਾਂ ਤੇ ਪੰਥਕ ਜਥੇਬੰਦੀਆਂ ਨੇ ਲਗਾਏ ਹੋਏ ਹਨ। ਲੱਖਾਂ ਦੀ ਗਿਣਤੀ ਵਿਚ ਇਕੱਠੇ ਹੋਏ ਲੋਕਾਂ ਦਰਮਿਆਨ ਕੋਈ ਧੱਕਾ ਮੁੱਕੀ ਦੇਖਣ ਨੂੰ ਵੀ ਨਹੀਂ ਮਿਲਦੀ।

**ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਤੇ ਸੌਣ ਦੇ ਪ੍ਰਬੰਧ**

ਸ਼੍ਰੋਮਣੀ ਕਮੇਟੀ ਵੱਲੋਂ ਸਿੰਘੂ ਬਾਰਡਰ ਦੇ ਮੋਰਚੇ 'ਤੇ ਡਟੇ ਕਿਸਾਨਾਂ ਲਈ ਦੋ ਥਾਵਾਂ ਉੱਪਰ ਲੰਗਰ ਤੇ ਰਾਤ ਨੂੰ ਪੈਣ-ਸੌਣ ਦਾ ਪ੍ਰਬੰਧ ਕੀਤਾ ਗਿਆ ਹੈ। ਕਮੇਟੀ ਮੁਲਾਜ਼ਮ ਵੀਰ ਸਿੰਘ ਨੇ ਦੱਸਿਆ ਕਿ ਕਰੀਬ 200 ਲੋਕਾਂ ਦੇ ਸੌਣ ਦੀ ਵਿਵਸਥਾ ਕੁੰਡਲੀ ਵਾਲੇ ਖੇਤਰ ਵਿੱਚ ਕੀਤੀ ਗਈ ਹੈ। ਇੱਥੇ 24 ਘੰਟੇ ਲੰਗਰ ਚੱਲਦਾ ਰਹਿੰਦਾ ਹੈ, ਜਿਸ ਵਿੱਚ ਰਵਾਇਤੀ ਲੰਗਰ ਤੋਂ ਇਲਾਵਾ ਚਾਹ ਤੇ ਹੋਰ ਖਾਣ ਦੀਆਂ ਚੀਜ਼ਾਂ ਲੰਗਰ ਤੋਂ ਵੱਖਰੀਆਂ ਮੁਹੱਈਆ ਹਨ। ਸਨਅਤੀ ਤੇ ਖੇਤੀ ਵਾਲਾ ਖੇਤਰ ਹੋਣ ਕਰਕੇ ਮੱਖੀ-ਮੱਛਰ ਤੋਂ ਬਚਾਅ ਲਈ ਮੱਛਰਦਾਨੀਆਂ ਵੀ ਲਾਈਆਂ ਗਈਆਂ ਹਨ। ਦਾਨੀ ਸੰਸਥਾਵਾਂ ਵੱਲੋਂ ਮੱਛਰ ਭਜਾਉਣ ਵਾਲੀਆਂ ਧੂਫ਼ਾਂ ਤੇ ਤੇਲ ਵੀ ਅਜਿਹੀਆਂ ਥਾਵਾਂ ਉੱਪਰ ਵੰਡਿਆ ਜਾਂਦਾ ਹੈ। ਕਮੇਟੀ ਦੇ 50 ਦੇ ਕਰੀਬ ਮੁਲਾਜ਼ਮ ਕੁਰੂਕਸ਼ੇਤਰ, ਅੰਬਾਲਾ ਤੇ ਅੰਮ੍ਰਿਤਸਰ ਤੋਂ ਇੱਥੇ ਤਾਇਨਾਤ ਕੀਤੇ ਹੋਏ ਹਨ। ਮੀਰੀ-ਪੀਰੀ ਡਾਕਟਰੀ ਸੰਸਥਾ ਦੇ ਡਾਕਟਰਾਂ ਦੀ ਟੀਮ ਵੀ ਤਾਇਨਾਤ ਕੀਤੀ ਗਈ ਹੈ।

**ਕਿਸਾਨ ਅੰਦੋਲਨ ਦਾ ਜਜ਼ਬਾ ਸਿੱਖ ਇਤਿਹਾਸ**

ਇਹ ਦਸੰਬਰ ਦਾ ਮਹੀਨਾ ਹੈ। ਤਤਕਾਲੀ ਹੁਕਮਰਾਨਾਂ ਦੀਆਂ ਸਹੁੰਆਂ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ 20 ਦਸੰਬਰ ਦੀ ਰਾਤ ਨੂੰ ਆਨੰਦਪੁਰ ਸਾਹਿਬ ਦਾ ਕਿਲਾ ਛੱਡਿਆ ਗਿਆ ਸੀ ਪਰ ਹਮਲਾਵਰ ਪਿੱਛੇ ਆਏ ਅਤੇ 21 ਤੋਂ 23 ਦਸੰਬਰ ਤੱਕ ਚਮਕੌਰ ਦੀ ਧਰਤੀ ਉੱਤੇ ਹੋਈ ਦੁਨੀਆ ਦੀ ਅਸਾਵੀਂ ਜੰਗ ਦੌਰਾਨ ਦੋਵੇਂ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਅਤੇ ਮਾਤਾ ਗੁਜਰੀ ਨਾਲ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਠੰਢੇ ਬੁਰਜ ਵਿਚ ਕੈਦ ਕਰਨ ਪਿੱਛੋਂ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣਵਾ ਦੇਣ ਦੀਆਂ ਘਟਨਾਵਾਂ ਇਸੇ ਮਹੀਨੇ ਦੀਆਂ ਹਨ। ਇੰਨੇ ਵੱਡੇ ਤਿਆਗ ਅਤੇ ਕੁਰਬਾਨੀ ਤੋਂ ਬਾਅਦ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਨਾ-ਕਾਂਗੜ ਜਾ ਕੇ ਜ਼ਫ਼ਰਨਾਮਾ ਦੇ ਰੂਪ ਵਿਚ ਔਰੰਗਜ਼ੇਬ ਨੂੰ ਫ਼ਤਿਹਨਾਮਾ ਲਿਖ ਭੇਜਦੇ ਹਨ ਕਿ ਉਹ (ਔਰੰਗਜ਼ੇਬ) ਮਾਨਸਿਕ ਤੌਰ ਉੱਤੇ ਹਾਰਿਆ ਹੋਇਆ ਮਨੁੱਖ ਹੈ। ਖ਼ਾਲਸਾ ਫ਼ੌਜ ਇਖ਼ਲਾਕੀ ਤੌਰ ਉੱਤੇ ਜਿੱਤ ਚੁੱਕੀ ਹੈ। ਲਾਹਨਤਾਂ ਪਾਉਣ ਦੇ ਨਾਲ ਦੀ ਨਾਲ ਗੱਲਬਾਤ ਦਾ ਰਾਹ ਫਿਰ ਵੀ ਖੁੱਲਾ ਰੱਖਿਆ ਜਾਂਦਾ ਹੈ, ਬਸ਼ਰਤੇ ਸਾਹਮਣੇ ਵਾਲਾ ਬੇਈਮਾਨੀ ਦੀ ਥਾਂ ਇਮਾਨਦਾਰੀ ਨਾਲ ਅੱਗੇ ਆਵੇ। ਲੰਮੇ ਸਮੇਂ ਪਿੱਛੋਂ ਪੰਜਾਬ ਦੀ ਧਰਤੀ ਉੱਤੇ ਭਾਈ ਘਨੱਈਏ ਦੇ ਵਾਰਸ ਦਿਖਾਈ ਦਿੰਦੇ ਹਨ ਜੋ ਪਾਣੀ ਦੀਆਂ ਬੁਛਾੜਾਂ ਮਾਰਨ ਵਾਲਿਆਂ ਨੂੰ ਵੀ ਹੱਸ ਕੇ ਲੰਗਰ ਛਕਾ ਰਹੇ ਹਨ। ਗੁਰੂ ਕੇ ਬਾਗ਼ ਦੇ ਮੋਰਚੇ ਵਾਂਗ ਆਪਣੇ ਸਬਰ, ਸੰਤੋਖ ਅਤੇ ਜ਼ਬਤ ਨਾਲ ਹੰਕਾਰ ਦੀ ਤਾਕਤ ਨੂੰ ਨਤਮਸਤਕ ਹੋਣ ਲਈ ਮਜਬੂਰ ਕਰਨ ਦੀ ਸਮਰੱਥਾ ਰੱਖਣ ਵਾਲੇ ਵਿਰਸੇ ਵਿਚੋਂ ਇਕ ਉਮੀਦ ਦੀ ਕਿਰਨ ਦਿਸਣ ਲੱਗੀ ਹੈ।

ਇਸ ਲਈ ਇਹ ਮੁੱਦਾ ਹੁਣ ਕੇਵਲ ਤਿੰਨ ਕਾਨੂੰਨ ਵਾਪਸ ਲੈਣ ਤੱਕ ਸੀਮਤ ਨਹੀਂ ਹੈ। ਪੰਜਾਬੀ ਬੰਦੇ ਦਾ ਕਿਰਦਾਰ, ਸਮੂਹਿਕ ਸੋਚ ਅਤੇ ਭਾਈਚਾਰਾ ਵਾਪਸ ਆ ਗਿਆ, ਇਹ ਵੱਡਾ ਕਾਰਜ ਹੈ। ਪੰਜਾਬ ਆਪਣੇ ਗੁਰੂ ਵਿਰਸੇ ਨੂੰ ਮੁੜ ਦੁਹਰਾ ਰਿਹਾ ਹੈ। ਆਨੰਦਪੁਰ ਸਾਹਿਬ ਤੋਂ ਬੇਦਾਵਾ ਦੇਣ ਵਾਲਿਆਂ ਨੇ ਤਾਂ ਖਿਦਰਾਣੇ ਦੀ ਢਾਬ ਉੱਤੇ ਜਾ ਕੇ ਟੁੱਟੀ ਗੰਢੀ ਸੀ, ਲੱਗਦਾ ਹੈ ਕਿ ਪੰਜਾਬੀ ਬੰਦੇ ਨੇ ਲੰਮੇ ਸਮੇਂ ਤੋਂ ਇਤਿਹਾਸਕ ਅਤੇ ਸਿਧਾਂਤਕ ਸੂਹਜ ਤੇ ਸਮਝ ਨੂੰ ਦਿੱਤੇ ਬੇਦਾਵੇ ਨੂੰ ਪਾੜਨ ਦਾ ਮਨ ਬਣਾ ਲਿਆ ਹੈ। ਇਹ ਭਵਿੱਖ ਦੀ ਉਮੀਦ ਦਾ ਸਭ ਤੋਂ ਮਜ਼ਬੂਤ ਪਹਿਲੂ ਹੈ। ਇਸ ਵਿਚੋਂ ਹੀ ਕੁਦਰਤੀ ਸਾਧਨਾਂ ਦੇ ਬਚਾਓ, ਫੈਡਰਲਿਜ਼ਮ ਦੀ ਲੜਾਈ ਅਤੇ ਸੰਗਤ ਰੂਪ ਵਿਚ ਫ਼ੈਸਲੇ ਲੈਣ ਦੀ ਰਵਾਇਤ ਨੂੰ ਅੱਗੇ ਵਧਾਉਣ ਦਾ ਰਾਹ ਮਿਲਣ ਦੀ ਸੰਭਾਵਨਾ ਹੈ।

## ਧੰਨ ਦਾਦੀ ਮਾਂ ਗੁਜਰੀ

ਧੰਨ ਦਾਦੀ ਮਾਂ ਗੁਜਰੀ
ਕਿੱਦਾ ਦੁੱਖ ਲਏ ਆ ਪੀ ਗੁਜਰੀ
ਧੰਨ ਕੋਟਿ-ਕੋਟਿ ਪ੍ਰਣਾਮ ਗੁਜਰੀ
ਪਹਿਲਾ ਕੰਮ ਉੱਤੋਂ ਪਤੀ ਵਾਰਿਆ
ਫਿਰ ਜਹਾਨ ਉੱਤੋਂ ਪੁੱਤ ਤੋਰਿਆ
ਭੌਰਾ ਕੀਤੀ ਨਹੀਂ ਮੂੰਹ ਵਿੱਚੋਂ ਸੀ ਗੁਜਰੀ
ਚਮਕੌਰ ਦੀ ਗੜ੍ਹੀ ਵਿੱਚ ਜੂਝੇ
ਅਜੀਤ ਤੇ ਜੁਝਾਰ
ਸਿਰਾਂ ਉੱਤੇ ਕਲਗੀਆਂ ਸਜਾ
ਛੋਟਿਆਂ ਨੂੰ ਹੱਥੀ ਕਰੇ ਤਿਆਰ
ਕਿੱਦਾ ਸਹੇ ਜਿਗਰ ਦੇ ਟੋਟਿਆਂ ਦੀ ਪੀੜ ਗੁਜਰੀ
ਠੰਡੇ ਬੁਰਜ 'ਚ ਦਾਦੀ ਪਿਆਰ ਨਾਲ ਸੁਲਾਵੇ
ਮੰਨਿਓ ਨਾ ਹਾਰ ਬੱਚਿਓ
ਇਹੋ ਵਾਰ-ਵਾਰ ਸਮਝਾਵੇ
ਦਿਲ ਉੱਤੇ ਦੁੱਖ ਸਹਾਰੇ ਕੀ ਕੀ ਗੁਜਰੀ
ਦਿਲ ਉੱਤੇ ਰੱਖ ਪੱਥਰ ਪੋਤਿਆਂ ਤਾਈ ਲੋਚਦੀ
ਦੇਵੇਂ ਹੱਲਾ ਸ਼ੇਰੀ ਪਿੱਠਾ ਨੂੰ ਪਲੋਸਦੀ
ਅੱਖੀਂ ਦੇਖੀ ਜਾਵੇ ਜਾਂਦੇ ਦੁਲਾਰਿਆਂ ਨੂੰ
ਬੁਰਜ ਉੱਤੇ ਖੜੀ ਸੋਚਦੀ ਏ ਕੀ ਗੁਜਰੀ
ਗਗਨ ਧੰਨ ਦਾਦੀ ਮਾਂ ਗੁਜਰੀ
ਧਾਲੀਵਾਲ ਕਿੱਦਾਂ ਦੁੱਖ ਲਏ ਆ ਪੀ ਗੁਜਰੀ
ਕੋਟਿ-ਕੋਟਿ ਪ੍ਰਣਾਮ ਗੁਜਰੀ



**ਗਗਨਦੀਪ ਧਾਲੀਵਾਲ ਝਲੂਰ (ਬਰਨਾਲਾ)**
**ਜਨਰਲ ਸਕੱਤਰ ਮਹਿਲਾ ਕਾਵਿ ਮੰਚ ਪੰਜਾਬ**

# ਬਾਦਲ ਦਲ ਨੇ ਸ਼ਤਾਬਦੀ ਸਮਾਗਮ ਮਨਾਇਆ

## ✪ ਅਕਾਲ ਤਖ਼ਤ ਵਿਖੇ ਕਿਸਾਨੀ ਸੰਘਰਸ਼ ਦੀ ਸਫ਼ਲਤਾ ਲਈ ਅਰਦਾਸ ਹੋਈ

## ✪ ਦੇਸ਼ ਵਿੱਚ ਸੰਘੀ ਢਾਂਚਾ ਸਥਾਪਤ ਕਰਨ ਲਈ ਮੁਹਿੰਮ ਛੇੜੇਗਾ ਅਕਾਲੀ ਦਲ

**ਅੰਮ੍ਰਿਤਸਰ/ਏ.ਟੀ.ਨਿਊਜ਼:** ਅਕਾਲ ਤਖ਼ਤ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ 100 ਸਾਲਾ ਸਥਾਪਨਾ ਦਿਵਸ ਮਨਾਇਆ ਗਿਆ। ਇਸ ਦੌਰਾਨ ਅਖੰਡ ਪਾਠ ਦੇ ਭੋਗ ਮਗਰੋਂ ਪਾਰਟੀ ਦੀ ਚੜ੍ਹਦੀ ਕਲਾ ਅਤੇ ਕਿਸਾਨੀ ਸੰਘਰਸ਼ ਦੀ ਸਫ਼ਲਤਾ ਲਈ ਅਰਦਾਸ ਕੀਤੀ ਗਈ। ਸਮਾਗਮ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਖੇਤਰੀ ਅਤੇ ਹਮਖ਼ਿਆਲੀ ਪਾਰਟੀਆਂ ਦੇ ਸਹਿਯੋਗ ਨਾਲ ਦੇਸ਼ ਵਿੱਚ ਸੰਘੀ ਢਾਂਚਾ ਸਥਾਪਤ ਕਰਨ ਲਈ ਮੁਹਿੰਮ ਛੇੜੇਗਾ।

ਸੁਖਬੀਰ ਬਾਦਲ ਨੇ ਆਖਿਆ ਕਿ ਜੇ ਦੇਸ਼ ਵਿੱਚ ਸੰਘੀ ਢਾਂਚਾ ਸਥਾਪਤ ਹੁੰਦਾ ਤਾਂ ਅੱਜ ਉਪਜਿਆ ਕਿਸਾਨੀ ਸੰਕਟ ਪੈਦਾ ਨਾ ਹੁੰਦਾ। ਉਨ੍ਹਾਂ ਕਿਹਾ ਕਿ ਖੇਤੀਬਾੜੀ ਸੂਬਾਈ ਸਰਕਾਰਾਂ ਦਾ ਕਾਰਜ ਖੇਤਰ ਹੈ ਪਰ ਕੇਂਦਰ ਸਰਕਾਰ ਨੇ ਆਪਣੇ ਪੱਧਰ 'ਤੇ ਖੇਤੀ ਕਾਨੂੰਨ ਬਣਾ ਦਿੱਤੇ ਹਨ, ਜਿਸ ਵਿੱਚ ਕਿਸਾਨਾਂ ਅਤੇ ਖੇਤਰੀ ਪਾਰਟੀਆਂ ਦੀ ਸਲਾਹ ਤਕ ਨਹੀਂ ਲਈ ਗਈ। ਇਸ ਦੌਰਾਨ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ ਕਰਦਾ ਹੈ। ਇਸ ਸੰਘਰਸ਼ ਵਿੱਚ ਵੱਡੀ ਗਿਣਤੀ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਸ਼ਾਮਲ ਹਨ। ਉਨ੍ਹਾਂ ਖ਼ਦਸ਼ਾ ਪ੍ਰਗਟਾਇਆ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਇਸ ਸੰਘਰਸ਼ ਨੂੰ ਬਦਨਾਮ ਕਰ ਸਕਦੀ ਹੈ। ਪਾਰਟੀ ਦੇ ਟੀਚੇ ਬਾਰੇ ਉਨ੍ਹਾਂ ਕਿਹਾ ਕਿ ਪਾਰਟੀ ਪੰਥ ਅਤੇ ਪੰਜਾਬ ਦੇ ਭਲੇ ਲਈ ਵਚਨਬੱਧ ਹੈ। ਭਵਿੱਖ ਵਿੱਚ ਜਦੋਂ ਉਹ ਸੱਤਾ 'ਚ ਆਉਣਗੇ ਤਾਂ ਨੌਜਵਾਨਾਂ ਲਈ ਵਿੱਦਿਆ ਅਤੇ ਸਿਹਤ ਖੇਤਰ ਤਰਜੀਹੀ ਮਾਮਲੇ ਹੋਣਗੇ।

ਇਸ ਤੋਂ ਪਹਿਲਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਬਾਰੇ ਚਾਨਣਾ ਪਾਇਆ ਅਤੇ ਪਾਰਟੀ ਨੂੰ ਪੰਥਕ ਹਿੱਤਾਂ ਤੇ ਸਰਬੱਤ ਦੇ ਭਲੇ ਲਈ ਕੰਮ ਕਰਨ ਵਾਸਤੇ ਪ੍ਰੇਰਿਆ। ਸਮਾਗਮ ਵਿੱਚ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ, ਬਲਵਿੰਦਰ ਸਿੰਘ ਭੂੰਦੜ, ਡਾ. ਦਲਜੀਤ ਸਿੰਘ ਚੀਮਾ, ਬਿਕਰਮ ਸਿੰਘ ਮਜੀਠੀਆ, ਗੋਬਿੰਦ ਸਿੰਘ ਲੌਂਗੋਵਾਲ, ਗੁਲਜ਼ਾਰ ਸਿੰਘ ਰਣੀਕੇ, ਵਿਰਸਾ ਸਿੰਘ ਵਲਟੋਹਾ ਕਈ ਹੋਰ ਆਗੂ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਹਾਜ਼ਰ ਸਨ।

**ਦਲ ਖ਼ਾਲਸਾ ਵੱਲੋਂ ਅਕਾਲੀ ਦਲ 'ਤੇ ਮੂਲ ਸਿਧਾਂਤਾਂ ਤੋਂ ਹਟਣ ਦਾ ਦੋਸ਼**

ਸ਼੍ਰੋਮਣੀ ਅਕਾਲੀ ਦਲ ਦੇ 100 ਸਾਲਾ ਸਥਾਪਨਾ ਦਿਵਸ ਮੌਕੇ ਦਲ ਖ਼ਾਲਸਾ ਨੇ ਦੋਸ਼ ਲਾਇਆ ਕਿ ਪਾਰਟੀ ਸਿੱਖੀ ਦੀ ਪ੍ਰਫੁੱਲਤਾ ਅਤੇ ਸਿੱਖਾਂ ਦੀਆਂ ਸਿਆਸੀ ਇੱਛਾਵਾਂ ਦੀ ਪੂਰਤੀ ਕਰਨ ਦੇ ਆਪਣੇ ਮੂਲ ਸਿਧਾਂਤਾਂ ਤੋਂ ਹਟ ਚੁੱਕੀ ਹੈ। ਇਸ ਮੌਕੇ ਦਲ ਖ਼ਾਲਸਾ ਦੇ ਸੀਨੀਅਰ ਆਗੂ ਹਰਚਰਨਜੀਤ ਸਿੰਘ ਧਾਮੀ ਅਤੇ ਕੰਵਰਪਾਲ ਸਿੰਘ ਨੇ ਕਿਹਾ ਕਿ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦਿਵਾਉਣ, ਬਰਗਾੜੀ/ ਬਹਿਬਲ ਕਲਾਂ ਗੋਲੀ ਕਾਂਡ ਅਤੇ ਦਾਗੀਂ ਪੁਲਿਸ ਅਧਿਕਾਰੀਆਂ ਦੀ ਪੁਸ਼ਤਪਨਾਹੀ ਸਮੇਤ ਸ੍ਰੀ ਅਕਾਲ ਤਖ਼ਤ ਦੇ ਸਿਧਾਂਤਾਂ ਨੂੰ ਢਾਹ ਲਾਉਣ ਦੀਆਂ ਕਾਰਵਾਈਆਂ ਨਾਲ ਅਕਾਲੀ ਦਲ ਦੇ ਇਤਿਹਾਸ ਨੂੰ ਗ੍ਰਹਿਣ ਲੱਗਾ ਹੈ।

**ਵਪਾਰੀਆਂ ਤੇ ਮਾਫ਼ੀਆ ਦੀ ਪਾਰਟੀ ਬਣਿਆ ਅਕਾਲੀ ਦਲ ਬਾਦਲ: ਢੀਂਡਸਾ**

ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੈਟਿਕ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਅਕਾਲੀ ਦਲ ਦੇ 100ਵੇਂ ਸਥਾਪਨਾ ਦਿਵਸ ਮੌਕੇ ਬਾਦਲ ਪਰਿਵਾਰ 'ਤੇ ਸਿੱਖੀ ਪ੍ਰੰਪਰਾਵਾਂ ਦਾ ਘਾਣ ਕਰਨ ਅਤੇ ਅਕਾਲੀ ਦਲ ਨੂੰ ਵਪਾਰਕ ਅਤੇ ਪਰਿਵਾਰਕ ਪਾਰਟੀ ਬਣਾਉਣ ਦੇ ਦੋਸ਼ ਲਾਏ ਹਨ। ਢੀਂਡਸਾ ਨੇ ਕਿਹਾ ਕਿ ਅਕਾਲੀ ਦਲ ਅਜਿਹੀ ਪਾਰਟੀ ਸੀ, ਜਿਸ ਦੇ ਹਰ ਆਗੂ ਅਤੇ ਵਰਕਰ ਨੂੰ ਪੰਜਾਬੀ ਆਪਣੇ ਦੁੱਖ-ਸੁੱਖ ਦਾ ਸਾਥੀ ਮੰਨਦੇ ਸਨ ਪਰ ਅੱਜ ਸਥਿਤੀ ਇਹ ਬਣ ਗਈ ਹੈ ਕਿ ਅਕਾਲੀ ਦਲ ਨੂੰ ਪੰਜਾਬ ਦੇ ਲੋਕ ਹਰ ਦੁੱਖ-ਦਰਦ ਦੀ ਜੜ੍ਹ ਮੰਨਣ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਸੇਵਾ ਤੇ ਤਿਆਗ 'ਚੋਂ ਨਿਕਲੀ ਇਹ ਪਾਰਟੀ ਨਿਰੋਲ ਵਪਾਰੀਆਂ ਅਤੇ ਮਾਫ਼ੀਆ ਦੀ ਪਾਰਟੀ ਬਣ ਕੇ ਰਹਿ ਗਈ ਹੈ। ਇਸੇ ਕਾਰਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨੂੰ ਪੰਜਾਬ ਦੇ ਲੋਕ ਹੁਣ ਮੂੰਹ ਨਹੀਂ ਲਾ ਰਹੇ।

ਮਾਨ ਦਲ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਬਾਦਲ ਦਲ ਦੇ ਕਬਜ਼ੇ ਵਿੱਚੋਂ ਮੁਕਤ ਕਰਵਾਉਣ ਦਾ ਸੱਦਾ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸ਼੍ਰੋਮਣੀ ਅਕਾਲੀ ਦਲ ਦੀ 100ਵੀਂ ਵਰੇਗੰਢ ਸੈਕਟਰ-22 ਵਿੱਚ ਮਨਾਈ ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪਹਿਲੇ ਪ੍ਰਧਾਨ ਤੋਂ ਲੈ ਕੇ ਅਜੋਕੇ ਸਮੇਂ ਬਾਰੇ ਚਰਚਾ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲ ਰਹੇ ਕਿਸਾਨੀ ਸੰਘਰਸ਼ ਨੂੰ ਪੂਰੀ ਹਮਾਇਤ ਦਿੱਤੀ। ਪਾਰਟੀ ਦੇ ਕੌਮੀ ਜਨਰਲ ਸਕੱਤਰ ਕੁਸ਼ਲਪਾਲ ਸਿੰਘ ਮਾਨ ਅਤੇ ਚੰਡੀਗੜ੍ਹ ਦੇ ਪ੍ਰਧਾਨ ਗੋਪਾਲ ਸਿੰਘ ਸਿੱਧੂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਏ ਜਾਣ ਲਈ ਕੇਂਦਰ ਸਰਕਾਰ ਵਿਰੁੱਧ ਕਾਨੂੰਨੀ ਲੜਾਈ ਲੜੀ ਜਾਵੇਗੀ ਤੇ ਜ਼ੋਰ ਸ਼ੋਰ ਨਾਲ ਚੋਣਾਂ ਲੜੀਆਂ ਜਾਣਗੀਆਂ। ਬਾਦਲਾਂ ਤੋ ਸ਼੍ਰੋਮਣੀ ਕਮੇਟੀ ਮੁਕਤ ਕਰਵਾਈ ਜਾਵੇਗੀ।

# ਅਕਾਲੀ ਦਲ (ਡੈਮੋਕ੍ਰੈਟਿਕ) ਅਤੇ 'ਆਪ' ਵਿੱਚ ਗੱਠਜੋੜ ਦੇ ਆਸਾਰ

**- ਤਲਵਿੰਦਰ ਸਿੰਘ ਬੁਟਰ**

ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬੇ ਵਿੱਚ ਹਲਚਲ ਸ਼ੁਰੂ ਹੋ ਗਈ ਹੈ। ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੈਟਿਕ) ਅਤੇ ਆਮ ਆਦਮੀ ਪਾਰਟੀ ਦਰਮਿਆਨ ਸਿਆਸੀ ਗੱਠਜੋੜ ਦਾ ਮੁੱਢ ਬੱਝਣ ਲੱਗਾ ਹੈ। ਸੂਤਰਾਂ ਦਾ ਦੱਸਣਾ ਹੈ ਕਿ ਅਕਾਲੀ ਆਗੂ ਸੁਖਦੇਵ ਸਿੰਘ ਢਅਨਮਤੀਂਡਸਾ ਨਾਲ 'ਆਪ' ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ ਅਤੇ ਦੋ ਰਾਜ ਸਭਾ ਮੈਂਬਰਾਂ ਨੇ ਮੀਟਿੰਗ ਕੀਤੀ। ਸ੍ਰੀ ਢੀਂਡਸਾ ਨੇ ਇਸ ਮੀਟਿੰਗ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਕਾਂਗਰਸ, ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਤਿੰਨਾਂ ਪਾਰਟੀਆਂ ਨੂੰ ਛੱਡ ਕੇ ਹੋਰ ਕਿਸੇ ਵੀ ਹਮਖ਼ਿਆਲੀ ਪਾਰਟੀ ਨਾਲ ਸਮਝੌਤਾ ਕੀਤਾ ਜਾ ਸਕਦਾ ਹੈ। ਉੱਧਰ ਸੂਤਰਾਂ ਦਾ ਦੱਸਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੈਟਿਕ) ਅਤੇ ਆਮ ਆਦਮੀ ਪਾਰਟੀ ਦਰਮਿਆਨ ਸਿਆਸੀ ਗੱਠਜੋੜ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ ਤੇ ਜਲਦੀ ਹੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਇਸ ਮਾਮਲੇ ਵਿੱਚ ਦਖ਼ਲ ਦੇਣਗੇ। ਇਹ ਵੀ ਪਤਾ ਲੱਗਾ ਹੈ ਕਿ ਦਿੱਲੀ ਵਿੱਚ ਹੋਈ ਮੀਟਿੰਗ ਦੌਰਾਨ ਪੰਜਾਬ ਦੇ ਸਿਆਸੀ ਹਾਲਾਤ ਬਾਰੇ ਚਰਚਾ ਕੀਤੀ ਗਈ। ਜ਼ਿਕਰਯੋਗ ਹੈ ਕਿ ਕਿਸਾਨੀ ਅੰਦੋਲਨ ਕਾਰਨ ਸ਼੍ਰੋਮਣੀ ਅਕਾਲੀ ਦਲ ਇੱਕ ਤਰਾਂ ਨਾਲ ਹਾਸ਼ੀਏ 'ਤੇ ਚਲਾ ਗਿਆ ਹੈ। ਇਨਾਂ ਦਿਨਾਂ ਦੌਰਾਨ ਦਿੱਲੀ ਦੀ 'ਆਪ' ਸਰਕਾਰ ਵੱਲੋਂ ਕਿਸਾਨੀ ਵਿੱਚ ਭੱਲ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ। 'ਆਪ' ਵੱਲੋਂ ਕਿਸਾਨੀ ਅੰਦੋਲਨ ਦੀ ਅਗਵਾਈ ਕਰ ਰਹੇ ਆਗੂਆਂ ਵਿੱਚੋਂ ਵੀ ਭਵਿੱਖ ਦੇ ਆਗੂ ਦੀ ਤਲਾਸ਼ ਕੀਤੀ ਜਾ ਰਹੀ ਹੈ।।

**ਲੰਘ ਰਿਹਾ ਹੈ ਅਕਾਲੀ ਦਲ ਸੰਕਟ ਵਿਚੋਂ**

14 ਦਸੰਬਰ 1920 ਨੂੰ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਵਿਸ਼ਾਲ ਪੰਥਕ ਇਕੱਠ ਵਿਚੋਂ ਹੋਂਦ 'ਚ ਆਏ ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਵਿਧਾਨ ਦੀ ਸਿਰਜਣਾ ਦੇ ਮੁੱਖ ਮੰਤਵ, ਗੁਰਦੁਆਰਿਆਂ ਦਾ ਇਮਾਨਦਾਰਾਨਾ ਸੰਗਤੀ ਪ੍ਰਬੰਧ ਕਾਇਮ ਕਰਨਾ, ਸਿੱਖ ਧਰਮ ਦਾ ਪ੍ਰਚਾਰ-ਪ੍ਰਸਾਰ ਅਤੇ ਅਨਮਤ ਦੇ ਹਮਲਿਆਂ ਦਾ ਸਾਹਮਣਾ ਕਰਨਾ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੁਆਰਾ ਸਥਾਪਤ ਨਿਆਰਾ ਤੇ ਸੁਤੰਤਰ ਕੌਮੀ ਹਸਤੀ ਵਾਲਾ ਪੰਥ ਤੇ ਦੇਸ਼ ਵਿਚ ਸਿੱਖਾਂ ਲਈ ਸਨਮਾਨਜਨਕ ਖ਼ੁਦਮੁਖ਼ਤਿਆਰ ਰਾਜਸੀ ਸਥਾਨ ਦੀ ਪ੍ਰਾਪਤੀ ਕਰਨਾ ਸੀ।

ਆਜ਼ਾਦੀ ਤੋਂ ਬਾਅਦ ਭਾਰਤ ਅੰਦਰ ਸਿੱਖਾਂ ਨਾਲ ਹੋ ਰਹੇ ਸਿਆਸੀ ਵਿਤਕਰਿਆਂ ਖ਼ਿਲਾਫ਼ ਵੀ ਲੰਬਾ ਸਮਾਂ ਸ਼੍ਰੋਮਣੀ ਅਕਾਲੀ ਦਲ ਸੰਘਰਸ਼ਸ਼ੀਲ ਰਿਹਾ। ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਪੰਜਾਬ 'ਚ 9 ਵਾਰੀ ਸ਼੍ਰੋਮਣੀ ਅਕਾਲੀ ਦਲ ਸੱਤਾ ਵਿਚ ਤਾਂ ਆਇਆ, ਪਰ ਇਕ ਵੀ ਅਜਿਹਾ ਮਸਲਾ ਹੱਲ ਨਹੀਂ ਕਰਵਾ ਸਕਿਆ, ਜਿਨਾਂ ਲਈ ਕਦੇ ਇਹ ਮੋਰਚੇ ਲਗਾਉਂਦਾ ਰਿਹਾ ਹੈ। ਪੰਜਾਬੀ ਸੂਬੇ ਦੀ ਸਥਾਪਤੀ ਪਿੱਛੋਂ ਅਕਾਲੀ ਦਲ ਸੂਬੇ ਦੀ ਸ਼ਕਤੀਸ਼ਾਲੀ ਰਾਜਸੀ ਪਾਰਟੀ ਬਣ ਕੇ ਉਭਰਿਆ ਤੇ 1967, 1969, 1977, 1985, 1997, 2007 ਅਤੇ 2012 ਵਿਚ ਸਰਕਾਰਾਂ ਬਣਾਈਆਂ।

'ਪੰਜਾਬੀ ਸੂਬਾ' ਬਣਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੂੰ ਇਤਿਹਾਸ ਦੀ ਸਭ ਤੋਂ ਨਮੋਸ਼ੀਜਨਕ ਹਾਰ ਦਾ ਸਾਹਮਣਾ ਫਰਵਰੀ 20 17 ਦੀਆਂ ਸੂਬਾਈ ਚੋਣਾਂ 'ਚ ਕਰਨਾ ਪਿਆ ਜਦੋਂ ਵਿਧਾਨ ਸਭਾ ਵਿਚ ਇਹ 15 ਸੀਟਾਂ ਤੱਕ ਸੀਮਤ ਹੋ ਗਿਆ ਅਤੇ ਵੋਟ ਪ੍ਰਤੀਸ਼ਤ ਤਾਂ ਵੀ 2012 ਦੀਆਂ ਸੂਬਾਈ ਚੋਣਾਂ ਦੇ 34.73% ਤੋਂ ਘੱਟ ਕੇ 25.2% ਰਹਿ ਗਈ। ਚੋਣਾਂ ਤੋਂ ਬਾਅਦ ਇਹ ਆਸ ਕੀਤੀ ਜਾ ਰਹੀ ਸੀ ਕਿ 1975 ਦੀ ਐਮਰਜੈਂਸੀ ਵਰਗੇ ਹਾਲਾਤਾਂ ਵਿਚ ਵੀ ਜਮਹੂਰੀਅਤ ਲਈ ਡਟ ਕੇ ਪਹਿਰਾ ਦੇਣ ਵਾਲਾ ਅਕਾਲੀ ਦਲ ਆਪਣੀ ਹਾਰ ਦਾ ਖੁੱਲਦਿਲੀ ਨਾਲ ਆਤਮ-ਚਿੰਤਨ ਕਰੇਗਾ। ਹੋਈਆਂ ਗ਼ਲਤੀਆਂ ਨੂੰ ਸਵੀਕਾਰ ਕਰਕੇ ਪਾਰਟੀ ਦੀ ਹਾਈਕਮਾਨ ਪੰਜਾਬ ਨੂੰ ਨਵੀਂ ਸਿਆਸੀ ਸੇਧ ਦੇਣ ਲਈ ਫ਼ੈਸਲਾਕੁੰਨ ਵਿਉਂਤਬੰਦੀ ਕਰੇਗੀ, ਪਰ ਅਜਿਹਾ ਨਹੀਂ ਹੋਇਆ।

ਸ਼੍ਰੋਮਣੀ ਅਕਾਲੀ ਦਲ ਲਈ ਇਹ ਚਿੰਤਾ ਦਾ ਸਬੱਬ ਹੈ ਕਿ ਪੰਜਾਬ ਦੀ ਕਾਂਗਰਸ ਸਰਕਾਰ ਪ੍ਰਤੀ ਪੰਜਾਬ ਦੇ ਲੋਕਾਂ ਅੰਦਰ ਭਾਰੀ ਨਿਰਾਸ਼ਾ ਪਾਏ ਜਾਣ ਦੇ ਬਾਵਜੂਦ ਅਕਾਲੀ ਦਲ ਪ੍ਰਤੀ ਵੀ ਉਹ ਗ਼ੁੱਸਾ ਤੇ ਰੋਸ ਘਟਿਆ ਨਹੀਂ ਜੋ ਲਗਾਤਾਰ 10 ਸਾਲ ਅਕਾਲੀ-ਭਾਜਪਾ ਸਰਕਾਰ ਵੇਲੇ ਸੱਤਾ ਵਿਰੋਧੀ ਰੁਝਾਨ ਕਾਰਨ ਸੀ। ਇਸ ਕਰਕੇ ਪੰਜਾਬ ਦੀ ਰਾਜਨੀਤੀ 'ਚ ਵੱਡਾ ਖ਼ਲਾਅ ਨਜ਼ਰ ਆ ਰਿਹਾ ਹੈ। ਅਕਾਲੀ ਦਲ ਦੇ ਪ੍ਰਧਾਨ ਸ: ਸੁਖਬੀਰ ਸਿੰਘ ਬਾਦਲ ਅਤੇ ਉਨਾਂ ਦੇ ਸਲਾਹਕਾਰ ਪੰਜਾਬ ਦੀ ਰਾਜਨੀਤੀ ਵਿਚ ਬਣੇ ਖ਼ਲਾਅ ਨੂੰ ਦੂਰ ਕਰਨ ਲਈ ਸਵੈ-ਪੜਚੋਲ ਕਰਕੇ ਪਾਰਟੀ ਅੰਦਰ ਨਵੀਂ ਰੂਹ ਫੂਕਣ ਦੇ ਯਤਨਾਂ ਦੀ ਬਜਾਇ ਇਸ ਧਾਰਨਾ 'ਤੇ ਅਡਿੱਗ ਹਨ ਕਿ ਕਾਂਗਰਸ ਤੋਂ ਨਿਰਾਸ਼ ਹੋ ਕੇ ਪੰਜਾਬ ਦੇ ਲੋਕ ਅਗਲੀਆਂ ਚੋਣਾਂ ਵਿਚ ਅਕਾਲੀ ਦਲ ਦੇ ਹੱਕ 'ਚ ਹੀ ਭੁਗਤਣਗੇ। ਪਾਰਟੀ ਹਾਈਕਮਾਨ ਦੇ ਅਜਿਹੇ ਰਵੱਈਏ ਕਾਰਨ ਇਹ ਪ੍ਰਭਾਵ ਸਥਾਪਿਤ ਹੋ ਗਿਆ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਅੰਦਰ ਦੂਜਿਆਂ ਦੀ ਗੱਲ ਸੁਣਨ ਦਾ ਮਾਦਾ ਬਹੁਤ ਘੱਟ ਹੈ। ਅਜਿਹੇ ਵਿਚ ਪਾਰਟੀ ਦੀ ਅੰਦਰੂਨੀ ਜਮਹੂਰੀਅਤ ਨੂੰ ਵੀ ਸੱਟ ਵੱਜੀ ਅਤੇ ਟਕਸਾਲੀ ਤੇ ਕੁਰਬਾਨੀਪ੍ਰਸਤ ਅਕਾਲੀ ਆਗੂ ਇਕ-ਇਕ ਕਰਕੇ ਪੰਥਕ ਸਿਆਸਤ ਵਿਚ ਸਾਹ-ਸੱਤ ਹੀਣ ਮਹਿਸੂਸ ਕਰਨ ਲੱਗੇ। ਅਜਿਹੇ ਮਰਹਲੇ ਦੌਰਾਨ ਸ. ਸੁਖਦੇਵ ਸਿੰਘ ਢੀਂਡਸਾ, ਸ: ਰਣਜੀਤ ਸਿੰਘ ਬ੍ਰਹਮਪੁਰਾ, ਸ: ਸੇਵਾ ਸਿੰਘ ਸੇਖਵਾਂ ਸਮੇਤ ਵੱਡੀ ਗਿਣਤੀ 'ਚ ਟਕਸਾਲੀ ਅਕਾਲੀ ਆਗੂਆਂ ਨੇ ਪਾਰਟੀ ਤੋਂ ਅਸਤੀਫ਼ੇ ਦੇ ਕੇ ਅਕਾਲੀ ਦਲ ਟਕਸਾਲੀ ਅਤੇ ਅਕਾਲੀ ਦਲ ਡੈਮੋਕ੍ਰੈਟਿਕ ਦੀ ਸਥਾਪਨਾ ਕਰ ਦਿੱਤੀ। ਹਾਲਾਂਕਿ ਇਤਿਹਾਸ 'ਚ ਅਕਾਲੀ ਲੀਡਰਸ਼ਿਪ ਬਹੁਤ ਵਾਰੀ ਭਰੋਸੇਯੋਗਤਾ ਦੇ ਸੰਕਟ ਵਿਚੋਂ ਲੰਘੀ ਪਰ ਪਾਰਟੀ ਅੰਦਰਲੀ ਜਮਹੂਰੀਅਤ ਅਤੇ ਨੈਤਿਕ ਕਦਰਾਂ-ਕੀਮਤਾਂ ਵਿਚ ਦ੍ਰਿੜ ਆਗੂਆਂ ਕਾਰਨ ਅਕਾਲੀ ਦਲ ਹਰੇਕ ਮੁਸੀਬਤ ਵਿਚੋਂ 'ਕੁਠਾਲੀ 'ਚੋਂ ਕੁੰਦਨ ਵਾਂਗ ਚਮਕ ਕੇ' ਨਿਕਲਦਾ ਰਿਹਾ ਹੈ। ਸੰਨ 1961 'ਚ ਪੰਜਾਬੀ ਸੂਬੇ ਲਈ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਵੱਲੋਂ ਰੱਖਿਆ ਮਰਨ ਵਰਤ ਵਿਚਾਲੇ ਛੱਡ ਦੇਣ ਤੋਂ ਬਾਅਦ ਉਨਾਂ ਦੀ ਵਿਰੋਧਤਾ ਵਧਣ ਲੱਗੀ ਤਾਂ ਸੰਤ ਫ਼ਤਹਿ ਸਿੰਘ ਨੇ ਵੱਖਰਾ ਅਕਾਲੀ ਦਲ ਬਣਾ ਲਿਆ ਸੀ। ਸੰਨ 1965 ਦੀਆਂ ਸ਼੍ਰੋਮਣੀ ਕਮੇਟੀ ਚੋਣਾਂ 'ਚ ਸੰਤ ਫ਼ਤਿਹ ਸਿੰਘ ਦੇ ਧੜੇ ਨੂੰ ਭਾਰੀ ਬਹੁਮਤ ਮਿਲਣ ਤੋਂ ਬਾਅਦ ਮਾਸਟਰ ਜੀ ਇਹ ਐਲਾਨ ਕਰਕੇ ਸਿਆਸਤ ਤੋਂ ਲਾਂਭੇ ਹੋ ਗਏ ਕਿ ਕੌਮ ਨੇ ਸੰਤ ਫ਼ਤਹਿ ਸਿੰਘ ਨੂੰ ਆਪਣਾ ਆਗੂ ਪ੍ਰਵਾਨ ਕਰ ਲਿਆ ਹੈ। ਸੰਨ 1972 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਜ਼ਬਰਦਸਤ ਹਾਰ ਹੋਈ ਤਾਂ ਕੁਝ ਅਕਾਲੀ ਆਗੂ ਇਸ ਹਾਰ ਨੂੰ ਸੰਤ ਫ਼ਤਿਹ ਸਿੰਘ ਦੀ ਲੀਡਰਸ਼ਿਪ ਦੀ ਹਾਰ ਆਖ ਕੇ ਉਨਾਂ ਤੋਂ ਅਸਤੀਫ਼ੇ ਦੀ ਮੰਗ ਕਰਨ ਲੱਗੇ। ਆਖ਼ਰਕਾਰ ਸੰਤ ਫ਼ਤਹਿ ਸਿੰਘ ਨੇ ਪਾਰਟੀ ਦੀ ਭਲਾਈ ਲਈ ਸਿਆਸਤ ਛੱਡਣ ਦਾ ਐਲਾਨ ਕਰ ਦਿੱਤਾ। ਉਨਾਂ ਦੀ ਥਾਂ ਜਥੇਦਾਰ ਮੋਹਨ ਸਿੰਘ ਤੁੜ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਥਾਪਿਆ ਗਿਆ। ਅਕਾਲੀ ਦਲ ਅੰਦਰ ਜਥੇਦਾਰ ਜਗਦੇਵ ਸਿੰਘ ਤਲਵੰਡੀ ਦਾ ਬਰਾਬਰ ਧੜਾ ਖੜਾ ਹੋ ਗਿਆ ਤਾਂ ਜਥੇਦਾਰ ਮੋਹਨ ਸਿੰਘ ਤੁੜ ਨੇ ਇਹ ਆਖ ਕੇ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਕਿ, ਜੇਕਰ ਮੇਰੇ ਕਾਰਨ ਪੰਥ 'ਚ ਫੁੱਟ ਪੈਂਦੀ ਹੈ ਤਾਂ ਮੈਂ ਪ੍ਰਧਾਨਗੀ ਛੱਡਣੀ ਬਿਹਤਰ ਸਮਝਦਾ ਹਾਂ।

ਸੰਨ 1986 'ਚ ਬਤੌਰ ਮੁੱਖ ਮੰਤਰੀ ਸ੍ਰੀ ਦਰਬਾਰ ਸਾਹਿਬ 'ਚ ਪੁਲਿਸ ਭੇਜਣ ਮਗਰੋਂ ਸੁਰਜੀਤ ਸਿੰਘ ਬਰਨਾਲਾ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਲਾਹ ਦਿੱਤਾ ਗਿਆ ਤਾਂ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੀਆਂ ਸੰਭਾਵਨਾਵਾਂ ਤੇ ਸਮਰੱਥਾਵਾਂ ਦਾ ਪ੍ਰਗਟਾਵਾ ਕਰਨ ਦਾ ਮੌਕਾ ਮਿਲ ਗਿਆ। ਹਾਲਾਂਕਿ ਇਹ ਉਹ ਦੌਰ ਸੀ ਜਦੋਂ ਇਕੋ ਵੇਲੇ ਅਕਾਲੀ ਦਲ ਦੇ ਅੱਧੀ ਦਰਜਨ ਦੇ ਕਰੀਬ ਧੜੇ ਬਣੇ ਹੋਏ ਸਨ। ਸੰਨ 1989 ਦੀਆਂ ਲੋਕ ਸਭਾ ਚੋਣਾਂ 'ਚ ਸ. ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਅਕਾਲੀ ਦਲ ਸੰਯੁਕਤ ਨੂੰ ਵੱਡਾ ਬਹੁਮਤ ਮਿਲਿਆ ਪਰ ਉਹ 'ਕਿਰਪਾਨ' ਦੇ ਮੁੱਦੇ 'ਤੇ ਸੰਸਦ ਵਿਚ ਜਾਣੋਂ ਨਾਂਹ ਕਰਕੇ ਖੁੰਝ ਗਏ। ਇਸ ਤਰਾਂ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ ਉਤਰਾਅ-ਚੜ੍ਹਾਅ ਵਿਚੋਂ ਹੁੰਦਾ ਹੋਇਆ ਸੰਨ 1997 'ਚ ਭਾਰਤੀ ਜਨਤਾ ਪਾਰਟੀ ਨਾਲ ਗੱਠਜੋੜ ਕਰਕੇ ਪੰਜਾਬ ਵਿਚ ਸਰਕਾਰ ਬਣਾਉਣ 'ਚ ਸਫਲ ਰਿਹਾ। ਉਸ ਤੋਂ ਬਾਅਦ 2007 ਅਤੇ 2012 ਵਿਚ ਲਗਾਤਾਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਦੀ ਰਹੀ ਅਤੇ ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਬਣ ਕੇ ਵੀਹਵੀਂ ਸਦੀ ਦੇ ਸਭ ਤੋਂ ਕੱਦਾਵਾਰ ਸਿੱਖ ਸਿਆਸਤਦਾਨ ਵਜੋਂ ਸਥਾਪਤ ਹੋਏ। 31 ਜਨਵਰੀ 2008 ਨੂੰ ਪਾਰਟੀ ਦੇ 20ਵੇਂ ਪ੍ਰਧਾਨ ਵਜੋਂ ਸ. ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਦੀ ਪ੍ਰਧਾਨਗੀ ਆਪਣੇ ਪਿਤਾ ਦੀ ਵਿਰਾਸਤ ਦੇ ਰੂਪ ਵਿਚ ਮਿਲ ਗਈ। ਸੁਖਬੀਰ ਸਿੰਘ ਬਾਦਲ ਨੇ 'ਮਰਜੀਵੜੇ ਜਥੇਦਾਰਾਂ' ਦੀ ਪਾਰਟੀ ਸਮਝੇ ਜਾਂਦੇ ਅਕਾਲੀ ਦਲ ਨੂੰ ਇਕ 'ਚੀਫ਼ ਐਗਜ਼ੀਕਿਊਟਿਵ ਅਫ਼ਸਰ' ਵਾਂਗ ਮਾਈਕਰੋ-ਮੈਨੇਜਮੈਂਟ ਦੁਆਰਾ ਚਲਾਉਣਾ ਸ਼ੁਰੂ ਕੀਤਾ ਅਤੇ ਇਸ ਵਿਚ ਕੁਝ ਵੱਡੀਆਂ ਤੇ ਬੁਨਿਆਦੀ ਤਬਦੀਲੀਆਂ ਕੀਤੀਆਂ। ਬੇਸ਼ੱਕ ਸ਼੍ਰੋਮਣੀ ਅਕਾਲੀ ਦਲ ਦੀ ਪੰਥਕ ਹੋਂਦ ਨੂੰ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਵਲੋਂ 1996 ਦੀ ਮੋਗਾ ਕਾਨਫ਼ਰੰਸ ਦੌਰਾਨ 'ਪੰਜਾਬੀ ਪਾਰਟੀ' ਵਿਚ ਬਦਲ ਦੇਣ ਅਤੇ ਸੁਖਬੀਰ ਸਿੰਘ ਬਾਦਲ ਵਲੋਂ ਗੈਰ-ਸਿੱਖਾਂ ਨੂੰ ਰਵਾਇਤੀ ਪੰਥਕ ਪਾਰਟੀ ਵਿਚ ਵੱਡੀ ਪੱਧਰ 'ਤੇ ਦਾਖ਼ਲਾ ਦੇਣ ਨਾਲ ਸ਼੍ਰੋਮਣੀ ਅਕਾਲੀ ਦਲ ਦਾ ਰਾਜਨੀਤਕ ਘੇਰਾ ਅਤੇ ਸਰੋਕਾਰਾਂ ਦੀ ਵਿਆਪਕਤਾ ਵਿਚ ਵਾਧਾ ਤਾਂ ਹੋਇਆ ਪਰ ਇਸ ਵਲੋਂ ਆਪਣੇ ਪੰਥਕ ਸਰੋਕਾਰਾਂ ਅਤੇ ਰਵਾਇਤੀ ਮੁੱਦਿਆਂ ਤੋਂ ਉੱਕਾ ਹੀ ਮੁਖ ਮੋੜ ਲੈਣਾ, ਇਸ ਲਈ ਸਵੈਘਾਤੀ ਸਾਬਤ ਹੋਇਆ। ਭਾਰਤੀ ਜਨਤਾ ਪਾਰਟੀ ਨਾਲ ਸਿਆਸੀ ਗੱਠਜੋੜ ਦੌਰਾਨ ਸ਼੍ਰੋਮਣੀ ਅਕਾਲੀ ਦਲ ਵਲੋਂ ਆਪਣੇ ਬੁਨਿਆਦੀ ਖ਼ਾਸੇ ਅਤੇ ਵਿਚਾਰਧਾਰਾ ਨੂੰ ਕਾਇਮ ਰੱਖਣ ਦੀ ਬਜਾਇ ਅਜਿਹਾ ਪ੍ਰਭਾਵ ਵਧਦਾ ਗਿਆ ਕਿ ਅਕਾਲੀ ਦਲ ਭਾਰਤੀ ਜਨਤਾ ਪਾਰਟੀ ਦੇ ਵਿੰਗ ਵਜੋਂ ਕੰਮ ਕਰ ਰਿਹਾ ਹੈ।

ਅੱਜ ਮੁੜ ਸ਼੍ਰੋਮਣੀ ਅਕਾਲੀ ਦਲ ਨੂੰ 'ਪੰਜਾਬੀ ਪਾਰਟੀ' ਹੁੰਦਿਆਂ ਵੀ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਉਸ ਦੀ ਸਥਾਪਨਾ ਸਿੱਖਾਂ ਦੀ ਰਾਜਨੀਤਕ ਹੋਂਦ ਨੂੰ ਸੁਰੱਖਿਅਤ ਕਰਨ ਦੀ ਭਾਵਨਾ ਤਹਿਤ ਹੋਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰਬ-ਸਾਂਝੀਵਾਲਤਾ ਦੇ ਫ਼ਲਸਫ਼ੇ 'ਤੇ ਚਲਦਿਆਂ ਸਾਰੇ ਧਰਮਾਂ, ਵਰਗਾਂ ਤੇ ਜਾਤਾਂ ਦੇ ਲੋਕਾਂ ਨੂੰ ਵੀ ਕਲਾਵੇ ਵਿਚ ਲੈ ਕੇ ਚੱਲਣਾ ਚਾਹੀਦਾ ਹੈ ਪਰ ਘੱਟੋ-ਘੱਟ ਜਥੇਬੰਦੀ ਵਿਚ ਸ਼ਾਮਿਲ ਹੋਣ ਵਾਲੇ ਕਿਸੇ ਵੀ ਆਗੂ ਅਤੇ ਵਰਕਰ ਦੇ ਆਚਰਣ, ਵਿਚਾਰਧਾਰਕ ਪਿਛੋਕੜ, ਮਨੁੱਖੀ ਅਧਿਕਾਰਾਂ, ਪੰਜਾਬ ਤੇ ਸਮਾਜ ਪ੍ਰਤੀ ਸੋਚ ਤੇ ਸੇਧ ਨੂੰ ਨਿਰਖਣ-ਪਰਖਣ ਦੀ ਨੀਤੀ ਜ਼ਰੂਰ ਅਪਣਾਉਣੀ ਚਾਹੀਦੀ ਹੈ।

ਇਸ ਦੇ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਪਰਿਵਾਰਵਾਦ ਦੇ ਪਰਛਾਵੇਂ ਤੋਂ ਮੁਕਤ ਕਰਨ ਲਈ ਅਤੇ ਪਾਰਟੀ ਅੰਦਰ ਜਮਹੂਰੀਅਤ ਕਾਇਮ ਕਰਨ ਲਈ 'ਸਮੂਹਿਕ ਲੀਡਰਸ਼ਿਪ' ਉਸਾਰਨ ਦੀ ਲੋੜ ਹੈ। ਜ਼ਮੀਨ ਨਾਲ ਜੁੜੇ ਸਿੱਖੀ ਨਾਮ, ਸਰੂਪ, ਸੋਚ ਤੇ ਵਿਹਾਰ ਵਾਲੇ ਕੁਰਬਾਨੀਪ੍ਰਸਤ ਟਕਸਾਲੀ ਆਗੂਆਂ ਨੂੰ ਪਾਰਟੀ ਅੰਦਰ ਰਵਾਇਤੀ ਸਨਮਾਨ ਅਤੇ ਰੁਤਬੇ ਦੇਣ ਦੀ ਲੋੜ ਹੈ। ਇਕ ਸਦੀ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਾਬਿਆ ਗਠਿਤ ਹੋਏ ਸ਼੍ਰੋਮਣੀ ਅਕਾਲੀ ਦਲ ਨੂੰ ਅੱਜ ਆਪਣੇ ਉਸ ਪ੍ਰਸੰਗ ਨੂੰ ਸਮਝਣ ਦੀ ਲੋੜ ਹੈ, ਜੋ ਇਸ ਨੂੰ ਹੋਂਦ ਵਿਚ ਲਿਆਉਣ ਵਾਲੇ ਗੁਰਸਿੱਖਾਂ ਨੇ ਸਿਰਜਿਆ ਸੀ।

# ਕਿਸਾਨੀ ਅੰਦੋਲਨ ਮਨੁੱਖਤਾ ਦਾ ਸੰਘਰਸ਼

## ✪ ਪ੍ਰਵਾਸੀ ਪੰਜਾਬੀ ਭਾਈਚਾਰੇ ਦੇ ਲੋਕ ਅੰਦੋਲਨ ਪ੍ਰਤੀ ਬਹੁਤ ਚਿੰਤਤ ✪ ਸਰਕਾਰ ਨੇ ਲੁਕਵੇਂ ਤਰੀਕੇ ਨਾਲ ਰਾਜਾਂ ਦੀ ਸੰਘੀ ਘੁੱਟ ਕੇ ਸਾਰੇ ਅਧਿਕਾਰ ਆਪਣੀ ਮੁੱਠੀ ਵਿੱਚ ਜਕੜੇ

**- ਐਡਵੋਕੇਟ ਦਰਸ਼ਨ ਸਿੰਘ ਰਿਆੜ**

ਖੇਤੀਬਾੜੀ ਨਾਲ ਸਬੰਧਤ ਤਿੰਨ ਆਰਡੀਨੈਂਸ ਕਾਹਲੀ ਨਾਲ ਕਰੋਨਾ ਕਾਲ ਦੌਰਾਨ ਲਿਆ ਕੇ ਉਸੇ ਕਾਹਲੀ ਨਾਲ ਉਨਾਂ ਨੂੰ ਸੰਸਦ ਵਿੱਚ ਪਾਸ ਕਰਕੇ ਭਾਜਪਾ ਸਰਕਾਰ ਨੇ ਕਾਨੂੰਨ ਬਣਾਉਣ ਦੀ ਜਿਹੜੀ ਨਵੀਂ ਪਿਰਤ ਪਾਈ ਸੀ ਉਹ ਹੁਣ ਉਸ ਨੂੰ ਮਹਿੰਗੀ ਪੈਂਦੀ ਮਹਿਸੂਸ ਹੋਣ ਲੱਗੀ ਹੈ। ਉਸੇ ਸਮੇਂ ਤੋਂ ਹੀ ਸੁਲਗਣ ਲੱਗ ਪਈ ਅੱਗ ਕਿਸਾਨ ਭਾਈਚਾਰੇ ਵਿੱਚ ਹੁਣ ਭਾਂਬੜ ਬਣ ਗਈ ਹੈ। ਸਰਕਾਰ ਨੂੰ ਲਗਦਾ ਸੀ ਕਿ ਇਹ ਰੌਲਾ ਕੇਵਲ ਪੰਜਾਬ ਦਾ ਹੀ ਹੈ ਤੇ ਉਹ ਵੀ ਰਾਜ ਸਰਕਾਰ ਦੀ ਸ਼ਹਿ 'ਤੇ ਚੱਲ ਰਿਹਾ ਹੈ। ਪਰ ਸਮਾਂ ਬੀਤਣ ਨਾਲ ਇਹ ਰੋਹ ਸਾਰੇ ਦੇਸ਼ ਵਿੱਚ ਫੈਲ ਗਿਆ ਹੈ ਤੇ ਸਮੁੱਚੇ ਦੇਸ਼ ਵਿੱਚੋਂ ਕਿਸਾਨ ਸੰਗਠਨਾਂ ਨੇ ਇਸ ਸੰਘਰਸ਼ ਵਿੱਚ ਸ਼ਮੂਲੀਅਤ ਕਰਨੀ ਸ਼ੁਰੂ ਕਰ ਦਿੱਤੀ ਹੈ। ਭਾਰਤ ਬੰਦ ਅਤੇ ਰੇਲ ਟਰੈਕਾਂ ਉੱਪਰ ਧਰਨਿਆਂ ਤੋਂ ਬਾਅਦ ਹੁਣ ਤਾਂ ਦੇਸ਼ ਦੀ ਰਾਜਧਾਨੀ ਦਿੱਲੀ ਦਾ ਆਲਾ-ਦੁਆਲਾ ਕਿਸਾਨ ਜਥੇਬੰਦੀਆਂ ਨੇ ਘੇਰ ਲਿਆ ਹੈ।

ਹੁਣ ਤੱਕ ਕਿਸਾਨ ਸੰਗਠਨਾਂ ਦੀ ਸਰਕਾਰ ਨਾਲ ਛੇ ਪੜਾਵਾਂ ਵਿੱਚ ਗੱਲਬਾਤ ਵੀ ਹੋ ਚੁੱਕੀ ਹੈ ਜੋ ਭਾਵੇਂ ਅਜੇ ਕਿਸੇ ਸਾਰਥਕ ਨਤੀਜੇ 'ਤੇ ਨਹੀਂ ਪਹੁੰਚੀ ਪਰ ਕਿਸਾਨ ਜਥੇਬੰਦੀਆਂ ਨੇ ਸਰਕਾਰ ਨੂੰ ਆਪਣਾ ਪੱਖ ਜ਼ਰੂਰ ਸਪੱਸ਼ਟ ਕਰ ਦਿੱਤਾ ਹੈ। ਹੁਣ ਗੇਂਦ ਸਰਕਾਰ ਦੇ ਪੱਲੇ ਵਿੱਚ ਹੈ ਤੇ ਕਿਸਾਨਾਂ ਨੇ ਹਾਂ ਜਾਂ ਨਾਂਹ ਵਿੱਚ ਸਪੱਸ਼ਟ ਜਵਾਬ ਮੰਗਿਆ ਹੈ।

ਬੜੀ ਖ਼ੁਸ਼ੀ ਦੀ ਗੱਲ ਹੈ ਕਿ ਭਾਵੇਂ ਇਹ ਮਸਲਾ ਮੁੱਢਲੇ ਤੌਰ 'ਤੇ ਨਿਰਾ ਕਿਸਾਨੀ ਦਾ ਲੱਗਦਾ ਸੀ ਤੇ ਸਰਕਾਰ ਵੀ ਸਮਝਦੀ ਹੋਵੇਗੀ ਕਿ ਕਿਸਾਨ ਇੰਨੇ ਸਮਝਦਾਰ ਤਾਂ ਹੁੰਦੇ ਨਹੀਂ, ਰੌਲਾ ਗੌਲਾ ਪਾ ਕੇ ਆਪੇ ਚੁੱਪ ਕਰ ਜਾਣਗੇ। ਸ਼ਾਇਦ ਇਸੇ ਮਨਸ਼ਾ ਨਾਲ ਹੀ ਸਰਕਾਰ ਇਸ ਮਸਲੇ ਨੂੰ ਲਮਕਾਈ ਜਾ ਰਹੀ ਸੀ। ਪਰ ਹੌਲੀ ਹੌਲੀ ਪੰਜਾਬ ਦੀ ਸਰਜ਼ਮੀਂ ਤੋਂ ਭਖਿਆ ਇਹ ਮਸਲਾ ਸਮੁੱਚੇ ਦੇਸ਼ ਦਾ ਬਣ ਗਿਆ ਹੈ ਤੇ ਇਸ ਨੂੰ ਹਰ ਤਬਕੇ ਤੋਂ ਭਰਪੂਰ ਸਮਰਥਨ ਮਿਲਣ ਨਾਲ ਇਹ ਕਿਸਾਨਾਂ ਦਾ ਹੀ ਮਸਲਾ ਨਾ ਰਹਿ ਕੇ ਸਮੁੱਚੀ ਮਨੁੱਖਤਾ ਦਾ ਮਸਲਾ ਬਣ ਗਿਆ ਹੈ। ਕਿਸਾਨ ਨੂੰ ਸਰਲ ਭਾਸ਼ਾ ਵਿੱਚ ਅੰਨਦਾਤੇ ਦਾ ਖ਼ਿਤਾਬ ਹਾਸਲ ਹੈ। ਅੰਨ ਤਾਂ ਹਰੇਕ ਨੇ ਹੀ ਖਾਣਾ ਹੈ ਅਤੇ ਇਹ ਹਰੇਕ ਦੀ ਮੁੱਢਲੀ ਜ਼ਰੂਰਤ ਵੀ ਹੈ। ਅਨਾਜ ਪੈਦਾ ਕਰਨ ਵਾਲੇ ਇਸ ਇਨਸਾਨ ਨੂੰ ਦਾਤਾ ਤਾਂ ਬਣਾ ਦਿੱਤਾ ਪਰ ਉਸਦੀ ਹਾਲਤ ਸੁਧਾਰਨ ਪੱਖੋਂ ਸਰਕਾਰ ਸਦਾ ਅਵੇਸਲੀ ਹੀ ਰਹੀ।

ਹਾੜੀ ਅਤੇ ਸਾਉਣੀ ਦੀਆਂ ਦੋਵਾਂ ਫ਼ਸਲਾਂ ਤੋਂ ਇਲਾਵਾ ਜਿੰਨੀਆਂ ਵੀ ਹੋਰ ਫ਼ਸਲਾਂ ਕਿਸਾਨ ਉਗਾਉਂਦਾ ਹੈ, ਉਹ ਸਾਰੀਆਂ ਹੀ ਕਾਫ਼ੀ ਹੱਦ ਤੱਕ ਕੁਦਰਤ 'ਤੇ ਵੀ ਨਿਰਭਰ ਹਨ। ਸਮੇਂ ਸਿਰ ਮੀਂਹ ਨਾ ਪਵੇ ਤਾਂ ਵੀ ਫ਼ਸਲਾਂ ਦੇ ਖ਼ਰਾਬ ਹੋਣ ਦਾ ਡਰ ਬਣਿਆ ਰਹਿੰਦਾ ਹੈ ਅਤੇ ਮੀਂਹ ਜ਼ਿਆਦਾ ਪੈਣ ਨਾਲ ਵੀ। ਫਿਰ ਗੜੇਮਾਰੀ ਤੇ ਤੇਜ਼ ਹਨੇਰੀ ਵੀ ਕਈ ਵਾਰ ਕਿਸਾਨ ਦੀ ਕੀਤੀ ਕਰਾਈ ਮਿਹਨਤ 'ਤੇ ਪਾਣੀ ਫੇਰ ਦਿੰਦੀ ਹੈ। ਭਾਵੇਂ ਹੁਣ ਫ਼ਸਲੀ ਬੀਮਾ ਯੋਜਨਾਵਾਂ ਵੀ ਸ਼ੁਰੂ ਹੋ ਗਈਆਂ ਹਨ ਪਰ ਫਿਰ ਵੀ ਕਿਸਾਨਾਂ ਦੇ ਨੁਕਸਾਨ ਦੀ ਭਰਪਾਈ ਨਹੀਂ ਹੁੰਦੀ।



ਸਰਕਾਰ ਨੇ ਕਿਸਾਨਾਂ ਦੀ ਭਲਾਈ ਲਈ ਸਵਾਮੀਨਾਥਨ ਕਮਿਸ਼ਨ ਬਣਾਇਆ ਸੀ ਜਿਸਨੇ ਕਿਸਾਨਾਂ ਦੇ ਹਿਤ ਪੂਰਨ ਲਈ ਯੋਗ ਸਿਫ਼ਾਰਸ਼ਾਂ ਕੀਤੀਆਂ ਸਨ ਪਰ ਸਰਕਾਰ ਨੇ ਉਹ ਰਿਪੋਰਟ ਲਾਗੂ ਕਰਨ ਦੀ ਬਜਾਏ ਠੰਢੇ ਬਸਤੇ ਵਿੱਚ ਪਾ ਦਿੱਤੀ ਤੇ ਉਸ ਉੱਪਰ ਵਿਚਾਰ ਤੱਕ ਵੀ ਨਾ ਕੀਤਾ ਗਿਆ। ਹੁਣ ਵਾਲੇ ਤਿੰਨ ਕਾਨੂੰਨ ਕਾਹਲੀ ਕਰਕੇ ਪਾਸ ਕਰਵਾਉਣਾ ਸਰਕਾਰ ਦੇ ਗਲੇ ਦੀ ਹੱਡੀ ਬਣ ਗਿਆ ਹੈ। ਮਜ਼ਦੂਰ ਤਾਂ ਪਹਿਲੇ ਦਿਨ ਤੋਂ ਹੀ ਕਿਸਾਨਾਂ ਦੇ ਨਾਲ ਤੁਰ ਪਏ ਸਨ। ਹੁਣ ਹਰ ਵਰਗ ਦੇ ਲੋਕ, ਨੌਜਵਾਨ, ਮੁਲਾਜ਼ਮ, ਔਰਤਾਂ-ਮਰਦ, ਅਧਿਆਪਕ, ਵਕੀਲ, ਟਰਾਂਸਪੋਰਟਰ, ਬੁੱਧੀਜੀਵੀ ਤੇ ਸਮਾਜ ਸੇਵਕ, ਗੀਤਕਾਰ ਤੇ ਗਾਇਕ ਸਭ ਇਸ ਸੰਘਰਸ਼ ਵਿੱਚ ਸ਼ਾਮਲ ਹੋ ਗਏ ਹਨ। ਸਮਾਜ ਦਾ ਕੋਈ ਵੀ ਵਰਗ ਅਜਿਹਾ ਨਹੀਂ ਹੈ ਜਿਸਨੇ ਕਿਸਾਨ ਸੰਘਰਸ਼ ਦੇ ਹੱਕ ਵਿੱਚ ਨਾਅਰਾ ਨਾ ਮਾਰਿਆ ਹੋਵੇ।

ਵਿਦੇਸ਼ਾਂ ਵਿੱਚ ਬੈਠੇ ਭਾਰਤੀ ਭਾਈਚਾਰੇ ਦੇ ਲੋਕ ਇਸ ਪ੍ਰਤੀ ਬਹੁਤ ਚਿੰਤਤ ਦਿਖਾਈ ਦੇ ਰਹੇ ਹਨ। ਸਰਦੀ ਦੇ ਇਸ ਮੌਸਮ ਵਿੱਚ ਸਰਕਾਰ ਨੇ ਜਿਸ ਤਰੀਕੇ ਨਾਲ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਿਆ, ਉਹਨਾਂ ਉੱਪਰ ਲਾਠੀਚਾਰਜ ਕੀਤਾ ਤੇ ਪਾਣੀ ਦੀਆਂ ਬੌਛਾੜਾਂ ਮਾਰੀਆਂ ਇਸਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ ਥੋੜੀ ਹੈ। ਵਿਸ਼ਵ ਭਾਈਚਾਰੇ ਨੇ ਇਸ ਕਾਰੇ ਦਾ ਬਹੁਤ ਬੁਰਾ ਮਨਾਇਆ ਹੈ। ਲੋਕਰਾਜ ਹਰ ਨਾਗਰਿਕ ਨੂੰ ਆਪਣੀਆਂ ਮੰਗਾਂ ਦੇ ਹੱਕ ਵਿੱਚ ਸ਼ਾਂਤਮਈ ਮੁਜ਼ਾਹਰੇ ਕਰਨ ਦੀ ਪੂਰੀ ਖੁੱਲ ਦਿੰਦਾ ਹੈ।

ਕਿਸਾਨ ਸੰਘਰਸ਼ ਦੇ ਨਾਮ ਤੇ ਸ਼ੁਰੂ ਹੋਏ ਇਸ ਅੰਦੋਲਨ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਸੰਨ 1975 ਦੌਰਾਨ ਸੰਕਟ ਕਾਲ ਦੀ ਵਿਵਸਥਾ ਸਮੇਂ ਜੈ ਪ੍ਰਕਾਸ਼ ਨਰਾਇਣ ਦੁਆਰਾ ਆਰੰਭਿਆ ਅੰਦੋਲਨ ਵੀ ਆਪਣੇ ਆਪ ਵਿੱਚ ਬਹੁਤ ਵੱਡਾ ਸੀ ਪਰ ਉਹ ਭਾਰਤ ਤਕ ਹੀ ਸੀਮਤ ਰਿਹਾ ਸੀ। ਜਦੋਂ ਕਿ 2012 ਵਿੱਚ ਅੰਨਾ ਹਜ਼ਾਰੇ ਦੁਆਰਾ ਵਿੱਢਿਆ ਅੰਦੋਲਨ ਭਾਵੇਂ ਪ੍ਰਸਿੱਧੀ ਤਾਂ ਬਹੁਤ ਖੱਟ ਗਿਆ ਸੀ ਪਰ ਉਹ ਦਿੱਲੀ ਦੇ ਆਲ਼ੇ ਦੁਆਲੇ ਤਕ ਹੀ ਸੀਮਤ ਰਿਹਾ ਸੀ। ਪਰ ਇਹ ਕਿਸਾਨ ਸੰਘਰਸ਼ ਅੰਤਰਰਾਸ਼ਟਰੀ ਮੁੱਦਾ ਬਣ ਗਿਆ ਹੈ। ਕੈਨੇਡਾ, ਅਮਰੀਕਾ, ਇੰਗਲੈਂਡ ਤੇ ਯੂ ਐੱਨ ਓ ਤਕ ਨੇ ਇਸਦੇ ਹੱਕ ਵਿੱਚ ਹੁੰਗਾਰਾ ਭਰਿਆ ਹੈ। ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ ਨੂੰ ਵੱਖਵਾਦੀ ਤੇ ਅੱਤਵਾਦੀ ਅਨਸਰਾਂ ਨਾਲ ਜੋੜਨ ਦੀਆਂ ਖ਼ਬਰਾਂ ਭਾਵੇਂ ਨਸ਼ਰ ਹੋਈਆਂ ਹਨ ਪਰ ਇਸਦੇ ਸੂਝਵਾਨ ਪ੍ਰਬੰਧਕਾਂ ਨੇ ਇਸ ਨੂੰ ਕਿਸਾਨੀ 'ਤੇ ਹੀ ਕੇਂਦਰਿਤ ਰੱਖ ਕੇ ਰਾਜਨੀਤਕ ਲੀਡਰਾਂ ਨੂੰ ਵੀ ਨੇੜੇ ਨਹੀਂ ਫਟਕਣ ਦਿੱਤਾ। ਇਹ ਇਸ ਅੰਦੋਲਨ ਦੀ ਵਿਸ਼ੇਸ਼ ਮਹੱਤਤਾ ਰਹੀ ਹੈ। ਪ੍ਰਬੰਧਕ ਵਾਰ ਵਾਰ ਬੇਨਤੀਆਂ ਕਰਦੇ ਨਜ਼ਰ ਆ ਰਹੇ ਹਨ ਤਾਂ ਕਿ ਕੋਈ ਗ਼ਲਤ ਅਨਸਰ ਇਸ ਵਿੱਚ ਸ਼ਾਮਲ ਨਾ ਹੋ ਜਾਵੇ। ਹਰਿਆਣਾ ਸਰਕਾਰ ਵੱਲੋਂ ਸੜਕਾਂ ਤੋੜ ਕੇ ਇਸ ਨੂੰ ਰੋਕਣ ਵਿੱਚ ਗ਼ਲਤ ਰਵਾਇਤਾਂ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਹੈ ਜੋ ਨਿੰਦਣਯੋਗ ਹਨ।

ਜਿਨਾਂ ਕਾਨੂੰਨਾਂ ਵਿਰੁੱਧ ਕਿਸਾਨਾਂ ਨੇ ਇਹ ਸੰਘਰਸ਼ ਵਿੱਢਿਆ ਹੈ ਅਸਲ ਵਿੱਚ ਉਹ ਸਮੁੱਚੇ ਉਪਭੋਗਤਾਵਾਂ ਦੇ ਮਸਲੇ ਹਨ। ਇਨਾਂ ਦਾ ਸਬੰਧ ਰੋਟੀ, ਕੱਪੜਾ, ਮਕਾਨ, ਸਿਹਤ, ਸਿੱਖਿਆ, ਸੁਚੱਜਾ ਵਾਤਾਵਰਣ ਅਤੇ ਸੁਚੱਜੇ ਜੀਵਨ ਨਾਲ ਹੈ। ਅਨਾਜ ਹਰ ਪ੍ਰਾਣੀ ਦੀ ਲੋੜ ਹੈ। ਇਹ ਹੁਣ ਤੱਕ ਜ਼ਰੂਰੀ ਵਸਤਾਂ ਦੀ ਸੂਚੀ ਵਿੱਚ ਰਿਹਾ ਹੈ। ਇਨਾਂ ਕਾਨੂੰਨਾਂ ਰਾਹੀਂ ਇਸ ਨੂੰ ਜ਼ਰੂਰੀ ਲੋੜਾਂ ਵਿੱਚੋਂ ਕੱਢ ਕੇ ਕਾਰਪੋਰੇਟ ਘਰਾਣਿਆਂ ਦੀ ਜਮਾਖ਼ੋਰੀ ਦਾ ਸਾਧਨ ਬਣਾ ਦਿੱਤਾ ਗਿਆ ਹੈ ਜਿਸ ਨਾਲ ਉਹ ਮਾਰਕੀਟ ਵਿੱਚ ਬਣਾਉਟੀ ਕਮੀ ਪੈਦਾ ਕਰਕੇ ਜਦੋਂ ਚਾਹੁਣ ਲੋਕਾਂ ਨੂੰ ਲੁੱਟ ਸਕਦੇ ਹਨ। ਟਮਾਟਰ, ਪਿਆਜ਼ ਤੇ ਆਲੂ ਇਸੇ ਕਾਰਨ ਹੁਣ ਤੋਂ ਹੀ ਮਹਿੰਗੇ ਹੋਣੇ ਸ਼ੁਰੂ ਹੋ ਗਏ ਹਨ। ਲੋਕਰਾਜ ਵਿੱਚ ਆਮ ਲੋਕਾਂ ਨੂੰ ਪਹਿਲ ਦਿੱਤੀ ਜਾਂਦੀ ਹੈ ਪਰ ਸਰਕਾਰ ਕੇਵਲ ਕਾਰਪੋਰੇਟ ਘਰਾਣਿਆਂ ਦੀ ਹੀ ਚਿੰਤਾ ਕਰ ਰਹੀ ਹੈ। ਖੇਤੀ ਰਾਜਾਂ ਦਾ ਵਿਸ਼ਾ ਹੈ, ਇਸ ਨਾਲ ਸਬੰਧਤ ਰਾਜ ਸਰਕਾਰਾਂ ਹੀ ਚੰਗੇ ਕਾਨੂੰਨ ਬਣਾ ਸਕਦੀਆਂ ਹਨ। ਫੈਡਰਲ ਢਾਂਚਾ ਕੇਂਦਰ ਤੇ ਰਾਜਾਂ ਵਿੱਚ ਅੱਛਾ ਸੰਤੁਲਨ ਚਾਹੁੰਦਾ ਹੈ। ਇਸੇ ਲਈ ਹੀ ਚਿਰਾਂ ਤੋਂ ਰਾਜਾਂ ਲਈ ਵਧੇਰੇ ਅਧਿਕਾਰਾਂ ਦੀ ਮੰਗ ਵੀ ਉੱਠਦੀ ਰਹੀ ਹੈ। ਪਰ ਇਸ ਕਰੋਨਾ ਕਾਲ ਦੇ ਸਮੇਂ ਸਰਕਾਰ ਨੇ ਲੁਕਵੇਂ ਤਰੀਕੇ ਨਾਲ ਰਾਜਾਂ ਦੀ ਸੰਘੀ ਘੁੱਟ ਕੇ ਸਾਰੇ ਅਧਿਕਾਰ ਆਪਣੀ ਮੁੱਠੀ ਵਿੱਚ ਜਕੜਨ ਦੀ ਕੋਸ਼ਿਸ਼ ਕੀਤੀ ਹੈ, ਜੋ ਲੋਕਰਾਜ ਲਈ ਨੁਕਸਾਨਦੇਹ ਹੈ।

ਕਿਸਾਨ ਸੰਘਰਸ਼ ਹੁਣ ਪੂਰੀ ਤਰਾਂ ਮਨੁੱਖਤਾ ਦਾ ਸੰਘਰਸ਼ ਬਣ ਚੁੱਕਾ ਹੈ ਤੇ ਹਰ ਵਰਗ ਦੇ ਲੋਕ ਇਸ ਵਿੱਚ ਸ਼ਾਮਲ ਹੋ ਚੁੱਕੇ ਹਨ। ਦੇਸ਼ ਦੀ ਸੁਪਰੀਮ ਕੋਰਟ ਦੀ ਬਾਰ ਐਸੋਸੀਏਸ਼ਨ ਨੇ ਪਹਿਲੀ ਵਾਰ ਕਿਸੇ ਅੰਦੋਲਨ ਦਾ ਸਹਿਯੋਗ ਕੀਤਾ ਹੈ। ਵੱਖ ਵੱਖ ਬਾਰ ਐਸੋਸੀਏਸ਼ਨਾਂ ਇਸ ਨੂੰ ਸਮਰਥਨ ਦੇ ਰਹੀਆਂ ਹਨ। ਬੁੱਧੀਜੀਵੀ, ਖਿਡਾਰੀ, ਸਾਹਿਤਕਾਰ, ਨੇਤਾ ਤੇ ਅਭਿਨੇਤਾ ਆਪਣੀ ਸ਼ਮੂਲੀਅਤ ਅਤੇ ਸਹਿਯੋਗ ਦਰਸਾਉਣ ਲਈ ਪਦਮ ਸ਼੍ਰੀ, ਤੇ ਇਸ ਵਰਗੇ ਮਾਣ ਸਮਾਨ ਵਾਪਸ ਕਰ ਰਹੇ ਹਨ ਪਰ ਸਰਕਾਰ ਹੈ ਕਿ ਆਪਣੀ ਅੜੀ 'ਤੇ ਅੜੀ ਹੋਈ ਹੈ। ਮਜਬੂਰਨ ਕਿਸਾਨਾਂ ਨੂੰ ਭੁੱਖ ਹੜਤਾਲ ਅਰੰਭਣੀ ਪਈ ਹੈ। ਬੜੀ ਸ਼ਰਮਨਾਕ ਗੱਲ ਹੈ ਕਿ ਦੂਸਰਿਆਂ ਦਾ ਢਿੱਡ ਭਰਨ ਵਾਲੇ ਨੂੰ ਭੁੱਖਾ ਰਹਿਣਾ ਪੈ ਰਿਹਾ ਹੈ। ਲੋਕ ਹੀ ਸਰਕਾਰਾਂ ਬਣਾਉਂਦੇ ਤੇ ਪਲਟਾਉਂਦੇ ਹਨ। ਅੜੀ ਛੱਡ ਕੇ ਸਰਕਾਰ ਨੂੰ ਲੋਕਭਾਵਨਾ ਸਮਝਦੇ ਹੋਏ ਕਿਸਾਨਾਂ ਦੇ ਸ਼ਾਂਤਮਈ ਅੰਦੋਲਨ ਦੀ ਇੱਜ਼ਤ ਕਰਦੇ ਹੋਏ ਉਨਾਂ ਦੀਆਂ ਮੰਗਾਂ ਮੰਨ ਕੇ ਆਪਣਾ ਵਡੱਪਣ ਦਿਖਾਉਣਾ ਚਾਹੀਦਾ ਹੈ। ਲੋਕ ਰਾਇ ਦੀ ਕਦਰ ਹੀ ਲੋਕਰਾਜ ਦੀ ਸਫਲਤਾ ਤੇ ਖ਼ੁਸ਼ਹਾਲੀ ਦਾ ਅਧਾਰ ਹੁੰਦਾ ਹੈ। ਬਾਬੇ ਗੁਰੂ ਨਾਨਕ ਨੇ ਸਾਨੂੰ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦਾ ਉਪਦੇਸ਼ ਦਿੱਤਾ ਹੈ। ਮਿਹਨਤਕਸ਼ ਲਾਲੋਆਂ ਦੀ ਮਿਹਨਤ 'ਤੇ ਡਾਕਾ ਮਾਰਨ ਵਾਲੇ ਮਲਿਕ ਭਾਗੋ ਭਾਰਤੀ ਸੰਸਕ੍ਰਿਤੀ ਦੇ ਅਨੁਕੂਲ ਨਹੀਂ ਹਨ।

---

# ਧਰਮ ਤੇ ਕੌਮੀ ਰਾਜਨੀਤੀ ਦੀ ਮਾਰ



**- ਸੰਜੀਵ ਸਿੰਘ ਝੱਜ**
**ਸ੍ਰੀ ਅਨੰਦਪੁਰ ਸਾਹਿਬ, 9815150542**

ਅਜੋਕੇ ਸਮੇਂ ਦੀ ਰਾਜਨੀਤੀ ਸਿਰਫ਼ ਅਤੇ ਸਿਰਫ਼ ਭਾਵਨਾਵਾਂ ਤੇ ਖੇਡੀ ਜਾ ਰਹੀ ਹੈ। ਭਾਵਨਾਵਾਂ ਦੇ ਆਵੇਗ ਵਿੱਚ ਸਿਰਫ਼ ਨੁਕਸਾਨ ਹੀ ਪੱਲੇ ਪੈਂਦਾ ਹੈ। ਆਪਣੇ ਮੁਲਖ ਦੀ ਰਾਜਨੀਤੀ ਨੇ ਜਿੰਨਾ ਘਾਣ ਲੋਕਤੰਤਰ ਦਾ ਕੀਤਾ ਹੈ ਸ਼ਾਇਦ ਕੁਝ ਗਿਣੇ ਚੁਣਵੇਂ ਮੁਲਖਾਂ ਤੋਂ ਇਲਾਵਾ ਪੂਰੇ ਸੰਸਾਰ ਵਿੱਚ ਇਸ ਦੀ ਤਸਵੀਰ ਕਿਧਰੇ ਹੋਰ ਵੇਖਣ ਨੂੰ ਨਹੀਂ ਮਿਲਦੀ।

ਜੋ ਰੂਪ ਰੇਖਾ ਰਾਜਨੀਤੀ ਦੀ ਰਾਜਨੀਤਿਕ ਲੋਕਾਂ ਵੱਲੋਂ ਘੜ ਦਿੱਤੀ ਗਈ ਹੈ ਉਸ ਦਾ ਮਕਸਦ ਕੇਵਲ ਆਪਣੇ ਸਵਾਰਥੀ ਭਾਵ ਦੀ ਤਰਜਮਾਨੀ ਕਰਨਾ ਹੀ ਰਹਿ ਗਿਆ ਹੈ। ਆਮ ਜਨਤਾ ਦੀਆਂ ਭਾਵਨਿਕ ਕਦਰਾਂ ਕੀਮਤਾਂ ਨੂੰ ਕਿਸ ਕਦਰ ਵਰਤਿਆ ਜਾ ਰਿਹਾ ਹੈ ਕਿ ਦੇਖ ਸੁਣ ਕੇ ਇਕ ਕਿਆਸ ਸਹਿਜੇ ਹੀ ਲੱਗ ਜਾਂਦਾ ਹੈ, ਬਈ ਘੱਟੋ ਘੱਟ 50 ਸਾਲ ਗੰਦੀ ਸਿਆਸਤ ਦਾ ਸੰਤਾਪ ਸ਼ਾਇਦ ਜਨਤਾ ਲਈ ਹੋਰ ਭੋਗਣਾ ਬਾਕੀ ਹੈ। ਰਾਜਨੀਤਿਕ ਖੇਤਰ ਸਿਰਫ਼ ਤੇ ਸਿਰਫ਼ ਆਪਣਾ ਕੈਰੀਅਰ ਬਣਾਉਣ ਲਈ ਵਰਤਿਆ ਜਾ ਰਿਹਾ ਹੈ। ਸਿੱਟੇ ਵਜੋਂ ਭ੍ਰਿਸ਼ਟਾਚਾਰ ਸਿਸਟਮ ਦੀਆਂ ਜੜਾਂ ਵਿੱਚ ਬੈਠ ਗਿਆ ਹੈ।

**ਧਰਮ ਤੇ ਰਾਜਨੀਤੀ**

ਆਮ ਇਨਸਾਨ ਦੀਆਂ ਮੁਸ਼ਕਿਲਾਂ ਪੰਜਾਹ ਸਾਲ ਪਹਿਲਾਂ ਵੀ ਉਹੀ ਸਨ ਤੇ ਅੱਜ ਵੀ ਉਨਾਂ 'ਚ ਕੋਈ ਖ਼ਾਸ ਬਦਲਾਅ ਨਹੀਂ ਆਇਆ ਹੈ। ਸੰਸਾਰ ਪੱਧਰ ਤੇ ਵੇਖੀਏ ਤਾਂ ਬਹੁਤ ਹੈਰਾਨੀ ਹੁੰਦੀ ਹੈ ਕੁਝ ਕੁ ਦੇਸ਼ ਐਸੇ ਨੇ ਜੋ ਅੱਜ ਤੋਂ ਲਗਭਗ ਤੀਹ ਚਾਲੀ ਸਾਲ ਪਹਿਲਾਂ ਹੀ ਅਜ਼ਾਦ ਹੋਏ ਨੇ ਪਰ ਉਹਨਾਂ ਦੀ ਵਿਕਾਸ ਦਰ ਸਾਡੇ ਦੇਸ਼ ਨਾਲੋਂ ਕਿਤੇ ਅੱਗੇ ਹੈ। ਇੰਡੀਆ ਦੀ ਹਾਲਤ ਵਿਗਾੜਨ ਵਿੱਚ ਆਮ ਜਨਤਾ ਦਾ ਵੀ ਉਨਾਂ ਹੀ ਹੱਥ ਹੈ ਜਿੰਨਾ ਰਾਜਨੀਤਿਕ ਲੋਕਾਂ ਦਾ ਹੈ। ਭ੍ਰਿਸ਼ਟਾਚਾਰ ਨੂੰ ਜੜਾਂ ਲਾਉਣ ਵਿੱਚ ਵੋਟਰ ਅਤੇ ਸਰਕਾਰਾਂ ਦਾ ਬਰਾਬਰ ਦਾ ਹੱਥ ਹੈ। ਦਿਮਾਗ਼ ਦੀ ਬਜਾਏ ਦਿਲ ਤੋਂ ਲੀਡਰ ਚੁਣਨ ਦਾ ਫ਼ੈਸਲਾ ਸਾਡੇ ਖ਼ੂਨ ਵਿਚ ਵੜ ਚੁਕਾ ਹੈ। ਕੋਈ ਧਰਮ ਦੇ ਨਾਮ ਤੇ, ਕੋਈ ਕੌਮ, ਜਾਤ ਦੇ ਨਾਮ ਤੇ, ਕੋਈ ਇਲਾਕੇਦਾਰੀ ਦੇ ਨਾਮ ਤੇ, ਕੋਈ ਪਹਿਰਾਵੇ ਦੇ ਨਾਮ ਤੇ ਵੋਟ ਪਾ ਕੇ ਲੋਕਤੰਤਰ ਦਾ ਮਜ਼ਾਕ ਉਡਾ ਰਿਹਾ ਹੈ ਅਤੇ ਇਸਦਾ ਕੋਈ ਯੋਗ ਹੱਲ ਨਿਕਲਦਾ ਵੀ ਕਿਧਰੇ ਨਜ਼ਰ ਨਹੀਂ ਆ ਰਿਹਾ।

ਮੇਰਾ ਨਿੱਜੀ ਖ਼ਿਆਲ ਹੈ ਕਿ ਕੇਵਲ ਮਿਆਰੀ ਸਿੱਖਿਆ ਹੀ ਇਸ ਦਾ ਇੱਕੋ ਇੱਕ ਹੱਲ ਹੈ। ਜਦੋਂ ਤੱਕ ਬੱਚਿਆਂ ਨੂੰ ਯੋਗ ਅਗਵਾਈ ਹੇਠ ਖ਼ੁਦਮੁਖ਼ਤਿਆਰੀ ਨਹੀਂ ਦਿੱਤੀ ਜਾਂਦੀ, ਆਪਣੇ ਫ਼ੈਸਲੇ ਆਪ ਕਰਨ ਦੀ ਆਜ਼ਾਦੀ ਨਹੀਂ ਦਿੱਤੀ ਜਾਂਦੀ, ਵਧੀਆ ਸਿੱਖਿਆ ਨਹੀਂ ਦਿੱਤੀ ਜਾਂਦੀ, ਇਸ ਦੇਸ਼ ਦੇ ਹਾਲਾਤ ਨਹੀਂ ਸੁਧਰ ਸਕਦੇ। ਲੋਕਤੰਤਰ ਦੇ ਅਰਥ ਸਮਝਣੇ ਇੱਕ ਵੋਟਰ ਲਈ ਬਹੁਤ ਹੀ ਜ਼ਰੂਰੀ ਹਨ। ਜੇਕਰ ਆਪਾਂ ਨੂੰ ਇਸਦੇ ਅਰਥ ਨਹੀਂ ਪਤਾ ਅਤੇ ਸਾਡੇ ਲੋਕਤੰਤਰੀ ਅਧਿਕਾਰ ਕੀ ਕੀ ਨੇ ? ਨਹੀਂ ਪਤਾ ਫਿਰ ਸੱਚ ਜਾਣਿਓ ਅਸੀਂ ਇੱਕ ਚਾਬੀ ਵਾਲੇ ਖਿਡੌਣੇ ਤੋਂ ਜ਼ਿਆਦਾ ਹੋਰ ਕੁਝ ਨਹੀਂ।

ਕੋਈ ਵੀ ਸਰਕਾਰ ਜਾਂ ਰਾਜਨੀਤਿਕ ਚਿਹਰਾ ਐਸਾ ਨਹੀਂ ਜਾਪਦਾ ਜੋ ਇਸ ਦੇਸ਼ ਦੀ ਹਾਲਤ ਸੁਧਾਰ ਸਕੇ। ਸੱਚ ਜਾਣਿਓ ਵਾਕੇ ਈ ਕੋਈ ਸਰਕਾਰ ਜਾਂ ਲੀਡਰ ਇਸ ਦੇਸ਼ ਦੀ ਤਕਦੀਰ ਨਹੀਂ ਬਦਲ ਸਕਦਾ।

ਇਹ ਸਾਰੇ ਚਮਤਕਾਰ ਪੜੇ ਲਿਖੇ ਸੂਝਵਾਨ ਵੋਟਰ ਹੀ ਕਰ ਸਕਦੇ ਹਨ ਹੋਰ ਕਿਸੇ ਦੇ ਹੱਥ ਵੱਸ ਕੁਝ ਨਹੀਂ। ਜੇਕਰ ਆਪਣੇ ਬੱਚਿਆਂ ਦਾ ਵਧੀਆ ਭਵਿੱਖ ਲੋਚਦੇ ਹੋ ਤਾਂ ਮੰਦਿਰਾਂ, ਮਸਜਿਦਾਂ, ਮੱਝਾਂ-ਗਾਵਾਂ, ਭਾਸ਼ਾਵਾਂ, ਗਵਾਂਢੀ ਦੇਸ਼ਾਂ, ਸੈਨਾ ਅਤੇ ਧਰਮ, ਕੌਮ ਦੀ ਰਾਜਨੀਤੀ ਨੂੰ ਨਕਾਰੋ ਨਹੀਂ ਆਉਣ ਵਾਲੀ ਪੀੜੀ ਦਾ ਦਰਦਨਾਕ ਅੰਤ ਦੇਖਣ ਲਈ ਤਿਆਰ ਹੋ ਜਾਵੋ।

# ਕ੍ਰਿਸਮਿਸ ਨੂੰ ਜਦੋਂ ਈਸਾਈਆਂ ਨੇ ਬਰਤਾਨੀਆ ਅਤੇ ਅਮਰੀਕਾ ਵਿੱਚ ਬੈਨ ਕੀਤਾ ਸੀ





14ਵੀਂ ਸਦੀ ਦੀ ਤਸਵੀਰ ਜਿਸ ਵਿੱਚ ਈਸਾਈ ਧਰਮ ਦੇ ਕੱਟੜ ਸ਼ਰਧਾਲੂਆਂ ਨੂੰ ਇੰਗਲੈਂਡ ਤੋਂ ਬਾਹਰ ਜਾਂਦੇ ਦਿਖਾਇਆ ਗਿਆ ਹੈ। ਕੱਟੜ ਈਸਾਈ ਸਖ਼ਤ ਨਿਯਮਾਂ ਦੀ ਪਾਲਣਾ ਕਰਦੇ ਸਨ। ਇੱਕ ਅਜਿਹਾ ਵੀ ਸਮਾਂ ਸੀ ਜਦੋਂ ਅੰਗਰੇਜ਼ਾਂ ਨੂੰ ਲੱਗਿਆ ਕਿ ਗੈਰ-ਈਸਾਈ ਗਤੀਵਿਧੀਆਂ ਖ਼ਿਲਾਫ਼ ਕੁਝ ਕਰਨਾ ਚਾਹੀਦਾ ਹੈ। ਦਸੰਬਰ ਦੇ ਆਖ਼ਰ 'ਤੇ ਬਣਨ ਵਾਲਾ ਅਨੈਤਿਕ ਕਿਸਮ ਦਾ ਵਿਹਾਰ ਹਰ ਸਾਲ ਜਨਤਾ ਨੂੰ ਜਕੜ ਲੈਂਦਾ ਸੀ। ਅਜਿਹੇ ਵਿੱਚ ਕੁਝ ਨਾ ਕੁਝ ਤਾਂ ਜ਼ਰੂਰ ਹੋਣਾ ਚਾਹੀਦਾ ਸੀ। ਲੋਕ ਕੁਝ ਅਜਿਹੇ ਜੋਸ਼ ਵਿੱਚ ਆ ਜਾਂਦੇ ਹਨ ਅਤੇ ਈਸਾਈਆਂ ਦੇ ਮਿਆਰ ਤੋਂ ਬੇਹੱਦ ਹੇਠਲੇ ਦਰਜੇ ਦਾ ਵਿਹਾਰ ਕਰਦੇ ਸਨ। ਈਸਾਈ, ਸ਼ਰਾਬੀਆਂ ਨਾਲ ਭਰ ਜਾਂਦੇ, ਦੁਕਾਨਾਂ ਅਤੇ ਕਾਰੋਬਾਰ ਸਮੇਂ ਤੋਂ ਪਹਿਲਾਂ ਬੰਦ ਹੋ ਜਾਂਦੇ, ਦੋਸਤ ਅਤੇ ਪਰਿਵਾਰ ਮਿਲ ਕੇ ਬਾਹਰ ਖਾਣਾ ਖਾਂਦੇ, ਘਰਾਂ ਨੂੰ ਪੱਤਿਆਂ ਅਤੇ ਫੁੱਲਾਂ ਨਾਲ ਸਜਾਇਆ ਜਾਂਦਾ ਅਤੇ ਗਲੀਆਂ ਵਿੱਚ ਨੱਚਣ-ਗਾਉਣ ਲੱਗਿਆ ਰਹਿੰਦਾ ਸੀ। ਇਹ ਸਾਰਾ ਕੁਝ ਹੁਣ ਭਾਵੇਂ ਆਮ ਲਗਦਾ ਹੋਵੇ ਪਰ ਉਸ ਸਮੇਂ ਅਧਰਮੀ ਮੰਨਿਆ ਜਾਂਦਾ ਸੀ ਪਰ ਇਹ ਸਾਰੇ ਕ੍ਰਿਸਮਿਸ ਭਾਵ ਵੱਡੇ ਦਿਨ ਦੇ ਜਸ਼ਨਾਂ ਵਜੋਂ ਕੀਤਾ ਜਾਂਦਾ ਸੀ।

**ਸੱਚਾ ਈਸਾਈ ਕੌਣ ਹੈ ?**

1644 ਵਿੱਚ ਈਸਾਈ ਧਰਮ ਵਿੱਚ ਬਹੁਤ ਸ਼ਰਧਾ ਰੱਖਣ ਵਾਲੇ ਅੰਗਰੇਜ਼ਾਂ ਨੇ ਵੱਡਾ ਦਿਨ ਮਨਾਉਣ ਦੀ ਰਵਾਇਤ ਖ਼ਤਮ ਕਰਨ ਦਾ ਫ਼ੈਸਲਾ ਲਿਆ। ਇਹ ਪ੍ਰੋਟੈਸਟੈਂਟ ਈਸਾਈ ਸਨ। ਈਸਾਈ ਮਤ ਵਿੱਚ ਬਹੁਤ ਸ਼ਰਧਾਲੂ ਪੇਗਨ ਰਵਾਇਤਾਂ ਮੁਤਾਬਕ ਕ੍ਰਿਸਮਿਸ ਮਨਾਉਂਦੇ ਸਨ। ਪਿਊਰਿਟਨ (ਸ਼ੁੱਧਤਾਵਾਦੀ) ਸਰਕਾਰ ਕ੍ਰਿਸਮਿਸ ਨੂੰ ਗੈਰ-ਕਾਨੂੰਨੀ ਤਿਉਹਾਰ ਸਮਝਦੀ ਸੀ ਕਿਉਂਕਿ ਬਾਈਬਲ ਵਿੱਚ ਇਸ ਗੱਲ ਦਾ ਕੋਈ ਨਹੀਂ ਹੈ ਕਿ ਈਸਾ ਦਾ ਜਨਮ 25 ਦਸੰਬਰ ਨੂੰ ਹੀ ਹੋਇਆ ਸੀ। 25 ਦਸੰਬਰ ਦੇ ਦਿਨ ਦੁਕਾਨਾਂ ਅਤੇ ਬਾਜ਼ਾਰਾਂ ਨੂੰ ਧੱਕੇ ਨਾਲ ਖੁੱਲਾ ਰੱਖਿਆ ਜਾਂਦਾ ਸੀ ਅਤੇ ਗਿਰਜਾਘਰਾਂ ਦੇ ਦਰਵਾਜ਼ੇ ਬੰਦ ਰੱਖੇ ਜਾਂਦੇ ਸਨ। ਕ੍ਰਿਸਮਿਸ ਦੇ ਦਿਨ ਗਿਰਜਾਘਰਾਂ ਵਿੱਚ ਪ੍ਰਾਰਥਨਾ ਸਭਾ ਕਰਨਾ ਗੈਰ-ਕਾਨੂੰਨੀ ਸੀ। ਇਹ ਪਾਬੰਦੀ ਆਸਾਨੀ ਨਾਲ ਸਵੀਕਾਰ ਨਹੀਂ ਕੀਤੀ ਗਈ। ਪੀਣਾ, ਖ਼ੁਸ਼ੀ ਮਨਾਉਣ ਅਤੇ ਸੰਗੀਤ ਵਿੱਚ ਡੁੱਬ ਕੇ ਨੱਚਣ-ਗਾਉਣ ਦੀ ਆਜ਼ਾਦੀ ਲਈ ਵਿਰੋਧ ਪ੍ਰਦਰਸ਼ਨ ਕੀਤੇ ਜਾਣ ਲੱਗੇ।

ਜਦੋਂ ਚਾਰਲਸ ਦੂਜੇ ਨੇ ਰਾਜਗੱਦੀ ਸੰਭਾਲੀ ਤਾਂ ਵੱਡੇ ਦਿਨ ਨੂੰ ਗੈਰ-ਕਾਨੂੰਨੀ ਕਰਾਰ ਦੇਣ ਵਾਲਾ ਕਾਨੂੰਨ ਵਾਪਸ ਲਿਆ ਗਿਆ। ਵੱਡੇ ਦਿਨ ਨੂੰ ਅਮਰੀਕੀ ਕੱਟੜਪੰਥੀ ਵੀ ਟੇਢੀ ਨਜ਼ਰ ਨਾਲ ਹੀ ਦੇਖਦੇ ਸਨ। ਅਮਰੀਕਾ ਵਿੱਚ ਵੀ ਇਸ ਤਿਉਹਾਰ 'ਤੇ ਪਾਬੰਦੀ ਲਾ ਦਿੱਤੀ ਗਈ। ਮੈਸਾਚਿਊਸਿਟਸ ਵਿੱਚ ਸਾਲ 1659 ਤੋਂ 1681 ਤੱਕ ਕ੍ਰਿਸਮਿਸ ਨਹੀਂ ਮਨਾਇਆ ਗਿਆ। ਕਾਰਨ ਉਹੀ ਸਨ ਜੋ ਇੰਗਲੈਂਡ ਵਿੱਚ ਸਨ।

**ਈਸਾ ਦਾ ਜਨਮ : ਪੋਹ ਕਿ ਵਿਸਾਖ ?**

ਈਸਾ ਦਾ ਜਨਮ ਕਦੋਂ ਹੋਇਆ, ਇਸ ਬਾਰੇ ਇੱਕ ਰਾਏ ਨਹੀਂ ਹੈ। ਕੁਝ ਧਰਮ ਸ਼ਾਸਤਰੀ ਮੰਨਦੇ ਹਨ ਕਿ ਉਨਾਂ ਦਾ ਜਨਮ ਵਿਸਾਖ ਵਿੱਚ ਹੋਇਆ। ਬਾਈਬਲ ਵਿੱਚ ਇਸ ਗੱਲ ਦਾ ਜ਼ਿਕਰ ਹੈ ਕਿ ਜਦੋਂ ਈਸਾ ਦਾ ਜਨਮ ਹੋਇਆ ਤਾਂ ਵਾਘੀ ਘਾਹ ਦੇ ਮੈਦਾਨਾਂ ਵਿੱਚ ਆਪਣੇ ਪਸ਼ੂਆਂ ਦੀ ਸੰਭਾਲ ਕਰ ਰਹੇ ਸਨ। ਜੇ ਠੰਡ ਹੁੰਦੀ ਤਾਂ ਉਹ ਕਿਤੇ ਸ਼ਰਨ ਲੈ ਕੇ ਬੈਠੇ ਹੁੰਦੇ। ਜੇ ਇਹ ਭੇਡਾਂ ਦੇ ਨਵੇਂ ਹੋਣ ਦਾ ਸਮਾਂ ਹੁੰਦਾ ਤਾਂ ਉਹ ਨਵੀਆਂ ਹੋ ਚੁੱਕੀਆਂ ਭੇਡਾਂ ਨੂੰ ਦੂਸਰੀਆਂ ਤੋਂ ਵੱਖਰੀਆਂ ਕਰਨ ਵਿੱਚ ਰੁੱਝੇ ਹੁੰਦੇ। ਭੇਡਾਂ ਲਈ ਇਹ ਸਮਾਂ ਪਤਝੜ ਦਾ ਹੁੰਦਾ ਹੈ। ਪਰ ਬਾਈਬਲ ਵਿੱਚ ਈਸਾ ਦੇ ਜਨਮ ਦਾ ਕੋਈ ਦਿਨ ਦੱਸਿਆ ਹੀ ਨਹੀਂ ਗਿਆ। ਪੈਗਨ ਪਰੰਪਰਾ ਅਸੀਂ ਜਾਣਦੇ ਹਾਂ ਕਿ ਰੋਮਨ ਕਾਲ ਤੋਂ ਹੀ ਦਸੰਬਰ ਦੇ ਅਖੀਰ ਵਿੱਚ ਪੇਗਨ (ਮੂਰਤੀ ਪੂਜਕ) ਪਰੰਪਰਾ ਵਜੋਂ ਖ਼ੂਬ ਜਸ਼ਨ ਮਨਾਉਣ ਦੀ ਰਵਾਇਤ ਰਹੀ ਹੈ।

ਅਸਲ ਵਿੱਚ ਇਹ ਫ਼ਸਲ ਕਟਾਈ ਦਾ ਤਿਉਹਾਰ ਸੀ। ਜਿਸ ਵਿੱਚ ਤੋਹਫ਼ਿਆਂ ਦਾ ਲੈਣ-ਦੇਣ ਕੀਤਾ ਜਾਂਦਾ, ਘਰਾਂ ਨੂੰ ਹਾਰਾਂ ਨਾਲ ਸਜਾਇਆ ਜਾਂਦਾ। ਖ਼ੂਬ ਖਾਣਾ ਖਾਧਾ ਜਾਂਦਾ ਅਤੇ ਸ਼ਰਾਬਾਂ ਪੀਤੀਆਂ ਜਾਂਦੀਆਂ।

ਇਤਿਹਾਸਕਾਰ ਸਾਈਮਨ ਸੇਬਗ ਮੋਂਟਿਫਓਰ ਦੇ ਮੁਤਾਬਕ, ਸ਼ੁਰੂ ਵਿੱਚ ਨਵੇਂ ਬਣੇ ਈਸਾਈ ਗੈਰ-ਈਸਾਈਆਂ ਵਾਲੀ ਹੀ ਮਸਤੀ ਕਰਨ ਦੇ ਇੱਛੁਕ ਰਹਿੰਦੇ ਸਨ। ਰੋਮਨਾਂ ਨੇ ਹੌਲੀ-ਹੌਲੀ ਮੂਰਤੀ ਪੂਜਾ ਛੱਡ ਦਿੱਤੀ ਅਤੇ ਈਸਾਈ ਧਰਮ ਅਪਣਾ ਲਿਆ। ਹੌਲੀ-ਹੌਲੀ ਪੇਗਨ ਕਲੰਡਰ ਵੀ ਈਸਾਈ ਕਲੰਡਰ ਨਾਲ ਸਹਿਮਤ ਹੋ ਗਿਆ। ਇੱਕ ਸਮੇਂ ਤੱਕ ਰੋਮਨ ਦੋਹਾਂ ਰਵਾਇਤਾਂ ਦੇ ਹਿਸਾਬ ਨਾਲ ਪਾਰਟੀਆਂ ਕਰਦੇ ਰਹੇ। ਚੌਥੀ ਸਦੀ ਦੇ ਅੰਤ ਤੱਕ ਪੈਗਨ ਅਤੇ ਈਸਾਈ ਰਵਾਇਤਾਂ ਦਸੰਬਰ ਦੇ 14 ਦਿਨਾਂ ਤੱਕ ਨਾਲੋਂ-ਨਾਲ ਚਲਦੀਆਂ ਸਨ। ਪਰ ਅਜਿਹਾ ਨਹੀਂ ਕਿ ਇਨਾਂ ਦੇ ਭਾਂਡੇ ਕਦੇ ਖੜਕੇ ਹੀ ਨਹੀਂ। ਅਖੀਰ ਵਿੱਚ ਈਸਾਈ ਰਵਾਇਤਾਂ ਦੀ ਜਿੱਤ ਹੋਈ।

17ਵੀਂ ਸਦੀ ਵਿੱਚ ਵੱਡੇ ਦਿਨ ਦੇ ਖ਼ਿਲਾਫ਼ ਵਿੱਢਿਆ ਗਿਆ ਅਭਿਆਨ ਕੱਟੜਪੰਥੀਆਂ ਦੀ ਨਜ਼ਰ ਵਿੱਚ ਇੱਕ ਕਿਸਮ ਨਾਲ ਪੈਗਨ ਰਵਾਇਤਾਂ ਦੀ ਨਿਸ਼ਾਨੀ ਸੀ। ਪਰ ਹੁਣ ਦੇਖੋ, ਵੱਡਾ ਦਿਨ ਕਿੰਨੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਜ਼ਾਹਿਰ ਹੈ, ਪਿਊਰੋਟਿਨ ਜਾਣੀ ਸ਼ੁੱਧਤਾਵਾਦੀ ਹਾਰ ਚੁੱਕੇ ਹਨ। ਅੱਜ ਪੂਰੀ ਦੁਨੀਆ ਵਿੱਚ ਈਸਾਈ ਭਾਵੇਂ ਕ੍ਰਿਸਮਸ ਦੇ ਸਜੇ ਹੋਏ ਦਰੱਖਤ ਕੋਲ ਬੈਠ ਕੇ ਸ਼ਰਾਬ ਅਤੇ ਟਰਕੀ ਦਾ ਲੁਤਫ਼ ਲੈਂਦੇ ਹੋਣ ਪਰ ਸ਼ਾਇਦ ਇਹ ਤਿਉਹਾਰ 2000 ਸਾਲ ਤੋਂ ਵੀ ਪੁਰਾਣਾ ਹੈ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਓ ਅਤੇ ਆਪਣੇ ਪੈਸੇ ਲਓ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com

# ਐੱਮਐੱਸਪੀ ਅਤੇ ਸਰਕਾਰੀ ਮੰਡੀਆਂ ਖ਼ਤਮ ਕਰਨ ਬਾਰੇ ਕਿਸਾਨਾਂ ਨੂੰ ਖਦਸ਼ਾ ਹੈ ਜਾਂ ਸਰਕਾਰ ਦੀ ਯੋਜਨਾ



- ਕੁਲਵੰਤ ਸਿੰਘ ਟਿੱਬਾ

ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਪੰਜਾਬ ਹਰਿਆਣਾ ਸਮੇਤ ਸਮੁੱਚੇ ਦੇਸ਼ ਦੇ ਕਿਸਾਨਾਂ ਵੱਲੋਂ ਦਿੱਲੀ ਦੀਆਂ ਸਰਹੱਦਾਂ ਤੇ ਕੀਤਾ ਜਾ ਰਿਹਾ ਅੰਦੋਲਨ ਆਪਣੇ ਸਿਖ਼ਰ 'ਤੇ ਪੁੱਜ ਚੁੱਕਾ ਹੈ। ਖੇਤੀ ਫ਼ਸਲਾਂ ਲਈ ਘੱਟੋ ਘੱਟ ਸਮਰਥਨ ਮੁੱਲ (MSP) ਖ਼ਤਮ ਹੋਣ ਅਤੇ ਏਪੀਐਮਸੀ ਐਕਟ ਤਹਿਤ ਪੰਜਾਬ ਹਰਿਆਣਾ ਅੰਦਰ ਚੱਲ ਰਹੀਆਂ ਸਰਕਾਰੀ ਮੰਡੀਆਂ ਬੰਦ ਹੋਣ ਦਾ ਖ਼ਦਸ਼ਾ ਕਿਸਾਨੀ ਅੰਦੋਲਨ ਦਾ ਮੁੱਖ ਧੁਰਾ ਹੈ ਜਦ ਕਿ ਦੂਜੇ ਪਾਸੇ ਕੇਂਦਰ ਸਰਕਾਰ ਅਤੇ ਭਾਜਪਾ ਆਗੂਆਂ ਵੱਲੋਂ ਵਾਰ ਵਾਰ ਇਹੀ ਕਿਹਾ ਜਾ ਰਿਹਾ ਹੈ ਕਿ ਕਿਸਾਨਾਂ ਅਤੇ ਕਿਸਾਨ ਜਥੇਬੰਦੀਆਂ ਨੂੰ ਇਹ ਭਰਮ ਹੈ ਕਿ ਕੇਂਦਰ ਸਰਕਾਰ ਐੱਮ ਐੱਸ ਪੀ ਅਤੇ ਏਪੀਐੱਮਸੀ ਐਕਟ ਖਤਮ ਕਰਨ ਜਾ ਰਹੀ ਹੈ। ਉਂਜ ਵੀ ਪੂਰੇ ਦੇਸ਼ ਵਿਚ ਕਣਕ ਅਤੇ ਝੋਨੇ ਦੀ ਸਮੁੱਚੀ ਖਰੀਦ 'ਚੋਂ ਸਿਰਫ਼ 6 ਪ੍ਰਤੀਸ਼ਤ ਖਰੀਦ ਹੀ ਐਮਐਸਪੀ 'ਤੇ ਕੀਤੀ ਜਾਂਦੀ ਹੈ ਅਤੇ ਅੱਗੋਂ ਇਸ 6 ਪ੍ਰਤੀਸ਼ਤ ਵਿਚੋਂ ਵੀ 90 ਪ੍ਰਤੀਸ਼ਤ ਖਰੀਦ ਪੰਜਾਬ ਤੇ ਹਰਿਆਣਾ ਤੋਂ ਕੀਤੀ ਜਾਂਦੀ ਹੈ। ਕੇਂਦਰ ਸਰਕਾਰ ਦਾ ਇਹ ਦਾਅਵਾ ਹੈ ਕਿ ਸਰਕਾਰੀ ਮੰਡੀਆਂ ਦੇ ਬਰਾਬਰ ਨਿੱਜੀ ਮੰਡੀਆਂ ਦੀ ਸਥਾਪਨਾ ਨਾਲ ਖੇਤੀ ਵਸਤਾਂ ਦੀ ਖ਼ਰੀਦ ਲਈ ਮੁਕਾਬਲਾ ਵਧੇਗਾ ਅਤੇ ਕਿਸਾਨਾਂ ਨੂੰ ਇਸਦਾ ਲਾਭ ਹੋਵੇਗਾ। ਅਸਲ ਵਿੱਚ ਇਨਾਂ ਖੇਤੀ ਕਾਨੂੰਨਾਂ ਦੇ ਲਾਗੂ ਹੋਣ ਨਾਲ ਪੰਜਾਬ ਦਾ ਮੰਡੀਕਰਨ ਢਾਂਚਾ ਤਬਾਹ ਹੋਣ ਅਤੇ ਘੱਟੋ ਘੱਟ ਸਮਰਥਨ ਮੁੱਲ ਖ਼ਤਮ ਕਰਨ ਦੀ ਭਾਵਨਾ ਕਿੱਥੋਂ ਤੇ ਕਿਵੇਂ ਆ ਰਹੀ ਹੈ ? ਇਹ ਬੜਾ ਮਹੱਤਵਪੂਰਨ ਬਿੰਦੂ ਹੈ। ਇਸ ਬਾਰੇ ਹੁਣ ਤੱਕ ਲੋੜੀਂਦੀ ਅਤੇ ਤੱਥਾਂ ਆਧਾਰਿਤ ਚਰਚਾ ਨਹੀਂ ਹੋਈ, ਜਿਸ ਕਰਕੇ ਕੇਂਦਰ ਸਰਕਾਰ ਇਨਾਂ ਖੇਤੀ ਬਿੱਲਾਂ ਨੂੰ ਵਾਪਸ ਨਾ ਲੈਣ ਵਿੱਚ ਅੜੀ ਕਰ ਰਹੀ ਹੈ। ਹਥਲੇ ਲੇਖ ਵਿੱਚ ਅਸੀਂ ਇਹ ਚਰਚਾ ਕਰਾਂਗੇ ਕਿ ਕੀ ਸੱਚਮੁੱਚ ਹੀ ਕਿਸਾਨ ਜਾਂ ਕਿਸਾਨ ਜਥੇਬੰਦੀਆਂ ਕਿਸੇ ਭਰਮ ਦਾ ਸ਼ਿਕਾਰ ਹਨ ਜਾਂ ਫਿਰ ਕੇਂਦਰ ਸਰਕਾਰ ਇਸ ਮਾਮਲੇ ਵਿਚ ਅੰਦੋਲਨਕਾਰੀਆਂ ਨੂੰ ਸਿਰਫ ਗੁੰਮਰਾਹ ਕਰ ਰਹੀ ਹੈ। ਨੀਤੀ ਆਯੋਗ ਇਕ ਅਜਿਹਾ ਸਰਕਾਰੀ ਵਿਭਾਗ ਹੈ, ਜੋ ਕੇਂਦਰ ਸਰਕਾਰ ਦੇ ਥਿੰਕ ਟੈਂਕ ਵਜੋਂ ਕੰਮ ਕਰਦਾ ਹੈ ਅਤੇ ਸਰਕਾਰੀ ਯੋਜਨਾਵਾਂ ਨੂੰ ਤਿਆਰ ਕਰਨ ਵਿੱਚ ਬੜੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਦੇਸ਼ ਵਿੱਚ ਬੀਜੇਪੀ ਦੀ ਪਹਿਲੀ ਸਰਕਾਰ ਦੇ ਗਠਨ ਤੋਂ ਬਾਅਦ ਸਾਲ 2015 ਵਿੱਚ ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਨੀਤੀ ਆਯੋਗ ਨੂੰ ਪੱਤਰ ਲਿਖ ਕੇ ਭਵਿੱਖੀ ਯੋਜਨਾਵਾਂ ਦਾ ਖਰੜਾ ਤਿਆਰ ਕਰਨ ਲਈ ਕਿਹਾ ਗਿਆ। ਇਸ ਪਿੱਛੋਂ ਨੀਤੀ ਆਯੋਗ ਨੇ 15 ਸਾਲਾ ਅਤੇ 7 ਸਾਲਾ ਯੋਜਨਾ ਤਿਆਰ ਕਰਨ ਉਪਰੰਤ ਇੱਕ ਤਿੰਨ ਸਾਲਾ ਐਕਸ਼ਨ ਏਜੰਡਾ ਤਿਆਰ ਕੀਤਾ। ਇਸ ਐਕਸ਼ਨ ਏਜੰਡੇ ਵਿਚ ਉਨਾਂ ਯੋਜਨਾਵਾਂ ਨੂੰ ਸ਼ਾਮਲ ਕੀਤਾ ਗਿਆ, ਜੋ ਨੇੜ ਭਵਿੱਖ ਵਿਚ ਸਾਲ 2020 ਤੱਕ ਹਰ ਹਾਲਤ ਵਿੱਚ ਲਾਗੂ ਕੀਤੀਆਂ ਜਾਣੀਆਂ ਸਨ। ਹੁਣ ਤੱਕ ਕੇਂਦਰ ਦੀ ਭਾਜਪਾ ਸਰਕਾਰ ਨੇ ਜਿੰਨੇ ਵੀ ਨਵੇਂ ਕਾਨੂੰਨ ਬਣਾਏ ਜਾਂ ਪਹਿਲਾਂ ਬਣੇ ਕਾਨੂੰਨਾਂ ਵਿੱਚ ਸੋਧਾਂ ਕੀਤੀਆਂ, ਉਹ ਸਭ ਨੀਤੀ ਆਯੋਗ ਵੱਲੋਂ ਤਿਆਰ ਕੀਤੇ ਯੋਜਨਾ ਪੱਤਰ ਵਿੱਚ ਪਹਿਲਾਂ ਹੀ ਸ਼ਾਮਲ ਕੀਤੀਆਂ ਹੋਈਆਂ ਸਨ। ਭਾਵੇਂ ਉਹ ਕਿਰਤ ਕਾਨੂੰਨਾਂ ਵਿੱਚ ਸੋਧ ਕਰਨ ਦਾ ਮਾਮਲਾ ਹੋਵੇ ਜਾਂ ਪ੍ਰਸਤਾਵਤ ਇਲੈਕਟ੍ਰੀਸਿਟੀ ਅਮੈਂਡਮੈਂਟ ਐਕਟ 2020 ਹੋਵੇ ਭਾਵੇਂ ਵਿਵਾਦਤ ਤਿੰਨ ਖੇਤੀ ਕਾਨੂੰਨ ਹੋਣ ਜਾਂ ਫਿਰ ਨਵੀਂ ਸਿੱਖਿਆ ਨੀਤੀ ਹੋਵੇ। ਕਹਿਣ ਤੋਂ ਭਾਵ ਇਹ ਸਭ ਕੁਝ ਭਾਜਪਾ ਦੀ ਕੇਂਦਰ ਸਰਕਾਰ ਨੇ ਇਕ ਗਿਣੀ ਮਿੱਥੀ ਯੋਜਨਾ ਤਹਿਤ ਅਮਲ ਵਿੱਚ ਲਿਆਂਦਾ ਹੈ।




ਪ੍ਰਧਾਨ ਮੰਤਰੀ ਦਫ਼ਤਰ ਦੀ ਪਹਿਲ 'ਤੇ ਨੀਤੀ ਆਯੋਗ ਨੇ ਪਹਿਲੀ ਵਾਰ 'ਨਿਊ ਇੰਡੀਆ 0 75' 'ਤੇ ਕੰਮ ਸ਼ੁਰੂ ਕੀਤਾ ਅਤੇ ਜਨਵਰੀ 20 18 ਵਿਚ ਪਹਿਲਾ ਡਰਾਫਟ ਤਿਆਰ ਕਰਨ ਪਿੱਛੋਂ ਅਪ੍ਰੈਲ 2018 ਵਿਚ ਦੂਜੇ ਖਰੜੇ ਨੂੰ ਸਰਕਾਰ ਦੇ ਕੇਂਦਰੀ ਮੰਤਰੀਆਂ ਕੋਲ ਪੜਨ ਲਈ ਭੇਜਿਆ ਗਿਆ ਜਦਕਿ ਤੀਜੇ ਗੇੜ ਵਿੱਚ ਇਹ ਖਰੜਾ ਜੂਨ 2018 ਵਿੱਚ ਕੁਝ ਸੋਧਾਂ ਕਰਕੇ ਸਾਰੇ ਸੂਬਿਆਂ ਦੇ ਮੁੱਖ ਮੰਤਰੀਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਸਮੇਤ ਦੇਸ਼ ਦੀ 50 ਚੋਟੀ ਦੇ ਆਈਏਐੱਸ ਅਫ਼ਸਰਾਂ ਨੂੰ ਵਿਚਾਰਨ ਹਿੱਤ ਭੇਜਿਆ ਗਿਆ ਤਾਂ ਕਿਤੇ ਜਾ ਕੇ ਇਹ ਸਮੁੱਚੇ ਖਰੜੇ ਨੂੰ ਕੇਂਦਰ ਸਰਕਾਰ ਦੀ ਭਵਿੱਖੀ ਯੋਜਨਾਵਾਂ ਦੇ ਰੂਪ ਵਿੱਚ ਨਵੰਬਰ 2018 ਵਿੱਚ ਅੰਤਮ ਰੂਪ ਦਿੱਤਾ ਗਿਆ। ਇਸ ਪਿੱਛੋਂ ਉਸ ਸਮੇਂ ਦੇ ਕੇਂਦਰੀ ਵਿੱਤ ਮੰਤਰੀ ਸਵਰਗਵਾਸੀ ਅਰੁਣ ਜੇਤਲੀ ਨੇ ਕੇਂਦਰ ਸਰਕਾਰ ਦੀ ਭਵਿੱਖੀ ਯੋਜਨਾ ਵਾਲਾ ਨੀਤੀ ਆਯੋਗ ਦਾ ਇਹ ਡਾਕੂਮੈਂਟ 19 ਦਸੰਬਰ 2018 ਨੂੰ ਨਵੀਂ ਦਿੱਲੀ ਵਿੱਚ ਜਾਰੀ ਕੀਤਾ। ਨੀਤੀ ਆਯੋਗ ਵੱਲੋਂ ਦੇਸ਼ ਦੇ ਭਵਿੱਖੀ ਨਿਰਮਾਣ ਲਈ ਤਿਆਰ ਕੀਤੀ ਇਸ ਯੋਜਨਾ ਦੇ ਦਸਤਾਵੇਜ਼ ਵਿੱਚ ਚੈਪਟਰ 6 ਤਹਿਤ 'ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਸਬੰਧੀ ਨੀਤੀਆਂ ਅਤੇ ਪ੍ਰਬੰਧਕੀ ਵਿਕਾਸ' ਦੇ ਸਿਰਲੇਖ ਤਹਿਤ ਪੰਨਾ ਨੰਬਰ 32 'ਤੇ ਇਹ ਸਪੱਸ਼ਟ ਲਿਖਿਆ ਹੈ ਕਿ ਖੇਤੀ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਤੈਅ ਕਰਨ ਵਾਲੀ ਖੇਤੀਬਾੜੀ ਵਿਭਾਗ ਦੀ ਸਲਾਹਕਾਰ ਕਮੇਟੀ ਕਮਿਸ਼ਨ ਆਫ਼ ਐਗਰੀਕਲਚਰ ਕਾਸਟ ਐਂਡ ਪ੍ਰਾਈਸ (CACP) ਨੂੰ ਐਗਰੀਕਲਚਰ ਟ੍ਰਿਬਿਊਨਲ ਵਿੱਚ ਸੰਵਿਧਾਨ ਦੇ ਆਰਟੀਕਲ 323-ਬੀ ਤਹਿਤ ਬਦਲ ਦਿੱਤਾ ਜਾਵੇ।ਇਸੇ ਪੰਨੇ ਤੇ ਇਹ ਸਪੱਸ਼ਟ ਲਿਖਿਆ ਗਿਆ ਕਿ ਘੱਟੋ ਘੱਟ ਸਮਰਥਨ ਮੁੱਲ (Minimum Support Price) ਨੂੰ ਘੱਟੋ ਘੱਟ ਰਾਖਵੇਂ ਮੁੱਲ (Minimum Reserve Price) ਵਿਚ ਤਬਦੀਲ ਕਰ ਦਿੱਤਾ ਜਾਵੇ। ਘੱਟੋ ਘੱਟ ਰਾਖਵੇਂ ਮੁੱਲ ਤੋਂ ਭਾਵ ਖੁੱਲੀ ਮੰਡੀ ਵਿੱਚ ਨਿਲਾਮੀ ਤੋਂ ਹੈ ਕਿ ਪ੍ਰਾਈਵੇਟ ਖਰੀਦਦਾਰ ਨੂੰ ਫ਼ਸਲ ਜਿਸ ਕੀਮਤ 'ਤੇ ਪੁੱਗੇਗੀ, ਉਸ ਕੀਮਤ 'ਤੇ ਉਹ ਉਸ ਦੀ ਖ਼ਰੀਦ ਕਰੇਗਾ। ਮੁੱਲ ਸੁਧਾਰਾਂ ਤਹਿਤ ਪੰਨਾ ਨੰਬਰ 32 'ਤੇ ਐੱਮਐੱਸਪੀ ਦੀ ਵਿਵਸਥਾ ਖ਼ਤਮ ਕਰਕੇ ਖੁੱਲੀ ਬੋਲੀ ਦੀ ਕੀਮਤ ਵਿੱਚ ਤਬਦੀਲ ਕਰਨ ਦੀ ਯੋਜਨਾ ਦਾ ਵੇਰਵਾ ਹੈ। ਨੀਤੀ ਆਯੋਗ ਨੇ ਆਪਣੇ ਤਿੰਨ ਸਾਲਾ ਐਕਸ਼ਨ ਏਜੰਡੇ ਵਿੱਚ ਵੀ ਖੇਤੀ ਸੁਧਾਰਾਂ ਦੀ ਆੜ ਹੇਠ ਏਪੀਐੱਮਸੀ ਅਤੇ ਐੱਮਐੱਸਪੀ ਨੂੰ ਖ਼ਤਮ ਕਰਨ ਦੇ ਉਦੇਸ਼ ਨੂੰ ਦਰਜ ਕੀਤਾ ਹੈ। ਉਕਤ ਤੱਥ ਪੜਦਿਆਂ ਨੀਤੀ ਆਯੋਗ ਦੇ ਇਸ ਸਰਕਾਰੀ ਦਸਤਾਵੇਜ਼ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਘੱਟੋ ਘੱਟ ਸਮਰਥਨ ਮੁੱਲ ਅਤੇ ਸਰਕਾਰੀ ਮੰਡੀਆਂ ਦੇ ਖਤਮ ਹੋਣ ਦਾ ਕਿਸਾਨਾਂ ਅਤੇ ਕਿਸਾਨ ਜਥੇਬੰਦੀਆਂ ਨੂੰ ਖ਼ਦਸ਼ਾ ਨਹੀਂ ਸਗੋਂ ਸਰਕਾਰ ਦੀ ਗਿਣੀ ਮਿਥੀ ਯੋਜਨਾ ਹੈ।

ਸਾਲ 2017 ਵਿੱਚ ਨਬਾਰਡ (National Bank for Agriculture and Rural Develoment) ਵੱਲੋਂ ਨਵੀਂ ਦਿੱਲੀ ਵਿਖੇ ਆਯੋਜਿਤ 'ਖੇਤੀਬਾੜੀ ਅਤੇ ਪੇਂਡੂ ਵਿੱਤ' ਬਾਰੇ 6ਵੀਂ ਵਿਸ਼ਵ ਗਲੋਬਲ ਕਾਨਫ਼ਰੰਸ ਵਿੱਚ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਰਾਜਾਂ ਨੂੰ ਏਪੀਐੱਮਸੀ ਦੀ ਥਾਂ ਈ-ਨਾਮ ਲਾਗੂ ਲਈ ਕਿਹਾ ਸੀ। ਇਸ ਮੌਕੇ ਸੰਬੋਧਨ ਕਰਦਿਆਂ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਆਖਿਆ ਸੀ ਕਿ ਰਾਜਾਂ ਨੂੰ ਖ਼ੁਸ਼ੀ ਖ਼ੁਸ਼ੀ ਏਪੀਐਮਸੀ ਐਕਟ ਖਤਮ ਕਰ ਦੇਣਾ ਚਾਹੀਦਾ ਹੈ ਅਤੇ ਖੇਤੀਬਾੜੀ ਲਈ ਆਨਲਾਈਨ ਮਾਰਕੀਟਿੰਗ ਵੱਲ ਵਧਣਾ ਚਾਹੀਦਾ ਹੈ। ਜਦੋਂ ਕੇਂਦਰ ਸਰਕਾਰ ਦੇ ਦੋ ਕੇਂਦਰੀ ਵਿੱਤ ਮੰਤਰੀ ਅਤੇ ਨੀਤੀ ਆਯੋਗ ਦੀ ਰਿਪੋਰਟ ਇਹ ਸਪੱਸ਼ਟ ਕਰ ਰਹੀ ਹੈ ਕਿ ਕੇਂਦਰ ਸਰਕਾਰ ਸਰਕਾਰੀ ਮੰਡੀਆਂ ਅਤੇ ਘੱਟੋ ਘੱਟ ਸਮਰਥਨ ਮੁੱਲ ਖ਼ਤਮ ਕਰਨ ਦੀ ਤਾਕ ਵਿੱਚ ਹੈ ਤਾਂ ਫਿਰ ਕਿਸਾਨੀ ਸੰਘਰਸ਼ ਨੂੰ ਤਾਰਪੀਡੋ ਕਰਨ ਲਈ ਦਿੱਤੇ ਜਾ ਰਹੇ ਕੇਂਦਰ ਸਰਕਾਰ ਦੇ ਭਰੋਸੇ ਤੇ ਕਿਵੇਂ ਯਕੀਨ ਕੀਤਾ ਜਾ ਸਕਦਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨਾਂ ਦੇ ਸਾਥੀ ਕੈਬਨਿਟ ਮੰਤਰੀ ਵਾਰ ਵਾਰ ਇਹ ਗੱਲ ਦੁਹਰਾ ਰਹੇ ਹਨ ਕਿ ਘੱਟੋ ਘੱਟ ਸਮਰਥਨ ਮੁੱਲ ਖ਼ਤਮ ਨਹੀਂ ਹੋਵੇਗਾ ਜਦਕਿ ਖੇਤੀ ਸਬੰਧੀ ਕੇਂਦਰ ਦੇ ਕਾਲੇ ਕਾਨੂੰਨਾਂ ਵਿਰੁੱਧ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਇਹ ਮੰਗ ਕਰ ਰਹੀਆਂ ਹਨ ਕਿ ਸਰਕਾਰੀ ਮੰਡੀਆਂ ਤੋਂ ਬਾਹਰ ਪ੍ਰਾਈਵੇਟ ਮੰਡੀਆਂ ਵਿੱਚ ਵੀ ਫ਼ਸਲਾਂ ਦੀ ਖ਼ਰੀਦ ਐਮਐਸਪੀ ਤੇ ਯਕੀਨੀ ਬਣਾਉਣ ਲਈ ਕਾਨੂੰਨ ਬਣਾਇਆ ਜਾਵੇ। ਹੁਣ ਇੱਕ ਬਹੁਤ ਹੀ ਅਹਿਮ ਪਹਿਲੂ ਤੇ ਨਜ਼ਰ ਮਾਰਦੇ ਹਾਂ।ਸਾਲ 2011 ਵਿੱਚ ਕੇਂਦਰ ਵਿੱਚ ਕਾਂਗਰਸ ਦੀ ਅਗਵਾਈ ਵਾਲੇ ਯੂਪੀਏ ਸਰਕਾਰ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ ਖਪਤਕਾਰ ਮਾਮਲੇ ਵਿਭਾਗ, ਭਾਰਤ ਸਰਕਾਰ ਵੱਲੋਂ ਅਗਾਮੀ 10 ਸਾਲਾ ਯੋਜਨਾ ਤਿਆਰ ਕਰਨ ਦੇ ਮੰਤਵ ਲਈ ਚਾਰ ਮੁੱਖ ਮੰਤਰੀਆਂ ਤੇ ਆਧਾਰਤ 8 ਅਪ੍ਰੈਲ 2010 ਨੂੰ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਇਕ ਵਰਕਿੰਗ ਗਰੁੱਪ ਦੀ ਸਥਾਪਨਾ ਕੀਤੀ ਗਈ। ਨਰਿੰਦਰ ਮੋਦੀ ਦੀ ਅਗਵਾਈ ਵਾਲੇ ਇਸ ਵਰਕਿੰਗ ਗਰੁੱਪ ਵਿੱਚ ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਸ਼ਾਮਲ ਸਨ, ਜਿਨਾਂ ਨੇ ਭਵਿੱਖੀ ਯੋਜਨਾਵਾਂ ਲਈ ਆਪਣੀਆਂ ਸਿਫ਼ਾਰਸ਼ਾਂ ਦੇਣੀਆਂ ਸਨ।ਇਸ ਵਰਕਿੰਗ ਗਰੁੱਪ ਦੇ ਚੇਅਰਮੈਨ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਮਿਤੀ 3 ਮਾਰਚ 2011 ਨੂੰ ਆਪਣੀ ਰਿਪੋਰਟ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸੌਂਪ ਕੇ 20 ਸਿਫ਼ਾਰਸ਼ਾਂ ਸਮੇਤ 64 ਐਕਸ਼ਨ ਪੁਆਇੰਟ ਆਗਾਮੀ 10 ਸਾਲਾ ਯੋਜਨਾ ਵਿੱਚ ਸ਼ਾਮਲ ਕਰਨ ਲਈ ਕਿਹਾ ਸੀ। ਤੁਹਾਨੂੰ ਇਹ ਜਾਣ ਕੇ ਬੜੀ ਹੈਰਾਨੀ ਹੋਵੇਗੀ ਕਿ ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਨਰਿੰਦਰ ਮੋਦੀ ਨੇ ਭਾਰਤ ਸਰਕਾਰ ਨੂੰ ਜੋ ਸਿਫਾਰਸ਼ਾਂ ਕੀਤੀਆਂ ਸਨ, ਉਨਾਂ ਵਿੱਚ ਸਭ ਤੋਂ ਅਹਿਮ ਸਿਫ਼ਾਰਸ਼ ਇਹ ਸੀ ਕਿ ਸਰਕਾਰੀ ਮੰਡੀਆਂ ਵਾਂਗ ਪ੍ਰਾਈਵੇਟ ਮੰਡੀਆਂ ਵਿੱਚ ਵੀ ਖੇਤੀ ਫ਼ਸਲਾਂ ਦੀ ਖ਼ਰੀਦ ਘੱਟੋ ਘੱਟ ਸਮਰਥਨ ਮੁੱਲ 'ਤੇ ਯਕੀਨੀ ਬਣਾਉਣ ਲਈ ਕਾਨੂੰਨ ਬਣਾਇਆ ਜਾਵੇ। ਵਰਕਿੰਗ ਗਰੁੱਪ ਦੀ ਰਿਪੋਰਟ ਵਿੱਚ ਪੰਨਾ ਨੰਬਰ 19 'ਤੇ ਕਾਲਮ -3 ਤਹਿਤ 'ਐੱਮਐੱਸਪੀ ਲਾਗੂ ਕਰੋ' ਸਿਰਲੇਖ ਅਧੀਨ ਕੇਂਦਰ ਸਰਕਾਰ ਨੂੰ ਇਹ ਸਿਫ਼ਾਰਸ਼ ਕੀਤੀ ਸੀ ਕਿ ਕਿਸਾਨਾਂ ਹਿੱਤ ਸੁਰੱਖਿਅਤ ਕਰਨ ਦੇ ਮੰਤਵ ਲਈ ਪ੍ਰਾਈਵੇਟ ਮੰਡੀਆਂ ਵਿੱਚ ਵੀ ਐਮਐਸਪੀ ਤੇ ਖ਼ਰੀਦ ਯਕੀਨੀ ਬਣਾਉਣ ਲਈ ਕਾਨੂੰਨ ਬਣਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਇਸੇ ਰਿਪੋਰਟ ਵਿੱਚ ਨਰਿੰਦਰ ਮੋਦੀ ਨੇ ਜ਼ਰੂਰੀ ਵਸਤਾਂ ਐਕਟ ਵਿੱਚ ਦਰਜ ਜ਼ਰੂਰੀ ਵਸਤੂਆਂ ਦੀ ਕਾਲਾਬਜ਼ਾਰੀ, ਜਮਾਂਖੋਰੀ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਅਤੇ ਜ਼ਰੂਰੀ ਵਸਤੂਆਂ ਦੇ ਵਪਾਰ ਕਰਨ ਤੇ ਪਾਬੰਦੀ ਲਗਾਉਣ ਦੀ ਮੰਗ ਕਰਦਿਆਂ ਇਹ ਸਿਫ਼ਾਰਸ਼ ਕੀਤੀ ਸੀ ਕਿ 1955 ਦੇ ਐਕਟ ਵਿੱਚ ਸੋਧ ਕਰਕੇ ਜ਼ਰੂਰੀ ਵਸਤੂਆਂ ਦੇ ਵਪਾਰ ਅਤੇ ਜਮਾਂਖੋਰੀ ਦੇ ਜੁਰਮ ਨੂੰ ਗੈਰ ਜ਼ਮਾਨਤਯੋਗ ਅਪਰਾਧ ਬਣਾਇਆ ਜਾਵੇ ਅਤੇ ਇਸ ਦੀ ਸਜ਼ਾ ਛੇ ਮਹੀਨੇ ਤੋਂ ਵਧਾ ਕੇ ਇਕ ਸਾਲ ਕੀਤੀ ਜਾਵੇ। ਜਦਕਿ ਪ੍ਰਧਾਨ ਮੰਤਰੀ ਬਣਨ ਉਪਰੰਤ ਨਰਿੰਦਰ ਮੋਦੀ ਨੇ ਸਾਲ 2011 ਦੀਆਂ ਕੇਂਦਰ ਸਰਕਾਰ ਨੂੰ ਖ਼ੁਦ ਕੀਤੀਆਂ ਸਿਫ਼ਾਰਸ਼ਾਂ ਦੇ ਉਲਟ ਜਾ ਕੇ 1955 ਦੇ ਜ਼ਰੂਰੀ ਵਸਤਾਂ ਕਾਨੂੰਨ ਵਿੱਚ ਸੋਧ ਕਰਦਿਆਂ ਹਾਲ ਹੀ ਵਿੱਚ ਅਸੈਂਸ਼ੀਅਲ ਕਮੋਡਿਟੀ (ਅਮੈਂਡਮੈਂਟ) ਐਕਟ 2020 ਨੂੰ ਪੂਰੀ ਤਰਾਂ ਬੇਅਸਰ ਕਰ ਕੇ ਬਾਜ਼ਾਰ ਅਤੇ ਮਹਿੰਗਾਈ ਦਾ ਸਮੁੱਚਾ ਕੰਟਰੋਲ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਦੇ ਦਿੱਤਾ ਹੈ। ਉਹ ਮੰਗ ਜਾਂ ਸਿਫ਼ਾਰਸ਼, ਜੋ ਕਦੇ ਸਾਲ 2011 ਵਿਚ ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਨਰਿੰਦਰ ਮੋਦੀ ਨੇ ਕੇਂਦਰ ਸਰਕਾਰ ਕੋਲ ਕੀਤੀ ਸੀ, ਹੁਣ ਦਿੱਲੀ ਦੀਆਂ ਹੱਦਾਂ 'ਤੇ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਵੀ ਉਹੀ ਮੰਗ ਕਰ ਰਹੀਆਂ ਹਨ ਕਿ ਸਰਕਾਰੀ ਮੰਡੀਆਂ ਦੇ ਬਾਹਰ ਪ੍ਰਾਈਵੇਟ ਖੇਤਰ ਦੀਆਂ ਮੰਡੀਆਂ ਵਿਚ ਘੱਟੋ ਘੱਟ ਸਮਰਥਨ ਮੁੱਲ 'ਤੇ ਕਣਕ ਜਾਂ ਝੋਨੇ ਦੀ ਖ਼ਰੀਦ ਲਈ ਕਾਨੂੰਨ ਬਣਾਇਆ ਜਾਵੇ। ਪਰ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਮਾਮਲੇ ਤੇ ਬਿਲਕੁਲ ਚੁੱਪੀ ਵੱਟੀ ਬੈਠੇ ਹਨ।

ਸੋਸ਼ਲ ਮੀਡੀਆ 'ਤੇ ਸੂਚਨਾਵਾਂ ਦੇ ਆਦਾਨ ਪ੍ਰਦਾਨ ਲਈ ਜਿਥੇ ਫੇਸਬੁੱਕ, ਵਟਸਐਪ ਜਾਂ ਯੂ ਟਿਊਬ ਮਹੱਤਵਪੂਰਨ ਹਨ, ਉਥੇ ਟਵਿੱਟਰ ਵੀ ਕਾਫ਼ੀ ਚਰਚਿਤ ਪਲੇਟਫਾਰਮ ਮੰਨਿਆ ਜਾਂਦਾ ਹੈ।

ਮਿਤੀ 18 ਸਤੰਬਰ 2020 ਨੂੰ ਪ੍ਰਧਾਨ ਮੰਤਰੀ ਦਫ਼ਤਰ ਦੇ ਅਧਿਕਾਰਤ ਟਵਿੱਟਰ ਅਕਾਊਂਟ ਤੋਂ ਇਕ ਟਵੀਟ ਕਰਕੇ ਇਹ ਦਾਅਵਾ ਕੀਤਾ ਗਿਆ ਕਿ ਇਹ ਕਾਨੂੰਨ ਲਾਗੂ ਹੋਣ ਨਾਲ ਦੇਸ਼ ਦੇ ਕਿਸਾਨ ਨੂੰ ਆਜ਼ਾਦੀ ਮਿਲੇਗੀ ਅਤੇ ਉਹ ਆਪਣੀ ਫ਼ਸਲ ਦੇਸ਼ ਦੇ ਕਿਸੇ ਵੀ ਕੋਨੇ ਵਿੱਚ, ਜਿੱਥੇ ਵੀ ਉਸ ਨੂੰ ਆਪਣੀ ਫ਼ਸਲ ਦਾ ਵੱਧ ਭਾਅ ਮਿਲੇ ਵੇਚ ਸਕਦੇ ਹਨ। ਕੇਂਦਰ ਸਰਕਾਰ ਦੇ ਇਸ ਦਾਅਵੇ ਵਿੱਚ ਕਿੰਨੀ ਕੁ ਸਚਾਈ ਹੈ, ਇਸ ਗੱਲ ਦਾ ਅੰਦਾਜ਼ਾ ਤੁਸੀਂ ਭਾਜਪਾ ਦੇ ਮੁੱਖ ਮੰਤਰੀਆਂ ਵੱਲੋਂ ਸੋਸ਼ਲ ਮੀਡੀਆ ਤੇ ਕੀਤੀਆਂ ਟਿੱਪਣੀਆਂ ਤੋਂ ਲਗਾ ਸਕਦੇ ਹੋ। ਖੇਤੀ ਕਾਨੂੰਨ ਲਾਗੂ ਹੋਣ ਅਤੇ ਪ੍ਰਧਾਨ ਮੰਤਰੀ ਦਫ਼ਤਰ ਦੇ ਟਵੀਟ ਕੀਤੇ ਜਾਣ ਤੋਂ ਬਾਅਦ ਹਰਿਆਣਾ 'ਚ ਭਾਜਪਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਆਪਣੇ ਅਧਿਕਾਰਤ ਟਵਿੱਟਰ ਅਕਾਊਂਟ ਤੋਂ ਮਿਤੀ 28 ਨਵੰਬਰ 2020 ਨੂੰ ਇਹ ਟਵੀਟ ਕੀਤਾ ਕਿ 'ਹਰਿਆਣਾ ਦੀਆਂ ਅਨਾਜ ਮੰਡੀਆਂ ਵਿੱਚ ਬਾਜਰਾ 2150 ਰੁਪਏ ਪ੍ਰਤੀ ਕੁਇੰਟਲ ਦੀ ਦਰ ਨਾਲ ਖਰੀਦਿਆ ਜਾ ਰਿਹਾ ਹੈ ਜਦਕਿ ਗੁਆਂਢੀ ਰਾਜ ਰਾਜਸਥਾਨ ਵਿਚ 1300 ਰੁਪਏ ਪ੍ਰਤੀ ਕੁਇੰਟਲ ਭਾਅ ਨਾਲ ਬਾਜਰਾ ਵਿਕ ਰਿਹਾ ਹੈ। ਇਸ ਲਈ ਰਾਜਸਥਾਨ ਦਾ ਬਾਜਰਾ ਲਿਆ ਕੇ ਹਰਿਆਣੇ ਵਿੱਚ ਵੇਚਣ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ, ਰਾਜਸਥਾਨ ਦਾ ਬਾਜਰਾ ਹਰਿਆਣੇ ਵਿਚ ਨਹੀਂ ਵਿਕਣ ਦਿੱਤਾ ਜਾਵੇਗਾ।' ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵਲੋਂ ਆਪਣੇ ਅਧਿਕਾਰਤ ਟਵਿੱਟਰ ਅਕਾਊਂਟ ਤੇ ਕੀਤਾ ਗਿਆ ਇਹ ਟਵੀਟ ਪ੍ਰਧਾਨ ਮੰਤਰੀ ਦੇ ਉਸ ਦਾਅਵੇ ਨੂੰ ਪੂਰੀ ਤਰਾਂ ਨਕਾਰਦਾ ਹੈ, ਜਿਸ ਵਿੱਚ ਪ੍ਰਧਾਨ ਮੰਤਰੀ ਕਹਿ ਰਹੇ ਹਨ ਕਿ ਕਿਸਾਨ ਆਪਣੀ ਫਸਲ ਦੇ ਚੰਗੇ ਭਾਅ ਲਈ ਹੁਣ ਦੇਸ਼ ਦੇ ਕਿਸੇ ਵੀ ਕੋਨੇ ਵਿਚ ਵੇਚ ਸਕਦਾ ਹੈ। ਇੱਥੇ ਹੀ ਬਸ ਨਹੀਂ ਮੱਧ ਪ੍ਰਦੇਸ਼ ਦੀ ਭਾਜਪਾ ਦੇ ਮੁੱਖ ਮੰਤਰੀ ਤਾਂ ਇਸ ਤੋਂ ਵੀ ਇਕ ਕਦਮ ਅੱਗੇ ਲੰਘ ਗਏ ਜਦੋਂ ਉਨਾਂ ਇੱਕ ਸਭਾ ਵਿੱਚ ਇਹ ਕਹਿ ਦਿੱਤਾ ਕਿ 'ਅਸੀਂ ਇਹ ਤੈਅ ਕੀਤਾ ਹੈ ਕਿ ਜਿੰਨੇ ਵੀ ਪੈਦਾਵਾਰ ਮੱਧ ਪ੍ਰਦੇਸ਼ ਦੇ ਕਿਸਾਨਾਂ ਦੀ ਹੋਵੇਗੀ ਉਹ ਮੱਧ ਪ੍ਰਦੇਸ਼ ਦੀ ਸਰਕਾਰ ਖ਼ਰੀਦ ਲਵੇਗੀ ਪਰ ਜੇਕਰ ਆਪਣੀ ਫਸਲ ਕੋਈ ਬਾਹਰ ਤੋਂ ਵੇਚਣ ਆਇਆ ਜਾਂ ਵੇਚਣ ਦਾ ਯਤਨ ਵੀ ਕੀਤਾ ਤਾਂ ਉਸ ਦਾ ਟਰੱਕ ਜਾਂ ਸਾਧਨ ਜ਼ਬਤ ਕਰ ਲਿਆ ਜਾਵੇਗਾ ਅਤੇ ਉਸ ਨੂੰ ਜੇਲ ਭੇਜ ਦਿੱਤਾ ਜਾਵੇਗਾ।' ਅਜਿਹੀ ਸਥਿਤੀ ਵਿੱਚ ਪ੍ਰਧਾਨ ਮੰਤਰੀ ਅਤੇ ਭਾਜਪਾ ਦੇ ਹੀ ਮੁੱਖ ਮੰਤਰੀ ਵੱਖੋ ਵੱਖ ਰਾਗ ਅਲਾਪ ਰਹੇ ਹਨ। ਫਿਰ ਕਿਸ ਤਰਾਂ ਭਾਜਪਾ ਦੇ ਆਗੂਆਂ ਜਾਂ ਕੇਂਦਰ ਸਰਕਾਰ ਦੇ ਦਾਅਵਿਆਂ ਤੇ ਯਕੀਨ ਕੀਤਾ ਜਾ ਸਕਦਾ ਹੈ।

- ਪਿੰਡ ਟਿੱਬਾ, ਮਹਿਲ ਕਲਾਂ
92179 71379

# ਸਿੰਘੂ ਬਾਰਡਰ ਦਾ ਅੱਖੀਂ ਡਿੱਠਾ ਕਿਸਾਨੀ ਸਿਦਕ ਦਾ ਇਤਿਹਾਸ

- ਨਰਿੰਦਰ ਕੌਰ ਸੋਹਲ

ਮੋਦੀ ਸਰਕਾਰ ਵੱਲੋਂ ਲਿਆਂਦੇ ਖੇਤੀ ਵਿਰੋਧੀ ਤਿੰਨ ਕਾਲੇ ਕਾਨੂੰਨਾਂ ਕਾਰਨ ਕਿਸਾਨ ਜਥੇਬੰਦੀਆਂ ਨੇ 26-27 ਨਵੰਬਰ ਨੂੰ ਦਿੱਲੀ ਵੱਲ ਵਹੀਰਾਂ ਘੱਤਣ ਦਾ ਐਲਾਨ ਕਰ ਦਿੱਤਾ। ਪਿੰਡਾਂ ਵਿੱਚੋਂ ਕਿਸਾਨਾਂ ਨੇ ਆਪ ਮੁਹਾਰੇ ਫ਼ੰਡ ਅਤੇ ਰਾਸ਼ਨ ਇਕੱਠਾ ਕੀਤਾ। ਦਿੱਲੀ ਪੱਕੇ ਧਰਨੇ ਲਗਾਉਣ ਲਈ ਸਪੈਸ਼ਲ ਟਰਾਲੀਆਂ ਤਿਆਰ ਕੀਤੀਆਂ ਗਈਆਂ। ਕਿਸਾਨਾਂ ਨੇ 25 ਨਵੰਬਰ ਨੂੰ ਹੀ ਦਿੱਲੀ ਵੱਲ ਚਾਲੇ ਪਾ ਦਿੱਤੇ। ਹਰਿਆਣਾ ਸਰਕਾਰ ਨੇ ਕਿਸਾਨਾਂ ਨੂੰ ਦਿੱਲੀ ਵੱਲ ਜਾਣ ਤੋਂ ਰੋਕਣ ਲਈ ਹਰ ਹੱਥਕੰਡਾ ਵਰਤਿਆ ਪਰ ਕਿਸਾਨਾਂ ਦੇ ਹੌਸਲੇ ਤੇ ਸਿਦਕ ਅੱਗੇ ਸਰਕਾਰ ਵੱਲੋਂ ਲਗਾਈਆਂ ਸਾਰੀਆਂ ਰੋਕਾਂ ਢਹਿ-ਢੇਰੀ ਹੋ ਗਈਆਂ। ਸਰਕਾਰ ਵੱਲੋਂ ਕਿਸਾਨਾਂ ਨੂੰ ਬੁਰਾੜੀ ਵਿਖੇ ਇਕੱਠੇ ਹੋਣ ਦੀ ਇਜਾਜ਼ਤ ਦੇ ਦਿੱਤੀ ਗਈ ਪਰ ਕਿਸਾਨ ਜਥੇਬੰਦੀਆਂ ਨੇ ਸਰਕਾਰ ਦੀ ਚਾਲ ਨੂੰ ਸਮਝਦਿਆਂ ਇਸ ਨੂੰ ਖੁੱਲੀ ਜੇਲ ਐਲਾਨ ਦਿੱਤਾ। ਉਨਾਂ ਦਿੱਲੀ ਵਿੱਚ ਦਾਖਲ ਹੋਣ ਵਾਲੇ ਬਾਰਡਰਾਂ ’ਤੇ ਹੀ ਧਰਨੇ ਦੇਣ ਦਾ ਫ਼ੈਸਲਾ ਕਰ ਲਿਆ। ਸਿੰਘੂ ਅਤੇ ਟਿਕਰੀ ਬਾਰਡਰ ’ਤੇ ਕਿਸਾਨ ਵੱਡੀ ਗਿਣਤੀ ਵਿੱਚ ਧਰਨੇ ਲਗਾ ਕੇ ਬੈਠ ਗਏ। ਹਰ ਕੋਈ ਉਤਸ਼ਾਹ ਨਾਲ ਭਰਿਆ ਦਿਖਾਈ ਦੇ ਰਿਹਾ ਸੀ। ਚਾਰੇ ਪਾਸੇ ਕਿਸਾਨ ਅੰਦੋਲਨ ਦੀਆਂ ਹੀ ਗੱਲਾਂ ਸੁਣਨ ਨੂੰ ਮਿਲਦੀਆਂ, ਬੱਸ ਅੱਡੇ ਹੋਣ ਜਾਂ ਹੋਰ ਜਨਤਕ ਥਾਵਾਂ। ਇੰਝ ਲੱਗ ਰਿਹਾ ਸੀ ਜਿਵੇਂ ਚਾਚਾ ਅਜੀਤ ਸਿੰਘ ਵੱਲੋਂ ਚਲਾਈ ‘ਪਗੜੀ ਸੰਭਾਲ ਜੱਟਾ’ ਲਹਿਰ ਫਿਰ ਦੁਹਰਾਈ ਜਾ ਰਹੀ ਹੋਵੇ। ਅਜ਼ਾਦੀ ਤੋਂ ਬਾਅਦ ਇਹੀ ਅੰਦੋਲਨ ਹੈ, ਜਿਸ ਨੇ ਸਭ ਨੂੰ ਇੱਕ ਮਾਲਾ ਵਿੱਚ ਪਰੋ ਦਿੱਤਾ ਹੈ। ਜੋ ਪਹਿਲੇ ਦਿਨ ਨਹੀਂ ਜਾ ਸਕੇ ਸੀ, ਸੋਸ਼ਲ ਮੀਡੀਆ ’ਤੇ ਸਭ ਕੁਝ ਵੇਖ ਕੇ ਉਨਾਂ ਅੰਦਰ ਵੀ ਉੱਥੇ ਪਹੁੰਚਣ ਦੇ ਵਲਵਲੇ ਉੱਠ ਰਹੇ ਸਨ।

ਅਖੀਰ ਸਾਡਾ ਵੀ ਸਿੰਘੂ ਬਾਰਡਰ ’ਤੇ ਜਾਣ ਦਾ ਪ੍ਰੋਗਰਾਮ ਬਣ ਹੀ ਗਿਆ। ਆਂਗਨਵਾੜੀ ਵਾਲੀਆਂ ਭੈਣਾਂ ਨੇ ਦਿੱਲੀ ਜਾਣ ਲਈ ਸਪੈਸ਼ਲ ਕੈਂਟਰ ਤਿਆਰ ਕਰਵਾਇਆ ਹੋਇਆ ਸੀ, ਜਿਸ ਵਿੱਚ ਸਮਾਨ ਰੱਖਣ ਤੇ ਬੈਠਣ ਲਈ ਵੱਖ-ਵੱਖ ਪ੍ਰਬੰਧ ਕੀਤਾ ਹੋਇਆ ਸੀ। ਮੋਗੇ ਤੋਂ ਸਵੇਰੇ ਛੇ ਵਜੇ ਕੈਂਟਰ ਤੁਰਿਆ। ਹਰ ਕੋਈ ਬਹੁਤ ਖ਼ੁਸ਼ ਤੇ ਉਤਸ਼ਾਹਿਤ ਸੀ ਤੇ ਸਾਰੇ ਰਸਤੇ ਸੰਘਰਸ਼ ਬਾਰੇ ਹੀ ਗੱਲਾਂ ਚੱਲਦੀਆਂ ਰਹੀਆਂ। ਰਸਤੇ ਵਿੱਚ ਬਹੁਤ ਸਾਰੇ ਸਾਧਨ ਉੱਥੇ ਜਾਣ ਵਾਲਿਆਂ ਤੇ ਉੱਥੋਂ ਵਾਪਸ ਆਉਣ ਵਾਲਿਆਂ ਦੇ ਮਿਲਦੇ ਰਹੇ। ਦੋ ਵਜੇ ਦੇ ਕਰੀਬ ਅਸੀਂ ਸੋਨੀਪਤ ਪਹੁੰਚ ਗਏ ਅਤੇ ਉੱਥੋਂ ਹੀ ਇੱਕ ਵੱਖਰਾ ਨਜ਼ਾਰਾ ਵੇਖਣ ਨੂੰ ਮਿਲਣ ਲੱਗਾ। ਨੈਸ਼ਨਲ ਹਾਈਵੇ ਦੇ ਦੋਵੇਂ ਪਾਸੇ ਵਿਸ਼ੇਸ਼ ਤਿਆਰ ਕੀਤੀਆਂ ਟਰਾਲੀਆਂ ਹੀ ਟਰਾਲੀਆਂ ਨਜ਼ਰ ਆਉਂਦੀਆਂ ਹਨ। ਕੁਝ ਕੁ ਟਰੱਕ, ਕਾਰਾਂ, ਜੀਪਾਂ ਅਤੇ ਕੈਂਟਰ ਵੀ ਹਨ। ਟਰੈਕਟਰ ਟਰਾਲੀਆਂ ਉੱਤੇ ਵੱਖ-ਵੱਖ ਕਿਸਾਨ ਯੂਨੀਅਨਾਂ ਦੇ ਝੰਡੇ, ਬੈਨਰ, ਪਿੰਡਾਂ ਦੇ ਨਾਂ ਅਤੇ ਨਾਲ ਹੀ ਕਿਸਾਨਾਂ ਦੇ ਹੱਕ ਵਿੱਚ ਨਾਅਰੇ ਲਿਖੇ ਹੋਏ ਹਨ। ਜਿਵੇਂ ‘ਖੇਤੀ ਕਾਨੂੰਨ ਵਾਪਸ ਕਰਵਾ ਕੇ ਵਾਪਸ ਜਾਵਾਂਗੇ’, ‘ਨੋ ਫਾਰਮਰ, ਨੋ ਫੂਡ, ਨੋ ਲਾਈਫ’, ‘ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ’, ‘ਕਾਲੇ ਕਾਨੂੰਨ ਰੱਦ ਕਰੋ’ ਆਦਿ। ਬੇਸ਼ੱਕ ਸਭ ਦਾ ਆਪੋ ਆਪਣਾ ਝੰਡਾ ਹੈ ਪਰ ਨਿਸ਼ਾਨਾ ਸਭ ਦਾ ਇੱਕ ਹੀ ਹੈ, ਕਾਲੇ ਕਾਨੂੰਨ ਰੱਦ ਕਰਵਾਉਣੇ। ਸਫ਼ਾਈ ਦਾ ਵੀ ਪੂਰਾ ਧਿਆਨ ਰੱਖਿਆ ਜਾ ਰਿਹਾ ਹੈ। ਕੂੜਾ ਟਰਾਲੀ ਨਾਲ ਲੱਗੇ ਪਲਾਸਟਿਕ ਦੇ ਵੱਡੇ ਲਿਫਾਫੀਆਂ ਵਿੱਚ ਪਾਉਣ ਦਾ ਪ੍ਰਬੰਧ ਹੈ।

ਥੋੜੀ ਥੋੜੀ ਵਿੱਥ ’ਤੇ ਲੰਗਰ ਚੱਲ ਰਹੇ ਹਨ।, ਕਿਤੇ ਚਾਹ ਪਕੌੜੇ, ਕਿਤੇ ਚਾਹ ਰਸ ਤੇ ਬਿਸਕੁਟ ਪਏ ਹਨ। ਕੋਈ ਮਿੱਠੇ ਚੌਲ ਤੇ ਕੋਈ ਖੀਰ ਖਾਣ ਲਈ ਬੇਨਤੀ ਕਰ ਰਿਹਾ ਹੈ ਤੇ ਕੋਈ ਕੌਫ਼ੀ ਵਿੱਚ ਦੇਸੀ ਘਿਓ ਪਾ ਕੇ ਪੀਣ ਦੀਆਂ ਬੇਨਤੀਆਂ ਕਰ ਰਿਹਾ ਹੈ। ਅਜੇ ਅਸੀਂ ਇਹ ਨਜ਼ਾਰੇ ਵੇਖ ਕੇ ਗਦਗਦ ਹੋ ਹੀ ਰਹੇ ਸੀ ਕਿ ਕੁਝ ਬਜ਼ੁਰਗ ਸਾਡੇ ਕੈਂਟਰ ਕੋਲ ਆ ਕੇ ਮੂੰਗਫਲੀ ਤੇ ਪਾਣੀ ਦੀਆਂ ਬੋਤਲਾਂ ਫੜਾਉਣ ਲੱਗੇ। ਸਾਡੇ ਵੱਲੋਂ ਨਾਂਹ ਨਾਂਹ ਕਰਦਿਆਂ ਵੀ ਉਹ ਫੜਾ ਕੇ ਖ਼ੁਸ਼ੀ ਜ਼ਾਹਿਰ ਕਰਨ ਲੱਗੇ ਕਿ ਸਾਡੀਆਂ ਭੈਣਾਂ ਆਈਆਂ ਨੇ। ਭੀੜ ਹੋਣ ਕਾਰਨ ਕੈਂਟਰ ਵੀ ਹੌਲੀ ਹੌਲੀ ਚੱਲ ਰਿਹਾ ਸੀ। ਇੱਕ ਹੋਰ ਸੇਵਾਦਾਰ ਕੈਂਟਰ ਵਿੱਚ ਪੈਕਟ ਸੁੱਟਣ ਲੱਗ ਗਿਆ, ਜਿਸ ਵਿੱਚ ਬਦਾਮ, ਸੌਗੀ ਅਤੇ ਛਵਾਰੇ ਵਗੈਰਾ ਸਨ। ਇਹ ਵੇਖ ਹਰ ਕੋਈ ਹੈਰਾਨ ਹੋ ਰਿਹਾ ਸੀ।

ਫਿਰ ਇੱਕ ਚੈਨਲ ਵਾਲਿਆਂ ਸਾਨੂੰ ਰੋਕ ਲਿਆ ਪਰ ਉਨਾਂ ਲਈ ਸੰਘਰਸ਼ ਨਾਲੋਂ ‘ਕੰਗਣਾ’ ਵਧੇਰੇ ਅਹਿਮ ਸੀ। ਅਸੀਂ ਆਪਣੀ ਗੱਲਬਾਤ ਕਰਦਿਆਂ ਕਿਹਾ ਕਿ ਜੋ ਸੰਘਰਸ਼ ਚੱਲ ਰਿਹਾ ਇਸ ਬਾਰੇ ਵਧੇਰੇ ਗੱਲ ਕਰਨੀ ਚਾਹੀਦੀ ਹੈ। ਉਹ ਔਖੇ ਜਿਹੇ ਹੋ ਕੇ ਤੁਰ ਪਏ। ਇੱਥੇ ਹੀ ਚਾਹ ਦਾ ਲੰਗਰ ਲੱਗਾ ਹੋਣ ਕਾਰਨ ਅਸੀਂ ਚਾਹ ਪੀਤੀ ਤੇ ਫਿਰ ਕੈਂਟਰ ਵਿੱਚ ਬੈਠ ਗਏ। ਰਸਤੇ ਵਿੱਚ ਨਾਹਰੇਬਾਜ਼ੀ ਕਰਦੇ ਹੋਏ ਨੌਜਵਾਨਾਂ ਦੀਆਂ ਟੋਲੀਆਂ ਵੀ ਮਿਲ ਰਹੀਆਂ ਸਨ, ਜੋ ਉਤਸ਼ਾਹਜਨਕ ਨਜ਼ਾਰਾ ਪੇਸ਼ ਕਰ ਰਹੇ ਸਨ ਅਤੇ ਭੈਣਾਂ ਖ਼ੁਸ਼ੀ ਪ੍ਰਗਟ ਕਰਦਿਆਂ ਕਹਿ ਰਹੀਆਂ ਸਨ, ‘ਜਿਉਂਦੇ ਰਹੋ ਜਵਾਨੋ, ਤੁਸੀਂ ਪੰਜਾਬ ਦੀ ਜਵਾਨੀ ਨਸ਼ੇੜੀ ਹੋਣ ਦਾ ਦਾਗ਼ ਧੋ ਦਿੱਤਾ ਹੈ।’

ਹਰ ਪਾਸੇ ਨਜ਼ਰ ਮਾਰਦਿਆਂ ਇੰਜ ਲੱਗਦਾ ਜਿਵੇਂ ਮੇਲਾ ਲੱਗਾ ਹੋਵੇ। ਪਰ ਜੋ ਆਮ ਮੇਲਿਆਂ ਤੋਂ ਬਿਲਕੁਲ ਵੱਖਰਾ ਹੈ। ਦੋਵੇਂ ਪਾਸੀਂ ਸਾਧਨਾਂ ਦੀਆਂ ਲੰਮੀਆਂ ਕਤਾਰਾਂ ਜਾਰੀ ਹਨ। ਆਵਾਜ਼ਾਂ ਆ ਰਹੀਆਂ ਹਨ ਕਿ ਗੁਰੂ ਦਾ ਲੰਗਰ ਛਕ ਕੇ ਜਾਓ। ਕੋਈ ਕਹਿ ਰਿਹਾ ਹੈ ਕਿ ਇਹ ਬਾਬੇ ਨਾਨਕ ਦਾ ਲੰਗਰ ਹੈ, ਕੋਈ ਤੋਟ ਨਹੀਂ ਆਉਂਦੀ। ਸਾਰੇ ਪ੍ਰਬੰਧ ਬਾਰੇ ਪੁੱਛਣ ’ਤੇ ਪਤਾ ਲੱਗਿਆ ਕਿ ਦੁੱਧ, ਸਬਜ਼ੀਆਂ ਲਿਆਉਣ ਲਈ ਸਪੈਸ਼ਲ ਗੱਡੀਆਂ ਵੀ ਲੱਗੀਆਂ ਹੋਈਆਂ ਹਨ ਜੋ ਰੋਜ਼ਾਨਾ ਮੋਹਾਲੀ ਤੇ ਹੋਰਾਂ ਥਾਵਾਂ ਤੋਂ ਇਹ ਸਭ ਲੈ ਕੇ ਆਉਂਦੀਆਂ ਹਨ। ਗਾਜਰਾਂ, ਗੋਭੀ ਤੇ ਆਲੂਆਂ ਦੇ ਭੰਡਾਰ ਲੱਗੇ ਹੋਏ ਹਨ। ਟਰਾਲੀਆਂ ਵਿੱਚ ਝਾਤ ਮਾਰਨ ’ਤੇ ਘਰ ਵਰਗਾ ਨਜ਼ਾਰਾ ਵੇਖਣ ਨੂੰ ਮਿਲਦਾ ਹੈ। ਇੱਕ ਪਾਸੇ ਰਾਸ਼ਨ ਦਾਲਾਂ, ਆਟਾ, ਸਬਜ਼ੀਆਂ ਆਦਿ ਹੈ ਤਾਂ ਦੂਜੇ ਪਾਸੇ ਭਾਂਡੇ, ਚੁੱਲੇ, ਸਿਲੰਡਰ ਪਏ ਹਨ। ਕਈ ਟਰਾਲੀਆਂ ਲੱਕੜਾਂ ਅਤੇ ਪਾਥੀਆਂ ਦੀਆਂ ਭਰੀਆਂ ਹੋਈਆਂ ਹਨ। ਕੁਝ ਟਰਾਲੀਆਂ ਵਿੱਚ ਗੱਦੇ ਲੱਗੇ ਹੋਏ ਹਨ ਤੇ ਟੀ ਵੀ ਦਾ ਵੀ ਪ੍ਰਬੰਧ ਹੈ ਅਤੇ ਉੱਪਰ ਤਰਪਾਲ ਦੀਆਂ ਵਾਟਰ ਪਰੂਫ਼ ਛੱਤਾਂ ਹਨ। ਕਿਤੇ ਸੌਣ ਲਈ ਦੋ ਟਰਾਲੀਆਂ ਦੀ ਵਿਚਲੀ ਥਾਂ ’ਤੇ ਤਰਪਾਲ ਪਾ ਕੇ ਛੱਤ ਬਣਾਈ ਹੋਈ ਹੈ ਤਾਂ ਕਿ ਤ੍ਰੇਲ ਨਾ ਪਵੇ। ਕਈ ਜਗਾ ਕਿਸਾਨਾਂ ਵੱਲੋਂ ਸੜਕ ’ਤੇ ਹੀ ਇਸ਼ਨਾਨ ਕਰਨ ਦਾ ਪ੍ਰਬੰਧ ਕੀਤਾ ਹੋਇਆ ਹੈ। ਸੜਕ ਦੇ ਦੋਵੇਂ ਪਾਸੇ ਕੁਝ ਮੋਬਾਇਲ ਪਬਲਿਕ ਟਾਇਲਟ ਵੀ ਖੜੀਆਂ ਹਨ। ਟਰੈਕਟਰਾਂ ਉੱਤੇ ਡੈੱਕ ਅਤੇ ਵੱਡੇ ਸਪੀਕਰ ਲੱਗੇ ਹੋਏ ਹਨ ਅਤੇ ਬੈਟਰੀਆਂ ਨਾਲ ਹੀ ਮੋਬਾਇਲ ਚਾਰਜ ਕਰਨ ਦਾ ਪੂਰਾ ਪ੍ਰਬੰਧ ਕੀਤਾ ਹੋਇਆ ਹੈ। ਇਸੇ ਤਰਾਂ ਤਾਰਾਂ ਬੰਨ ਕੇ ਕੱਪੜੇ ਸੁੱਕਣੇ ਪਾਏ ਹੋਏ ਹਨ। ਟਰੈਕਟਰਾਂ ’ਤੇ ਲੱਗੇ ਸ਼ੀਸ਼ੇ ਅਤੇ ਫ਼ੋਨ ਦੀਆਂ ਸਕਰੀਨਾਂ ਪੱਗਾਂ ਬੰਨਣ ਦੇ ਕੰਮ ਆ ਰਹੇ ਹਨ। ਹਰਿਆਣੇ ਵਾਲੇ ਕਿਸਾਨ ਭਰਾ ਵੀ ਮੂੜੇ ਡਾਹ ਕੇ ਬੈਠੇ ਹਨ। ਉਨਾਂ ਨੇ ਵਿਚਾਲੇ ਹੁੱਕਾ ਰੱਖਿਆ ਹੋਇਆ ਹੈ। ਇੱਥੇ ਭਾਈਚਾਰਕ ਸਾਂਝ ਵੇਖਿਆ ਹੀ ਬਣਦੀ ਹੈ। ਮੁਸਲਮਾਨ, ਸਿੱਖ ਅਤੇ ਹਿੰਦੂ ਸਭ ਰਲਕੇ ਨਾਹਰੇ ਲਗਾ ਰਹੇ ਅਤੇ ਲੰਗਰ ਤਿਆਰ ਕਰ ਰਹੇ ਹਨ। ਵੱਖ-ਵੱਖ ਚੈਨਲਾਂ ਵਾਲੇ ਸਭ ਦੀ ਇੰਟਰਵਿਊ ਲੈ ਰਹੇ ਹਨ। ਦੋ ਬਜ਼ੁਰਗ ਟਰਾਲੀ ਵਿੱਚ ਬੈਠੇ ਹਨ, ਇੱਕ ਚੈਨਲ ਵਾਲਾ ਆ ਕੇ ਸਵਾਲ ਕਰਦਾ ਕਿ ‘ਐਨੇ ਦਿਨ ਹੋਗੇ ਇੱਥੇ ਬੈਠਿਆਂ, ਕੀ ਮਹਿਸੂਸ ਕਰਦੇ ਹੋ ? ਬਜ਼ੁਰਗ ਪੂਰੇ ਉਤਸ਼ਾਹ ਵਿੱਚ ਹਨ ਤੇ ਜਵਾਬ ਦਿੰਦੇ ਹਨ, ‘ਜਿੱਤ ਕੇ ਹੀ ਵਾਪਸ ਮੁੜਨਾ, ਚਾਹੇ ਕੁਝ ਹੋਜੇ।’ ਅਗਲਾ ਸਵਾਲ ਹੈ, ‘ਪਿੱਛੇ ਘਰਾਂ ਦੀ ਫ਼ਿਕਰਮੰਦੀ ਨਹੀਂ ਹੁੰਦੀ ?’ ਫਿਰ ਉਤਸ਼ਾਹਜਨਕ ਜਵਾਬ ਹੈ, ‘ਬਿਲਕੁਲ ਨਹੀਂ, ਸਾਡੀਆਂ ਔਰਤਾਂ ਸਭ ਸੰਭਾਲੀ ਬੈਠੀਆਂ। ਆਪ ਗੱਡੇ ਲੈ ਕੇ ਖੇਤਾਂ ਵਿੱਚ ਜਾਂਦੀਆਂ, ਪੱਠੇ ਵੱਢ ਕੇ ਲਿਆਉਣ ਦੇ ਨਾਲ-ਨਾਲ ਫ਼ਸਲਾਂ ਦਾ ਵੀ ਪੂਰਾ ਧਿਆਨ ਰੱਖ ਰਹੀਆਂ। ਉਹ ਸਾਨੂੰ ਫ਼ੋਨ ਕਰਕੇ ਕਹਿੰਦੀਆਂ ਹਨ, ਘਰਾਂ ਦਾ ਫ਼ਿਕਰ ਨਹੀਂ ਕਰਨਾ, ਬੱਸ ਜਿੱਤ ਕੇ ਹੀ ਵਾਪਸ ਆਇਓ।’ ਫਿਰ ਸਵਾਲ ਕੀਤਾ ਜਾਂਦਾ ਹੈ, ‘ਪਿੰਡਾਂ ਵਿੱਚ ਕਿਸਾਨਾਂ ਦੇ ਆਪਸੀ ਮਤਭੇਦ ਹੁੰਦੇ ਹਨ, ਹੁਣ ਕਿਵੇਂ ਆ ?’ ਬਜ਼ੁਰਗ ਹੱਸ ਕੇ ਕਹਿੰਦਾ ਹੈ, ‘ਮੋਦੀ ਨੇ ਇੱਕ ਕੰਮ ਤਾਂ ਚੰਗਾ ਕੀਤਾ ਸਾਨੂੰ ਸਾਰਿਆਂ ਨੂੰ ਇੱਕ ਕਰ ਦਿੱਤਾ। ਮਾੜੇ ਮੋਟੇ ਜੋ ਮਤਭੇਦ ਸੀ ਉਹ ਤਾਂ ਬਹੁਤ ਪਿੱਛੇ ਰਹਿ ਗਏ। ਹੁਣ ਲੜਾਈ ਤਾਂ ਮੁੱਖ ਦੁਸ਼ਮਣ ਨਾਲ ਹੈ, ਜੋ ਸਾਡੀਆਂ ਜ਼ਮੀਨਾਂ ਖੋਹਣ ਲੱਗਾ ਹੈ। ਜੇ ਜ਼ਮੀਨ ਹੀ ਨਾ ਰਹੀ ਫਿਰ ਮਤਭੇਦ ਕਿਸ ਗੱਲ ਦੇ ?’ ਕਮਾਲ ਹੈ ਕਿ ਬਾਬਿਆਂ ਨੂੰ ਦਿੱਲੀ ਨੇ ਹਿੰਦੀ ਬੋਲਣ ਹੀ ਨਹੀਂ ਲਾਇਆ ਸਗੋਂ ਬੁਲਾਰੇ ਵੀ ਬਣਾ ਦਿੱਤਾ ਹੈ।

ਅੱਗੇ ਜਾ ਕੇ ਮੁੱਖ ਸਟੇਜ ਲੱਗੀ ਹੋਈ ਹੈ, ਜਿਸ ਉੱਤੇ ਕਿਸਾਨ ਜਥੇਬੰਦੀਆਂ ਦਾ ਸਾਂਝਾ ਫਲੈਕਸ ਲੱਗਾ ਹੋਇਆ ਹੈ ਤੇ ਇੱਕ ਪਾਸੇ ਬਾਬਾ ਬੰਦਾ ਬਹਾਦਰ ਦੀ ਤਸਵੀਰ ਵੀ




ਲੱਗੀ ਹੋਈ ਹੈ। ਪੰਡਾਲ ਵਿੱਚ ਬੈਠ ਕੇ ਸਾਰੇ ਬੁਲਾਰਿਆਂ ਨੂੰ ਧਿਆਨ ਨਾਲ ਸੁਣਿਆ ਜਾ ਰਿਹਾ ਹੈ। ਹਰ ਧਿਰ ਦੇ ਨੁਮਾਇੰਦੇ ਆਪਣੀ ਆਪਣੀ ਗੱਲ ਸਾਂਝੀ ਕਰਨ ਤੇ ਕਿਸਾਨਾਂ ਨਾਲ ਇੱਕਮੁੱਠਤਾ ਦਾ ਪ੍ਰਗਟਾਵਾ ਵੀ ਕਰ ਰਹੇ ਹਨ। ਕੁਝ ਨੌਜਵਾਨ ਨੇੜਲੀਆਂ ਇਮਾਰਤਾਂ ’ਤੇ ਚੜੇ ਹੋਏ ਹਨ, ਸਟੇਜ ਵੱਲੋਂ ਉਨਾਂ ਨੂੰ ਅਨੁਸ਼ਾਸਨ ਬਣਾਈ ਰੱਖਣ ਦੀ ਅਪੀਲ ਕੀਤੀ ਜਾ ਰਹੀ ਹੈ। ਇਮਾਰਤਾਂ ਕਮਜ਼ੋਰ ਹੋਣ ਕਾਰਨ ਕੋਈ ਮਾੜੀ ਘਟਨਾ ਨਾ ਵਾਪਰ ਜਾਵੇ, ਇਸਦਾ ਵੀ ਧਿਆਨ ਰੱਖਿਆ ਜਾ ਰਿਹਾ ਹੈ।

ਵੱਖ-ਵੱਖ ਜਥੇਬੰਦੀਆਂ ਨਾਲ ਸਬੰਧਿਤ ਕਲਾਕਾਰ ਵੀ ਆਪਣੇ ਆਪਣੇ ਫਨ ਦਾ ਮੁਜ਼ਾਹਰਾ ਕਰਕੇ ਕਿਸਾਨਾਂ ਵਿੱਚ ਹੋਰ ਜੋਸ਼ ਭਰ ਰਹੇ ਹਨ। ਇੱਥੇ ਕਿਤਾਬਾਂ ਦੇ ਸਟਾਲ ਵੀ ਲੱਗੇ ਹੋਏ ਹਨ ਜੋ ਬਜ਼ੁਰਗਾਂ ਲਈ ਸਮਾਂ ਲਗਾਉਣ ਦਾ ਵਧੀਆ ਸਾਧਨ ਹਨ। ਉਹ ਇਤਿਹਾਸ ਨੂੰ ਪੜਦਿਆਂ ਮਾਣ ਮਹਿਸੂਸ ਕਰ ਰਹੇ ਹਨ ਕਿ ਅੱਜ ਉਨਾਂ ਨੂੰ ਵੀ ਇਤਿਹਾਸ ਲਿਖਣ ਦਾ ਮੌਕਾ ਮਿਲਿਆ ਹੈ। ਉੱਧਰ ਵੱਖ-ਵੱਖ ਸੰਸਥਾਵਾਂ ਕੁਝ ਨਾ ਕੁਝ ਵੰਡੀ ਜਾ ਰਹੀਆਂ ਹਨ। ਫਲ ਫਰੂਟ, ਬਿਸਕੁਟ ਆਦਿ ਸਾਰਾ ਦਿਨ ਵੰਡਿਆ ਜਾਂਦਾ ਹੈ। ਇੱਥੋਂ ਤਕ ਕਿ ਠੰਢ ਨੂੰ ਧਿਆਨ ਵਿੱਚ ਰੱਖਦਿਆਂ ਕੋਈ ਜੁਰਾਬਾਂ, ਬੂਟ ਤੇ ਕੋਈ ਗਰਮ ਕੱਪੜੇ ਵੰਡ ਰਿਹਾ ਹੈ। ਮਤਲਬ ਹਰ ਕੋਈ ਇਸ ਸੰਘਰਸ਼ ਵਿੱਚ ਆਪਣਾ ਹਿੱਸਾ ਪਾਉਣਾ ਚਾਹੁੰਦਾ ਹੈ। ਬਹੁਤ ਸਾਰੇ ਨੌਜਵਾਨ ਟਰੈਕਟਰਾਂ ਦੇ ਡੈੱਕ ਉੱਤੇ ਕਿਸਾਨ ਪੱਖੀ ਗੀਤ ‘ਪੇਚਾ ਪੈ ਗਿਆ ਸੈਂਟਰ ਨਾਲ’, ‘ਤੈਨੂੰ ਦਿੱਲੀਏ ਇਕੱਠ ਪ੍ਰੇਸ਼ਾਨ ਕਰੂਗਾ’ ਅਤੇ ‘ਜੱਟਾ ਤਕੜਾ ਹੋ ਜਾ’ ਉੱਚੀ ਆਵਾਜ਼ ਵਿੱਚ ਲਗਾ ਕੇ ਗੇੜੇ ਲਾਉਂਦੇ ਫਿਰ ਰਹੇ ਹਨ। ਇਹ ਸਿਲਸਿਲਾ ਰਾਤ ਤੱਕ ਚਲਦਾ ਰਹਿੰਦਾ ਹੈ, ਜੋ ਇੱਕ ਵੱਖਰਾ ਹੀ ਨਜ਼ਾਰਾ ਪੇਸ਼ ਕਰ ਰਿਹਾ ਹੈ।

ਅਸੀਂ ਥੱਕੇ ਹੋਣ ਕਾਰਨ ਰਾਤ ਜਲਦੀ ਲੰਗਰ ਛਕ ਕੇ ਕੈਂਟਰ ਵਿੱਚ ਪੈ ਗਏ। ਕਿਸੇ ਨੇ ਆ ਆਵਾਜ਼ ਦਿੱਤੀ ਕਿ ਜਿਨਾਂ ਨੂੰ ਤੁਸੀਂ ਟੀ ਵੀ ਵਿੱਚ ਹੀ ਵੇਖਦੇ ਹੋ ਉਹ ਤੁਹਾਨੂੰ ਆਪ ਮਿਲਣ ਆਏ ਹਨ। ਅਸੀਂ ਉੱਠਕੇ ਵੇਖਿਆ ਤਾਂ ਪੰਜਾਬੀ ਸਿਨੇਮਾ ਦੀ ਇੱਕ ਹੀਰੋਇਨ ਆਪਣੇ ਕੁਝ ਸਾਥੀਆਂ ਨਾਲ ਆਈ ਹੋਈ ਸੀ। ਉਹ ਸਭ ਔਰਤਾਂ ਨਾਲ ਗੱਲਬਾਤ ਕਰਕੇ ਮੁਸ਼ਕਲਾਂ ਪੁੱਛ ਰਹੀ ਸੀ। ਮਤਲਬ ਇੱਥੇ ਕੋਈ ਖ਼ਾਸ ਨਹੀਂ ਏ ਸਭ ਇੱਕ ਸਮਾਨ ਨਜ਼ਰ ਆਉਂਦੇ ਹਨ। ਜਿਨਾਂ ਗਾਇਕਾਂ ਨੂੰ ਲੋਕ ਲੱਖਾਂ ਰੁਪਏ ਦੇ ਕੇ ਸੱਦਦੇ ਹੁੰਦੇ ਸੀ, ਹੁਣ ਉਹ ਉੱਥੇ ਆਮ ਤੁਰੇ ਫਿਰਦੇ ਨਜ਼ਰੀਂ ਪੈਂਦੇ ਹਨ। ਕੋਈ ਵੀ ਇਸ ਸੰਘਰਸ਼ ਤੋਂ ਪਾਸੇ ਨਹੀਂ ਰਹਿਣਾ ਚਾਹੁੰਦਾ। ਸਾਨੂੰ ਕੈਂਟਰ ਵਿੱਚ ਬੈਠੀਆਂ ਵੇਖ ਕੁਝ ਵਲੰਟੀਅਰ ਆ ਕੇ ਪੁੱਛਦੇ ਹਨ ਕਿ ਕਿਸੇ ਚੀਜ਼ ਦੀ ਲੋੜ ਤਾਂ ਨਹੀਂ, ਜਿਵੇਂ ਕੰਬਲ ਗੱਦਾ ਵਗ਼ੈਰਾ ? ਇਸੇ ਤਰਾਂ ਕੁਝ ਔਰਤਾਂ ਸਾਡੇ ਕੋਲ ਆ ਕੇ ਪੁੱਛਦੀਆਂ ਹਨ ਕਿ ਕੋਈ ਮੁਸ਼ਕਲ ਹੈ ਤਾਂ ਦੱਸੋ। ਸਾਡੇ ਪੁੱਛਣ ’ਤੇ ਪਤਾ ਲੱਗਾ ਕਿ ਉਹ ਦਿੱਲੀ ਦੀਆਂ ਹੀ ਵਸਨੀਕ ਨੇ। ਉਲਟਾ ਅਸੀਂ ਉਹਨਾਂ ਨੂੰ ਪੁੱਛਦੇ ਹਾਂ ਕਿ ਤੁਹਾਨੂੰ ਕੋਈ ਤਕਲੀਫ਼ ਤਾਂ ਨਹੀਂ ਆ ਰਹੀ, ਕਿਸਾਨ ਇਸ ਤਰਾਂ ਰਸਤਾ ਰੋਕ ਕੇ ਬੈਠੇ ਹਨ ? ਉਹ ਪੂਰੇ ਉਤਸ਼ਾਹ ਵਿੱਚ ਹਨ ਕਿ ਨਹੀਂ, ਸਾਨੂੰ ਕੋਈ ਤਕਲੀਫ਼ ਨਹੀਂ। ਅਸੀਂ ਹਰ ਰੋਜ਼ ਸੈਰ ਕਰਨ ਆਉਂਦੀਆਂ ਹਾਂ ਤੇ ਇਨਾਂ ਬਜ਼ੁਰਗਾਂ ਦੀ ਤਕਲੀਫ਼ ਵੇਖ ਦੁਖੀ ਹੁੰਦੀਆਂ ਹਾਂ। ਮੋਦੀ ਨੂੰ ਹੁਣ ਮੰਨ ਜਾਣਾ ਚਾਹੀਦਾ ਹੈ, ਠੰਢ ਵਧ ਰਹੀ ਹੈ। ਉਹ ਸਾਨੂੰ ਆਪਣੇ ਘਰ ਨੇੜੇ ਹੀ ਹੋਣ ਬਾਰੇ ਦੱਸਦੀਆਂ ਹਨ ਕਿ ਤੁਹਾਨੂੰ ਕੋਈ ਮੁਸ਼ਕਲ ਆ ਰਹੀ ਤਾਂ ਸਾਡੇ ਘਰ ਆ ਜਾਓ। ਉਹ ਆਪਣਾ ਫ਼ੋਨ ਨੰਬਰ ਵੀ ਦਿੰਦੀਆਂ ਹਨ।

ਅਸੀਂ ਹੈਰਾਨ ਹਾਂ ਕਿ ਕਿਵੇਂ ਹਰ ਕੋਈ ਆਪਣਾ ਆਪਣਾ ਹਿੱਸਾ ਪਾ ਰਿਹਾ ਹੈ। ਇੱਥੇ ਹਰ ਹੱਥ ਮਦਦ ਲਈ ਉਤਾਵਲਾ ਹੈ। ਕੁਝ ਸੰਸਥਾਵਾਂ ਵੱਲੋਂ ਮੈਡੀਕਲ ਕੈਂਪ ਵੀ ਲਗਾਏ ਗਏ ਹਨ। ਇੱਥੇ ਵੀ ਇੱਕ ਗੱਲ ਨੇ ਹੈਰਾਨ ਕਰ ਦਿੱਤਾ ਜਿਵੇਂ ਪੰਜਾਬ ਵਿੱਚ ਛਬੀਲ ਪੀਣ ਲਈ ਰੋਕਿਆ ਜਾਂਦਾ ਹੈ, ਉਵੇਂ ਮੈਡੀਕਲ ਕੈਂਪ ਵਾਲੇ ਸਾਨੂੰ ਬੇਨਤੀਆਂ ਕਰੀ ਜਾਣ ਕਿ ਕੋਈ ਵੀ ਤਕਲੀਫ਼ ਹੈ ਤਾਂ ਦਵਾਈ ਲੈ ਜਾਓ। ਔਰਤਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦਿਆਂ ਸੈਨਟਰੀ ਪੈਡ ਵਗ਼ੈਰਾ ਵੀ ਵੰਡੇ ਜਾ ਰਹੇ ਹਨ।

ਸਵੇਰੇ ਸਵੇਰੇ ਤੁਹਾਡੇ ਕੰਨਾਂ ਵਿੱਚ ਗੁਰਬਾਣੀ ਰਸ ਘੋਲਦੀ ਹੈ। ਅਰਦਾਸ ਵਿੱਚ ਤਿੰਨੇ ਕਾਲੇ ਕਾਨੂੰਨਾਂ ਦੇ ਰੱਦ ਹੋਣ ਅਤੇ ਮੋਦੀ ਦੀ ਹਾਰ ਤੇ ਕਿਸਾਨਾਂ ਦੀ ਜਿੱਤ ਹੋਣ ਦਾ ਜ਼ਿਕਰ ਕੀਤਾ ਜਾ ਰਿਹਾ। ਸਾਨੂੰ ਇੰਜ ਲੱਗਦਾ ਹੈ ਜਿਵੇਂ ਕਿਸੇ ਪਿੰਡ ਦੇ ਗੁਰਦੁਆਰੇ ਵਿੱਚੋਂ ਆਵਾਜ਼ ਆ ਰਹੀ ਹੋਵੇ। ਸਵੇਰ ਸਮੇਂ ਆਮ ਘਰਾਂ ਵਾਂਗ ਇੱਥੇ ਹਰ ਟਰਾਲੀ ਵਿੱਚ ਅਖ਼ਬਾਰ ਪਹੁੰਚ ਜਾਂਦਾ ਹੈ। ‘ਬੱਲੇ’ ਕਿਸਾਨ ਤਾਂ ਹਰ ਤਰਾਂ ਦਾ ਪ੍ਰਬੰਧ ਕਰਕੇ ਆਏ ਹਨ। ਉਨਾਂ ਦਿੱਲੀ ਦੀਆਂ ਸੜਕਾਂ ਉੱਤੇ ਹੀ ਪਿੰਡ ਵਸਾ ਲਏ ਹਨ ਜੋ ਤੁਹਾਨੂੰ ਅਹਿਸਾਸ ਹੀ ਨਹੀਂ ਹੋਣ ਦਿੰਦੇ ਕਿ ਤੁਸੀਂ ਆਪਣੇ ਘਰਾਂ ਤੋਂ ਬਾਹਰ ਹੋ।

ਇੱਥੇ ਚੌਕਸੀ ਨਾਲ ਸਬੰਧਤ ਇੱਕ ਘਟਨਾ ਦਾ ਜ਼ਿਕਰ ਕਰਨਾ ਵੀ ਬਣਦਾ ਹੈ। ਸਾਡੇ ਨਾਲ ਆਈ ਸਾਡੀ ਇੱਕ ਭੈਣ ਬੀਤੀ ਰਾਤ ਆਦਤ ਅਨੁਸਾਰ ਟਰਾਲੀਆਂ ਕੋਲ ਸੈਰ ਕਰਨ ਲੱਗ ਪਈ। ਇੱਕ ਵਲੰਟੀਅਰ ਨੇ ਫ਼ਿਕਰਮੰਦੀ ਨਾਲ ਆਪਣੇ ਸੀਨੀਅਰ ਨੂੰ ਜਾ ਦੱਸਿਆ ਕਿ ਕੋਈ ਸ਼ੱਕੀ ਔਰਤ ਟਰਾਲੀਆਂ ਕੋਲ ਤੁਰੀ ਫਿਰਦੀ ਹੈ। ਉਹ ਜਲਦੀ ਨਾਲ ਉੱਠ ਕੇ ਉਸ ਭੈਣ ਕੋਲ ਗਿਆ ਤੇ ਪੁੱਛਗਿੱਛ ਕਰਨ ਲੱਗਾ। ਉਸਦੀ ਉਦੋਂ ਤੱਕ ਤਸੱਲੀ ਨਾ ਹੋਈ ਜਦੋਂ ਤੱਕ ਉਸਨੇ ਸਾਨੂੰ ਕੈਂਟਰ ਵਿੱਚ ਪਈਆਂ ਨੂੰ ਉਸ ਭੈਣ ਦੇ ਸਾਡੇ ਨਾਲ ਹੋਣ ਬਾਰੇ ਪੁੱਛ ਨਹੀਂ ਲਿਆ। ਮਤਲਬ ਜੇ ਆਪਣੇ ਹੱਕਾਂ ਲਈ ਜੋਸ਼ ਹੈ ਤਾਂ ਹੋਸ਼ ਵੀ ਬਰਕਰਾਰ ਹੈ।

ਮੁੱਖ ਸਟੇਜ ਦੇ ਪਿਛਲੇ ਪਾਸੇ ਨਾਕੇਬੰਦੀ ਕੀਤੀ ਹੋਈ ਦਿਖਾਈ ਦਿੰਦੀ ਹੈ। ਪਹਿਲਾਂ ਬੈਰੀਅਰ ਅਤੇ ਕੰਡਿਆਲੀ ਤਾਰ ਲੱਗੀ ਹੋਈ ਹੈ, ਅੱਗੇ ਮਿੱਟੀ ਦੇ ਭਰੇ ਟਰੱਕ ਖੜੇ ਹਨ। ਫਿਰ ਵੱਡੀ ਗਿਣਤੀ ਵਿੱਚ ਪੁਲਿਸ ਖੜੀ ਹੈ। ਅੱਗੇ ਫਿਰ ਬੈਰੀਅਰ ਹੀ ਬੈਰੀਅਰ ਨਜ਼ਰ ਆਉਂਦੇ ਹਨ। ਅੱਥਰੂ ਗੈਸ ਅਤੇ ਪਾਣੀ ਦੀਆਂ ਬੁਛਾੜਾਂ ਮਾਰਨ ਵਾਲੀਆਂ ਗੱਡੀਆਂ ਖੜੀਆਂ ਹਨ। ਇੱਥੇ ਆ ਕੇ ਇੱਕ ਵਾਰ ਤਾਂ ਭੁਲੇਖਾ ਪੈ ਜਾਂਦਾ ਕਿ ਭਾਰਤ ਦੀ ਰਾਜਧਾਨੀ ਵਿੱਚ ਹਾਂ ਜਾਂ ਪਾਕਿਸਤਾਨ ਦੀ ਸਰਹੱਦ ’ਤੇ ਖੜੇ ਹਾਂ। ਸਰਕਾਰ ਵੱਲੋਂ ਕਿਸਾਨਾਂ ਨੂੰ ਡਰਾਉਣ ਲਈ ਕੀਤਾ ਹਰ ਪ੍ਰਬੰਧ ਨਕਾਰਾ ਹੋ ਕੇ ਰਹਿ ਗਿਆ ਹੈ।

ਸੰਘਰਸ਼ ਵਿੱਚ ਫੁੱਟ ਪਾਉਣ ਲਈ ‘ਖਾਲਿਸਤਾਨ’ ,‘ਅੱਤਵਾਦ’ ਦਾ ਕੀਤਾ ਜਾ ਰਿਹਾ ਪ੍ਰਚਾਰ ਵੀ ਕੋਈ ਅਸਰ ਨਹੀਂ ਪਾ ਸਕਿਆ। ਫਿਰ ਵੀ ਕਿਸਾਨ ਅੰਦੋਲਨ ਜਿੱਥੇ ਪਹੁੰਚ ਚੁੱਕਾ ਹੈ, ਉੱਥੇ ਗੰਭੀਰਤਾ ਬਣਾਈ ਰੱਖਣੀ ਬੜੀ ਜ਼ਰੂਰੀ ਹੈ। ਕਿਸੇ ਵੱਲੋਂ ਵੀ ਕੀਤੀ ਨਿੱਕੀ ਜਿਹੀ ਸ਼ਰਾਰਤ ਵੱਡਾ ਨੁਕਸਾਨ ਕਰ ਸਕਦੀ ਹੈ। ਜਵਾਨੀ ਦਾ ਜੋਸ਼ ਸੰਘਰਸ਼ ਦੀ ਵੱਡੀ ਤਾਕਤ ਹੈ ਪਰ ਹੋਸ਼ ਸੰਭਾਲੀ ਰੱਖਣਾ ਵੀ ਅਤਿ ਜ਼ਰੂਰੀ ਹੈ। ਅਸਲ ਵਿੱਚ ਇਹ ਅੰਨੇ ਮੁਨਾਫ਼ੇ ਖੱਟਣ ਵਾਲੇ ਕਾਰਪੋਰੇਟੀ ਘਰਾਣਿਆਂ ਨੂੰ ਚੁਣੌਤੀ ਦੇਣ ਵਾਲਾ ਅੰਦੋਲਨ ਹੈ। ਇਸ ਲਈ ਕਿਸਾਨ ਅੰਦੋਲਨ ਦੀ ਜਿੱਤ ਨਵਾਂ ਇਤਿਹਾਸ ਸਿਰਜੇਗੀ।

## ਸਰਬੰਸਦਾਨੀ ਦਾ ਅਨੰਦਪੁਰੀ ਤੋਂ ਮਾਛੀਵਾੜੇ ਤੱਕ ਸਫਰ

# ਸਿੱਖ ਜੁਆਨੀ ਨੂੰ ਲੋੜ ਹੈ ਸ਼ਹੀਦੀ ਹਫਤੇ ਨੂੰ ਉਸੇ ਸੰਦਰਭ ਵਿਚ ਜਿਉ ਕੇ ਦੇਖਣ ਦੀ



- ਬਘੇਲ ਸਿੰਘ ਧਾਲੀਵਾਲ
99142-58142

ਜਦੋਂ ਸਰਦੀਆਂ ਵਿੱਚ ਸਭ ਤੋਂ ਠੰਡਾ ਪੋਹ ਦਾ ਮਹੀਨਾ ਆਉਦਾ ਹੈ, ਤਾਂ ਭਾਵੇਂ ਸਿੱਖਾਂ ਦੇ ਮਨਾਂ ਅੰਦਰ ਸ਼ਹੀਦੀ ਹਫਤੇ ਦੀ ਯਾਦ ਤਾਜ਼ਾ ਹੋ ਜਾਂਦੀ ਹੈ, ਪ੍ਰੰਤੂ ਕੀ ਸਿੱਖ ਦੇ ਮਨ ਵਿਚ ਸ੍ਰੀ ਅਨੰਦਪੁਰ ਸਾਹਿਬ ਦੀ ਉਹ ਦਾਸਤਾਨ ਅੱਖਾਂ ਸਾਹਮਣੇ ਹੂ ਬ ਹੂ ਕਲਪਿਤ ਹੋਣ ਲੱਗਦੀ ਹੈ, ਕੀ ਸਿੱਖ ਉਸ ਸਮੇਂ ਨੂੰ ਉਸੇ ਸੰਦਰਭ ਵਿੱਚ ਜਿਉਂ ਕੇ ਦੇਖਦੇ ਹਨ, ਜਦੋਂ ਗੁਰੂ ਸਾਹਿਬ ਨੂੰ ਪਹਾੜੀ ਹਿੰਦੂ ਰਾਜਿਆਂ ਅਤੇ ਮੁਗਲ ਨੇ ਝੂਠੀਆਂ ਕਸਮਾਂ ਖਾ ਕੇ ਕਿਲਾ ਛੱਡਣ ਲਈ ਮਜਬੂਰ ਕੀਤਾ ਸੀ ਅਤੇ ਫਿਰ ਕਿਸ ਤਰਾਂ ਸਾਰੀਆਂ ਗਊ ਤੇ ਕੁਰਾਨ ਦੀਆਂ ਕਸਮਾਂ ਖੂਹ ਖਾਤੇ ਪਾ ਕੇ ਗੁਰੂ ਸਾਹਿਬ ਸਮੇਤ ਸਿੱਖਾਂ ਦਾ ਪਿੱਛਾ ਕੀਤਾ। ਕਿਸ ਤਰਾਂ ਸਰਸਾ ਨਦੀ ਦੇ ਕਿਨਾਰੇ ਹੋਏ ਘਮਸਾਣ ਯੁੱਧ ਵਿਚੋਂ ਜੇਤੂ ਹੋ ਕੇ ਨਿਕਲਣ ਤੋਂ ਬਾਅਦ ਗੁਰੂ ਸਾਹਿਬ ਦਾ ਸਰਸਾ ਨਦੀ ਪਾਰ ਕਰਨ ਸਮੇਂ ਪਰਿਵਾਰ ਨਾਲ ਵਿਛੋੜਾ ਪੈ ਗਿਆ, ਕਿਸ ਤਰਾਂ ਰਾਤ ਦੀਆਂ ਕਕਰੀਲੀਆਂ ਰਾਤਾਂ ਵਿੱਚ ਦੋ ਮਸੂਮ ਜਿੰਦਾਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਨੂੰ ਲੈ ਕੇ ਮਾਤਾ ਗੁਜਰੀ ਜੀ ਅਪਣੇ ਪੁਰਾਣੇ ਰਸੋਈਏ ਦੇ ਘਰ ਮੋਰਿੰਡੇ ਦੇ ਨਜਦੀਕ ਪਿੰਡ ਖੇੜੀ ਆ ਗਏ, ਜਿਨਾਂ ਨੂੰ ਗੰਗੂ ਬ੍ਰਾਹਮਣ ਨੇ ਵਿਸਵਾਸ਼ਘਾਤ ਕਰਕੇ ਹਕੂਮਤ ਤੋਂ ਇਨਾਮ ਲੈਣ ਦੇ ਲਾਲਚ ਵਿੱਚ ਗ੍ਰਿਫਤਾਰ ਕਰਵਾ ਦਿੱਤਾ। ਇੱਥੋ ਹੀ ਸ਼ੁਰੂ ਹੁੰਦੀ ਹੈ, ਉਹ ਖ਼ੂਨੀ ਦਾਸਤਾਨ, ਜਦੋਂ ਦੋ ਵੱਖੋ ਵੱਖਰੇ ਰਸਤਿਆਂ ਦਾ ਪੈਂਡਾ ਤਹਿ ਕਰਕੇ ਗੁਰੂ ਸਾਹਿਬ ਦਾ ਪਰਿਵਾਰ ਸ਼ਹਾਦਤਾਂ ਦੇ ਬਿਲਕੁਲ ਕਰੀਬ ਪਹੁੰਚ ਗਿਆ। ਇੱਕ ਪਾਸੇ ਗੁਰੂ ਸਾਹਿਬ ਆਪਣੇ ਦੋ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਅਤੇ ਚਾਲੀ ਪੰਤਾਲੀ ਕੁ ਸਿੰਘਾਂ ਦੇ ਨਿੱਕੇ ਜਿਹੇ ਜਥੇ ਸਮੇਤ ਚਮਕੌਰ ਦੀ ਕੱਚੀ ਗੜੀ ਵਿਖੇ ਪੁੱਜ ਜਾਂਦੇ ਹਨ, ਜਿੱਥੇ ਉਨਾਂ ਦਾ ਪਿੱਛਾ ਕਰਦੀਆਂ ਹਿੰਦੂ ਰਾਜਿਆਂ ਅਤੇ ਮੁਗਲਾਂ ਦੀਆਂ ਸਾਂਝੀਆਂ 10 ਲੱਖ ਫੌਜਾਂ ਨੇ ਚਮਕੌਰ ਦੀ ਉਸ ਕੱਚੀ ਗੜੀ ਨੂੰ ਘੇਰਾ ਪਾ ਲਿਆ, ਜਿਸ ਨੇ ਅਜਿਹਾ ਇਤਿਹਾਸ ਸਿਰਜਿਆ ਕਿ ਗੁਰੂ ਦੀ ਚਰਨ ਛੋਹ ਪ੍ਰਾਪਤ ਕਰਕੇ ਕੱਚੀ ਗੜੀ ਵੀ ਹਮੇਸ਼ਾ ਲਈ ਅਮਰ ਹੋ ਗਈ। ਇੱਥੇ ਗੁਰੂ ਸਾਹਿਬ ਆਪਣੇ ਦੋ ਵੱਡੇ ਸਾਹਿਬਜ਼ਾਦਿਆਂ ਸਮੇਤ 42,45 ਕੁ ਸਿੰਘਾਂ ਦੇ ਨਾਲ ਮੋਰਚਾ ਮੱਲ ਕੇ ਬੈਠ ਜਾਂਦੇ ਹਨ ਤਾਂ ਕਿ ਦੁਸ਼ਮਣ ਦੇ ਟਿੱਡੀ ਦਲ ਦਾ ਮੁਕਾਬਲਾ ਕਰਨ ਦੀ ਵਿਉਂਤਬੰਦੀ ਕੀਤੀ ਜਾ ਸਕੇ। ਇੱਥੋਂ ਹੀ ਗੁਰੂ ਜੀ ਵਾਰੋ ਵਾਰੀ ਪੰਜ ਪੰਜ ਸਿੱਖਾਂ ਦੇ ਜਥੇ ਦੁਸ਼ਮਣ ਦਾ ਟਾਕਰਾ ਕਰਨ ਲਈ ਭੇਜ ਰਹੇ ਹਨ ਅਤੇ ਇਸ ਤਰਾਂ ਚੱਲਦੇ ਯੁੱਧ ਵਿੱਚ ਵਾਰੀ ਗੁਰੂ ਸਾਹਿਬ ਦੇ ਦੋਨੋਂ ਵੱਡੇ ਛੋਟੇ ਸਾਹਿਬਜ਼ਾਦਿਆਂ ਦੀ ਵੀ ਆ ਜਾਂਦੀ ਹੈ ਤੇ ਉਹ ਵੀ ਬਾਕੀ ਸਿੰਘਾਂ ਦੀ ਤਰਾਂ ਦੁਸ਼ਮਣ ਫੌਜਾਂ ਦਾ ਮੁਕਾਬਲਾ ਕਰਦੇ ਸ਼ਹਾਦਤਾਂ ਦਾ ਅੰਮ੍ਰਿਤ ਪੀ ਜਾਂਦੇ ਹਨ, ਇਸੇ ਦੌਰਾਨ ਹੀ ਚੱਲਦੇ ਘਮਸਾਣ ਯੁੱਧ ਵਿੱਚ ਹੀ ਗੁਰੂ ਦੇ ਸਿੰਘ ਪੰਜ ਪਿਆਰਿਆਂ ਦੇ ਰੂਪ ਵਿੱਚ ਇਕੱਤਰ ਹੋ ਕੇ ਗੁਰੂ ਨੂੰ ਕੱਚੀ ਗੜੀ 'ਚੋਂ ਨਿਕਲ ਜਾਣ ਦਾ ਖਾਲਸਈ ਹੁਕਮ ਸੁਣਾ ਦਿੰਦੇ ਹਨ, ਜਿਸ ਹੁਕਮ ਦੀ ਅਵੱਗਿਆ ਕਰਨ ਦੀ ਹਿੰਮਤ ਗੁਰੂ ਸਾਹਿਬ ਵੀ ਨਹੀਂ ਜੁਟਾ ਸਕਦੇ, ਕਿਉਂਕਿ ਜਿਸ ਗੁਰੂ ਨੇ ਆਪਣੇ ਸੀਸ ਵਾਰੂ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਚੇਲੇ ਦਾ ਫਰਕ ਮਿਟਾ ਦਿੱਤਾ ਹੋਵੇ ਅਤੇ ਖੁਦ ਆਪ ਹੀ ਪੰਜ ਪਿਆਰਿਆਂ ਨੂੰ ਪੂਰੇ ਗੁਰੂ ਦਾ ਦਰਜਾ ਦਿੱਤਾ ਹੋਵੇ , ਉਹ ਕਹਿਣੀ ਕਰਨੀ ਦਾ ਪੂਰਾ ਗੁਰੂ, ਇਲਾਹੀ ਪਾਤਸ਼ਾਹ ਹੋਣ ਦੇ ਬਾਵਜੂਦ ਵੀ ਪੰਜ ਪਿਆਰਿਆਂ ਦੇ ਹੁਕਮ ਨੂੰ ਮੰਨਣ ਤੋਂ ਇਨਕਾਰੀ ਕਿਵੇਂ ਹੋ ਸਕਦਾ ਹੈ। ਸੋ ਗੁਰੂ ਸਾਹਿਬ ਨੇ ਆਪਣੇ ਨਾਲ ਪੰਜ ਪਿਆਰਿਆਂ ਵਿਚੋਂ ਭਾਈ ਦਿਆ ਸਿੰਘ , ਭਾਈ ਧਰਮ ਸਿੰਘ ਅਤੇ ਇੱਕ ਹੋਰ ਸਿੰਘ ਭਾਈ ਮਾਨ ਸਿੰਘ ਸਮੇਤ ਕੱਚੀ ਗੜੀ ਵਿਚੋਂ ਦੁਸ਼ਮਣ ਨੂੰ ਲਲਕਾਰਦੇ ਹੋਏ ਵੱਖੋ ਵੱਖ ਦਿਸ਼ਾਵਾਂ ਵੱਲ ਕੂਚ ਕਰ ਗਏ। ਅਸਲ ਗੱਲ ਤਾਂ ਇਹ ਹੈ ਕਿ ਕੀ ਅੱਜ ਦੇ ਸਮਿਆਂ ਦਾ ਸਿੱਖ ਆਪਣੇ ਗੁਰੂ ਦੀ ਘਾਲੀ ਘਾਲਣਾ ਨੂੰ ਯਾਦ ਕਰਦਾ ਹੋਇਆ ਅੱਜ ਉਨਾਂ ਹਾਲਾਤਾਂ ਨੂੰ ਮਹਿਸੂਸ ਕਰਦਾ ਹੈ ? ਉਨਾਂ ਪਲਾਂ, ਘੜੀਆਂ ਦਿਨਾਂ ਤੇ ਰਾਤਾਂ ਨੂੰ ਉਸ ਸਮੇਂ ਵਿੱਚ ਹੀ ਜਿਉਂ ਕੇ ਦੇਖਦਾ ਹੈ, ਜਦੋਂ ਨੀਲੇ ਦੇ ਸ਼ਾਹ ਅਸਵਾਰ ਕਲਗੀਆਂ ਵਾਲੇ ਪਾਤਸ਼ਾਹ ਆਪਣੇ ਪੁੱਤਰਾਂ ਨੂੰ ਮੈਦਾਨੇ ਜੰਗ ਵਿੱਚ ਸ਼ਹੀਦ ਕਰਵਾਉਣ ਤੋਂ ਬਾਅਦ ਆਪਣੇ ਪੁੱਤਾਂ ਤੋਂ ਪਿਆਰੇ ਸਿੰਘਾਂ ਨਾਲ ਉੱਥੋ ਜਿੱਤ ਦੇ ਡੰਕੇ ਵਜਾ ਕੇ ਜੈਕਾਰੇ ਗੁੰਜਾਉਂਦੇ ਉਸ ਕੱਚੀ ਗੜੀ 'ਚੋਂ ਹੱਥ ਝਾੜ ਕੇ ਤਾੜੀਆਂ ਮਾਰਦੇ ਨਿਕਲ ਤੁਰੇ ਹੋਣਗੇ। ਉਪਰੋਂ ਕੱਕਰ ਦੀਆਂ ਠੰਡੀਆਂ ਰਾਤਾਂ ਅਤੇ ਮੁਗਲ, ਪਹਾੜੀਆਂ ਦਾ ਟਿੱਡੀ ਦਲ ਵੀ ਗੁਰੂ ਦੇ ਰਾਹ ਰੋਕਣ ਦੀ ਅਸਫਲ ਕੋਸ਼ਿਸ ਵਿੱਚ ਲੱਗਾ ਹੋਵੇਗਾ, ਪ੍ਰੰਤੂ ਅਲਾਹੀ ਰੰਗ ਵਿੱਚ ਰੰਗੇ ਸੱਚੇ ਪਾਤਸ਼ਾਹ ਦੇ ਹਿੰਮਤ ਹੌਸਲੇ ਅਤੇ ਸਾਹਸ ਦਾ ਮੁਕਾਬਲਾ ਇਸ ਦੰਭੀ ਦੁਨੀਆ ਵਿੱਚ ਕੌਣ ਕਰ ਸਕਦਾ ਹੈ , ਜਿਸ ਨੇ ਸਿਰਫ ਨੌਂ ਸਾਲ ਦੀ ਉਮਰ ਵਿੱਚ ਆਪਣੇ ਪਿਤਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਕਸ਼ਮੀਰੀ ਪੰਡਤਾਂ ਦੀ ਫਰਿਆਦ ਤੇ ਉਨਾਂ ਦੇ ਧਰਮ ਦੀ ਰੱਖਿਆ ਲਈ ਅਤੇ ਸਮੇਂ ਦੀਆਂ ਹਕੂਮਤਾਂ ਵੱਲੋਂ ਮਾਨਵੀ ਅਧਿਕਾਰਾਂ ਦੇ ਕੀਤੇ ਜਾ ਰਹੇ ਘਾਣ ਨੂੰ ਠੱਲ ਪਾਉਣ ਲਈ ਖੁਦ ਭੇਜਿਆ ਹੋਵੇ ਅਤੇ ਫਿਰ ਮਨੁੱਖੀ ਅਧਿਕਾਰਾਂ ਦੀ ਰਾਖੀ ਦਾ ਜਿੰਮਾ ਅਪਣੇ ਸਿਰ ਲੈ ਲੈਣ ਵਾਲੇ ਗੁਰੂ ਪਿਤਾ ਮੁੜਕੇ ਜਿਉਂਦੇ ਵਾਪਸ ਹੀ ਨਾ ਆਏ ਹੋਣ, ਸਗੋਂ ਉਨਾਂ ਦੀ ਸ਼ਹਾਦਤ ਦਾ ਸੁਨੇਹਾ ਪਹੁੰਚਿਆ ਹੋਵੇ। ਜਿਹੜੇ ਬੱਚੇ ਕੋਲ ਮੁੜ ਕੇ ਵਾਪਸ ਉਹ ਦਾ ਪਿਤਾ ਨਹੀਂ ਬਲਕਿ ਪਿਤਾ ਦਾ ਕੱਟਿਆ ਹੋਇਆ ਸੀਸ ਪਹੁੰਚਿਆ ਹੋਵੇਗਾ, ਉਹ ਵੀ ਹਕੂਮਤ ਦੇ ਕਹਿਰ ਤੋਂ ਬਚਦਾ ਬਚਾਉਂਦਾ ਰਾਤ ਦੇ ਹਨੇਰਿਆਂ ਵਿੱਚ ਕੋਈ ਗੁਰੂ ਦਾ ਪਿਆਰਾ ਸਿੱਖ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਾ ਹੋਇਆ ਚਾਂਦਨੀ ਚੌਂਕ ਵਿਚੋਂ ਕੱਟਿਆ ਸੀਸ ਚੋਰੀ ਚੁੱਕ ਕੇ ਵਿਖੜੇ ਪੈਂਡਿਆਂ ਰਾਹੀ ਵਾਟਾਂ ਨਬੇੜਦਾ ਸ੍ਰੀ ਅਨੰਦਪੁਰ ਸਾਹਿਬ ਲੈ ਕੇ ਪੁੱਜਿਆ ਹੋਵੇਗਾ, ਤਾਂ ਅੰਦਾਜਾ ਲਾਉਣਾ ਔਖਾ ਨਹੀਂ ਕਿ ਉਸ ਗੁਰੂ ਦਾ ਜਿਗਰਾ ਕਿੰਨਾ ਵੱਡਾ ਹੋਵੇਗਾ, ਜਿਹੜਾ ਬਾਲ ਉਮਰੇ ਮਜਲੂਮਾਂ ਦੀ ਰਾਖੀ ਲਈ ਪਿਤਾ ਕੁਰਬਾਨ ਕਰ ਸਕਣ ਦੀ ਹਿੰਮਤ ਰੱਖਦਾ ਹੋਵੇ। ਫਿਰ ਭਲਾ ਅਜਿਹੇ ਗੁਰੂ ਨੂੰ ਕੱਚੀ ਗੜੀ ਵਿੱਚ ਪਏ ਦੁਨਿਆਵੀ ਤੇ ਦੰਭੀ ਹਕੂਮਤਾਂ ਦੀਆਂ ਮਹਿਜ ਦਸ ਲੱਖ ਫੌਜਾਂ ਦੇ ਘੇਰੇ ਦੀ ਕੀ ਪ੍ਰਵਾਹ ਹੋ ਸਕਦੀ ਹੈ ਅਤੇ ਅਜਿਹੇ ਇਲਾਹੀ ਨੂਰ ਵਾਲੇ ਸਮਰੱਥ ਗੁਰੂ ਦੇ ਰਾਹ ਕੌਣ ਰੋਕ ਸਕਦਾ ਹੈ ? ਪ੍ਰੰਤੂ ਅੱਜ ਗੁਰੂ ਦੇ ਅਹਿਸਾਨਾਂ ਨੂੰ ਭੁੱਲਦੀ ਜਾ ਰਹੀ ਸਿੱਖ ਕੌਮ ਦੇ ਸੋਚਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਦਸਵੇਂ ਗੁਰੂ ਸਾਹਿਬ ਨੇ ਆਪਣੀ ਕੌਮ ਲਈ ਆਪਣਾ ਪੂਰਾ ਪਰਿਵਾਰ ਸਿਰਫ ਇੱਕੋ ਹਫਤੇ ਵਿੱਚ ਨਿਛਾਵਰ ਕਰ ਦਿੱਤਾ, ਆਪਣੇ ਪਿਤਾ ਵੱਲੋਂ ਪਹਾੜੀ ਰਾਜਿਆਂ ਤੋਂ ਮੁੱਲ ਖਰੀਦੀ ਜ਼ਮੀਨ ਅਨੰਦਪੁਰੀ ਨੂੰ ਛੱਡ ਦਿੱਤਾ , ਕਕਰੀਲੀਆਂ, ਕੰਡਿਆਲੀਆਂ ਰਾਤਾਂ ਵਿੱਚ ਨੰਗੇ ਪੈਰੀ ਤੁਰਨਾ ਪ੍ਰਵਾਨ ਕਰ ਲਿਆ ਤਾਂ ਕਿ ਹੱਕ ਸੱਚ ਇਨਸਾਫ ਦੀ ਅਵਾਜ਼ ਨੂੰ ਬੁਲੰਦ ਕਰਨ ਲਈ ਗੁਰੂ ਨਾਨਕ ਦੀ ਨਿਆਰੀ, ਨਿਰਾਲੀ ਕੌਮ ਦੁਨੀਆ ਦੇ ਨਕਸ਼ੇ ਤੇ ਰਹਿੰਦੀ ਦੁਨੀਆ ਤੱਕ ਸਲਾਮਤ ਰਹਿ ਕੇ ਮਜਲੂਮਾਂ ਦੀ ਰਾਖੀ ਕਰਦੀ ਜਬਰ , ਜ਼ੁਲਮ ਨੂੰ ਠੱਲ ਪਾਉਂਦੀ ਰਹੇ, ਨਹੀਂ ਕਿਹੜਾ ਬਾਪ ਹੈ ਜਿਹੜਾ ਸਾਰਾ ਕੁੱਝ ਲੁਟਾ ਕੇ ਵੀ ਮਾਛੀਵਾੜੇ ਦੇ ਜੰਗਲਾਂ ਵਿੱਚ ਬੇਫਿਕਰ ਸੌਂ ਸਕਣ ਦੀ ਹਿੰਮਤ ਕਰ ਸਕਦਾ ਹੈ। ਇਹ ਉਹ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਦੇ ਹਿੱਸੇ ਹੀ ਆਇਆ ਹੈ,ਜਿਸ ਨੇ ਸਾਰਾ ਪਰਿਵਾਰ ਵਾਰਨ ਤੋਂ ਬਾਅਦ ਦਮਦਮਾ ਸਾਹਿਬ ਤਲਵੰਡੀ ਸਾਬੋ ਦੀ ਧਰਤੀ ਤੇ ਗੁਰੂ ਜੀ ਪਾਸ ਪਹੁੰਚੀ ਮਾਤਾ ਜੀਤੋ ਵੱਲੋਂ ਅਪਣੇ ਚਾਰੇ ਪੁੱਤਰਾਂ ਸਬੰਧੀ ਪੁੱਛੇ ਜਾਣ 'ਤੇ ਆਪਣੇ ਸਿੱਖਾਂ ਵੱਲ ਇਸ਼ਾਰਾ ਕਰਕੇ ਕਿਹਾ ਸੀ ਕਿ 'ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ, ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ।' ਸੋ ਅੱਜ ਲੋੜ ਹੈ ਉਸ ਸਰਬੰਸਦਾਨੀ ਗੁਰੂ ਵੱਲੋਂ ਸ੍ਰੀ ਅਨੰਦਪੁਰੀ ਛੱਡਣ ਤੋਂ ਮਾਛੀਵਾੜੇ ਦੇ ਜੰਗਲਾਂ ਤੱਕ ਪੁੱਜਣ ਦੀ ਵਿਥਿਆ ਨੂੰ ਮਹਿਸੂਸ ਕਰਨ ਅਤੇ ਸਿੱਖ ਕੌਮ ਤੋਂ ਇੱਕੋ ਹਫਤੇ ਵਿਚ ਵਾਰੇ ਸੋਹਣੇ ਪਰਿਵਾਰ ਦੇ ਸ਼ਹੀਦੀ ਦਿਹਾੜਿਆਂ ਨੂੰ ਉਸ ਸਮੇਂ ਵਿਚ ਜਿਉਂ ਕੇ ਦੇਖ ਦੇ ਹੋਏ ਪ੍ਰੇਰਨਾ ਲੈਣ ਦੀ, ਤਾਂ ਕਿ ਆਪਣੇ ਪੁਰਖਿਆਂ ਵੱਲੋਂ ਪਾਈ ਸ਼ਹਾਦਤਾਂ ਦੀ ਪਿਰਤ ਦੇ ਪਹਿਰੇਦਾਰ ਬਣ ਕੇ ਸਿੱਖੀ ਦੀ ਚੜਦੀ ਕਲਾ ਲਈ ਮਰ ਮਿਟਣ ਦੀ ਤਾਂਘ ਹਰ ਸਿੱਖ ਦੇ ਮਨ ਵਿਚ ਪ੍ਰਬਲਤਾ ਨਾਲ ਬਰਕਰਾਰ ਰਹਿ ਸਕੇ , ਆਪਣਾ ਧਰਮ ਤੇ ਨਿਆਰੀ ਨਿਰਾਲੀ ਕੌਮੀ ਹੋਂਦ ਨੂੰ ਬਣਾਈ ਰੱਖਣ ਲਈ ਆਪਾ ਵਾਰੂ ਭਾਵਨਾ ਨੂੰ ਜਿਉਂਦਾ ਰੱਖਿਆ ਜਾ ਸਕੇ ਅਤੇ ਸਿੱਖ ਆਪਣੇ ਹੱਕਾਂ ਹਕੂਕਾਂ ਦੀ ਰਾਖੀ ਕਰਨਾ ਆਪਣਾ ਪਰਮ ਧਰਮ ਸਮਝਦੇ ਹੋਏ ਜਿੰਦਗੀ ਬਸਰ ਕਰਨ ਦੀ ਜਾਚ ਸਿੱਖ ਸਕਣ। ਨਸ਼ਿਆਂ ਅਤੇ ਲੱਚਰਤਾ ਵਿਚ ਗ੍ਰਸਤ ਹੋ ਕੇ ਸਿੱਖੀ ਦੇ ਗਾਡੀ ਰਾਹ ਨੂੰ ਵਿਸਾਰਦੀ ਜਾ ਰਹੀ ਸਿੱਖ ਜੁਆਨੀ ਨੂੰ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਦੀ ਸ਼ਹਾਦਤ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ, ਤਾਂ ਕਿ ਸਿੱਖੀ ਦੇ ਉੱਜਲ ਭਵਿੱਖ ਨੂੰ ਯਕੀਨੀ ਬਣਾਇਆ ਜਾ ਸਕੇ।

---

# ਚਮਕੌਰ ਦੀ ਜੰਗ

## 21-23 ਦਸੰਬਰ 1704 'ਤੇ ਵਿਸ਼ੇਸ਼

- ਬਘੇਲ ਸਿੰਘ ਧਾਲੀਵਾਲ
99142-58142

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਰਮ ਦੀ ਰੱਖਿਆ ਲਈ 11 ਨਵੰਬਰ 1675 ਨੂੰ ਸ਼ਹੀਦੀ ਪਾਈ। ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਸੰਭਾਲਦਿਆਂ, ਕੌਮ ਵਿਚ ਚੜਦੀ ਕਲਾ ਦਾ ਜਜ਼ਬਾ ਭਰਨ ਲਈ 1699 ਵਿਚ ਖ਼ਾਲਸਾ ਪੰਥ ਸਾਜਿਆ। ਮਨੁੱਖ ਦੀ ਪੂਰਨ ਆਜਾਦੀ ਤੇ ਪਹਿਰਾ ਦਿੱਤਾ। ਗੁਰੂ ਜੀ ਦੀ ਵਧਦੀ ਫੌਜੀ ਤਾਕਤ ਤੋਂ ਮੁਗਲਾਂ ਦੇ ਨਾਲ ਨਾਲ ਬਾਈਧਾਰ ਦੇ ਪਹਾੜੀ ਰਾਜੇ ਵੀ ਭੈ-ਭੀਤ ਸਨ। ਮੁਗਲ ਬਾਦਸ਼ਾਹ ਔਰੰਗਜੇਬ ਦਾ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦਾ ਖ਼ੂਨੀ ਇਰਾਦਾ ਸੀ। ਅਨੰਦਪੁਰ ਸਾਹਿਬ ਦੀ 1704 ਦੀ ਜੰਗ ਤੋਂ ਮੁਗਲ ਤੰਗ ਆ ਚੁੱਕੇ ਸਨ। ਮੁਗਲਾਂ ਨੇ ਅਨੰਦਗੜ ਸਾਹਿਬ ਦਾ ਕਿਲਾ ਖਾਲੀ ਕਰਵਾਉਣ ਲਈ ਫੌਜ ਨੂੰ ਖਾਸ ਸਿਖਲਾਈ ਦਿੱਤੀ ਸੀ। ਫੌਜ ਦੇ ਘੇਰੇ ਵਿਚ ਗੁਰੂ ਜੀ ਕਿਲੇ ਵਿਚ ਡਟੇ ਰਹੇ। ਲੰਮੀ ਉਡੀਕ ਤੋਂ ਬਾਅਦ ਦੁਸ਼ਮਣ ਮੱਕਾਰੀ ਤੇ ਉਤਰ ਆਏ। ਉਨਾਂ ਨੇ ਆਪਣੇ ਧਰਮਾਂ ਦੀਆਂ ਝੂਠੀਆਂ ਕਸਮਾਂ ਖਾ ਕੇ ਸ਼ਰਤ ਰੱਖੀ ਕਿ ਜੇਕਰ ਗੁਰੂ ਜੀ ਅਨੰਦਪੁਰ ਸਾਹਿਬ ਛੱਡ ਦੇਣ ਤਾਂ ਉਨਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ। ਗੁਰੂ ਜੀ ਨੇ 20 ਦਸੰਬਰ, 1704, ਦੀ ਸਰਦ ਰੁੱਤ ਵਿਚ 400 ਸਿੰਘਾਂ ਨਾਲ ਅਨੰਦਪੁਰ ਸਾਹਿਬ ਛੱਡ ਦਿੱਤਾ।

ਸਿਆਲ ਦੀ ਕਕਰੀਲੀ ਤੂਫ਼ਾਨੀ 20-21 ਦਸੰਬਰ ਵਿਚਲੀ ਰਾਤ ਗੁਰੂ ਜੀ 25 ਕਿਲੋਮੀਟਰ ਹੀ ਲੰਘੇ ਸਨ ਕਿ ਵੈਰੀ ਦੀਆਂ ਫੌਜਾਂ ਨੇ ਹਮਲਾ ਕਰ ਦਿੱਤਾ। ਸਿਰਸਾ ਨਦੀ ਤੇ ਘਮਸਾਨ ਦੀ ਜੰਗ ਹੋਈ। ਸਿੰਘ ਬੜੀ ਬਹਾਦਰੀ ਨਾਲ ਮੁਕਾਬਲਾ ਕਰਦੇ ਰਹੇ। ਕਈ ਸਿੰਘ ਸ਼ਹੀਦੀਆਂ ਪਾ ਗਏ। ਸਿੰਘ ਦੁਸ਼ਮਣ ਦਾ ਰਾਹ ਰੋਕ ਕੇ ਲੜਦੇ ਰਹੇ। ਬਾਕੀਆਂ ਨੂੰ ਸਿਰਸਾ ਪਾਰ ਕਰਵਾਉਂਦੇ ਗਏ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨਾਲ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਇਸ ਜੰਗ ਵਿਚ ਡਟੇ ਰਹੇ। ਮੁਗਲ ਗਿਣਤੀ ਵਿਚ ਬਹੁਤ ਸਨ। ਇਸ ਮੁਕਾਬਲੇ ਵਿਚ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਸ਼ਹੀਦੀ ਪਾ ਗਏ। ਇਸ ਅਸਥਾਨ ਤੇ ਇਨਾਂ ਦੀ ਯਾਦਗਾਰ ਬਣੀ ਹੈ। ਗੁਰੂ ਜੀ ਦਾ ਪਰਿਵਾਰ ਵਿਛੜ ਗਿਆ। ਉਥੇ ਗੁਰਦੁਆਰਾ ਸਾਹਿਬ 'ਪਰਿਵਾਰ ਵਿਛੋੜਾ' ਸੁਸ਼ੋਭਿਤ ਹੈ। ਸਿਰਸਾ ਤੋਂ ਪਾਰ ਗੁਰੂ ਜੀ ਨਾਲ ਦੋ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘ ਸਨ ਅਤੇ ਰੋਪੜ ਵੱਲ ਚੱਲ ਪਏ। ਰੋਪੜ ਦੇ ਕੋਲ ਜਾ ਕੇ ਠਾਹਰ ਬਣਾਈ।

ਚੌਧਰੀ ਬਿਧੀ ਜੰਗ ਜਿਮੀਦਾਰ ਨੇ ਕਿਹਾ ਕਿ ਗੁਰੂ ਜੀ ਦੁਸ਼ਮਣ ਦੀਆਂ ਫੌਜਾਂ ਪਿੱਛਾ ਕਰ ਰਹੀਆਂ ਹਨ। ਤੁਸੀਂ ਮੇਰੀ ਕੱਚੀ ਹਵੇਲੀ ਵਿਚ ਚਲੇ ਜਾਓ। ਗੁਰੂ ਜੀ ਇਸ ਉੱਚੀ ਹਵੇਲੀ ਕੱਚੀ ਗੜੀ ਨੂੰ ਵੇਖ ਕੇ ਮੁਸਕਰਾਏ ਕਿ ਇੱਥੇ ਖ਼ਾਲਸੇ ਦਾ ਸਾਹਸ ਅਤੇ ਸੂਰਬੀਰਤਾ ਦਾ ਇਤਿਹਾਸ ਲਿਖਿਆ ਜਾਣ ਹੈ। ਇੱਥੇ ਫੈਸਲਾਕੁੰਨ ਜੰਗ ਸੰਭਵ ਹੈ। ਗੁਰੂ ਜੀ ਨੇ ਆਪਣੀ ਫੌਜੀ ਸੂਝ ਨਾਲ ਕੱਚੀ ਗੜੀ ਨੂੰ ਰਣਨੀਤੀ ਦੇ ਆਧਾਰ ਤੇ ਫੌਜੀ ਕਿਲੇ ਦਾ ਰੂਪ ਦੇ ਦਿੱਤਾ। ਮੋਰਚਾਬੰਦੀ ਕਰਦਿਆਂ ਗੁਰੂ ਜੀ ਨੇ ਸਿੰਘਾਂ ਨੂੰ ਹਥਿਆਰਬੰਦ ਦਸਤਿਆਂ ਵਿਚ ਵੰਡ ਲਿਆ। ਵੈਰੀ ਦੀਆਂ ਫੌਜਾਂ ਲਾਗਲੇ ਮੈਦਾਨਾਂ ਵਿਚ ਪਹੁੰਚ ਚੁੱਕੀਆਂ ਸਨ। ਇਕ ਪਾਸੇ ਗੁਰੂ ਜੀ ਦੇ ਨਾਲ ਲੰਮੇ ਜੰਗਾਂ ਦੀ ਥਕਾਵਟ ਨਾਲ ਸਤਾਏ ਭੁੱਖਣ ਭਾਣੇ 40 ਸਿੰਘ ਸਨ। ਦੂਸਰੇ ਪਾਸੇ ਸਿਖਲਾਈ ਪ੍ਰਾਪਤ ਵੈਰੀ ਸਨ। ਗੁਰੂ ਜੀ ਦੇ ਕਥਨ ਅਨੁਸਾਰ ਦੁਸ਼ਮਣ ਦੀ ਫੌਜ ਦੀ ਗਿਣਤੀ 10 ਲੱਖ ਸੀ। ਜੋ ਨਵਾਬ ਵਜ਼ੀਰ ਖਾਨ ਦੀ ਅਗਵਾਈ ਹੇਠ ਸੀ। ਗੁਰੂ ਜੀ ਨੇ ਇੱਥੇ ਤੀਰਾਂ ਦੀ ਬੁਛਾੜ ਨਾਲ ਜੰਗ ਦਾ ਐਲਾਨ ਕਰ ਦਿੱਤਾ।

ਮੁਗਲ ਫੌਜਾਂ ਨੇ ਵੀ ਜਵਾਬ ਵਿਚ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆਂ। ਪਰ ਕੱਚੀ ਗੜੀ ਦੇ ਨੇੜੇ ਆਉਣ ਦੀ ਕਿਸੇ ਨੇ ਹਿੰਮਤ ਨਾ ਕੀਤੀ। ਗੁਰੂ ਜੀ ਨੇ ਸਿੰਘਾਂ ਨੂੰ ਕਿਹਾ ਕਿ ਦੁਸ਼ਮਣ ਦੇ ਮੁੱਖ ਸਰਦਾਰਾਂ ਨੂੰ ਸਿੱਧਾ ਨਿਸ਼ਾਨਾ ਬਣਾਇਆ ਜਾਵੇ। ਮੁਗਲ ਜਰਨੈਲ ਨਾਹਰ ਖਾਨ ਨੇ ਕੱਚੀ ਗੜੀ ਦੀ ਕੰਧ ਨਾਲ ਪੌੜੀ ਲਾ ਕੇ ਮਮਟੀ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ। ਗੁਰੂ ਜੀ ਨੇ ਤੀਰ ਨਾਲ ਉਸ ਨੂੰ ਉਡਾ ਦਿੱਤਾ। ਫਿਰ ਗਨੀ ਖਾਨ ਅੱਗੇ ਆਇਆ। ਗੁਰੂ ਜੀ ਨੇ ਉਸ ਨੂੰ ਵੀ ਚਿੱਤ ਕਰ ਦਿੱਤਾ। ਜਰਨੈਲ ਮਹਿਮੂਦ ਅਲੀ ਨੂੰ ਆਪਣੇ ਸਾਥੀਆਂ ਨੂੰ ਮਰਦੇ ਵੇਖਿਆ ਤਾਂ ਉਹ ਕੰਧ ਦੀ ਓਟ ਵਿਚ ਭੱਜ ਗਿਆ। ਵੈਰੀਆਂ ਦੀਆਂ ਫੌਜਾਂ ਭੈ-ਭੀਤ ਹੋ ਗਈਆਂ।

ਨਵਾਬ ਸਰਹਿੰਦ ਨੇ ਹੁਕਮ ਦਿੱਤਾ ਕਿ ਇਕੋ ਹੱਲੇ ਨਾਲ, ਕੱਚੀ ਗੜੀ ਸਰ ਕਰ ਲਈ ਜਾਵੇ ਤਾਂ ਜੋ ਫੈਸਲਾਕੁੰਨ ਯੁੱਧ ਲੜਿਆ ਜਾ ਸਕੇ। ਤਦ ਜਰਨੈਲ ਹਦਾਇਤ ਖਾਂ, ਇਸਮਾਈਲ ਖਾਂ, ਫੌਲਾਦ ਖਾਂ, ਸੁਲਤਾਨ ਖਾਂ, ਜਹਾਨ ਖਾਂ, ਅਸਲਮ ਖਾਂ, ਭੂਰੇ ਖਾਂ ਦੀਆਂ ਫੌਜਾਂ ਕੱਚੀ ਗੜੀ ਵਲ ਵਧੀਆਂ।

ਗੁਰੂ ਜੀ ਬਾਹਰ ਦਾ ਦ੍ਰਿਸ਼ ਵੇਖ ਰਹੇ ਸਨ। ਆਪ ਹੁਣ ਗੜੀ ਦੀ ਉੱਚੀ ਮਮਟੀ ਤੇ ਚਲੇ ਗਏ। ਦੋਨੋਂ ਸਾਹਿਬਜ਼ਾਦੇ ਵੀ ਨਾਲ ਸਨ। ਸਿੰਘਾਂ ਨੇ ਵੀ ਚੌਹੀਂ ਪਾਸੀਂ ਮੋਰਚੇ ਸੰਭਾਲ ਲਏ। ਭਾਈ ਮਦਨ ਸਿੰਘ ਤੇ ਭਾਈ ਗੰਡਾ ਸਿੰਘ ਗੜੀ ਦੇ ਮੁੱਖ ਦੁਆਰਾ ਤੇ ਤਾਇਨਾਤ ਸਨ। ਤਲਵਾਰ, ਤੀਰ, ਨੇਜੇ, ਭਾਲੇ ਲੈ ਕੇ ਮੁਕਾਬਲੇ ਲਈ ਤਿਆਰ ਹੋ ਗਏ। ਸਿੰਘ ਚੜਦੀ ਕਲਾ ਵਿਚ ਸਨ। ਉਨਾਂ ਨੂੰ ਮਾਣ ਸੀ ਕਿ ਧਰਮ ਯੁੱਧ ਵਿਚ ਉਹ ਗੁਰੂ ਜੀ ਦੇ ਨਾਲ ਹਨ। ਵੈਰੀ ਦੀਆਂ ਫੌਜਾਂ ਆਣ ਪਹੁੰਚੀਆਂ।

22 ਦਸੰਬਰ 1704 ਨੂੰ ਚਮਕੌਰ ਵਿਚ ਉਹ ਯੁੱਧ ਹੋਇਆ ਜੋ ਸੰਸਾਰ ਦੀਆਂ ਮਿਸਾਲੀ ਯੁੱਧਾਂ ਵਿਚ ਸ਼ਾਮਲ ਹੋ ਗਿਆ। ਜਦੋਂ ਵੈਰੀ ਦੀ ਫੌਜ ਗੜੀ ਦੇ ਨੇੜੇ ਆਈ ਤਾਂ ਗੁਰੂ ਜੀ ਨੇ ਅਜਿਹੀ ਵਿਉਂਤ ਬਣਾਈ ਕਿ ਪੰਜ ਪੰਜ ਸਿੰਘਾਂ ਦਾ ਜਥਾ ਮੈਦਾਨ ਵਿਚ ਭੇਜਿਆ। ਸਿੰਘ ਜੈਕਾਰਿਆਂ ਦੀ ਗੂੰਜ ਵਿਚ ਵੈਰੀ ਤੇ ਟੁੱਟ ਪਏ। ਉਪਰੋਂ ਗੁਰੂ ਜੀ ਅਤੇ ਸਾਹਿਬਜ਼ਾਦਿਆਂ ਨੇ ਤੀਰਾਂ ਦੀ ਝੜੀ ਲਗਾ ਦਿੱਤੀ। ਦੋ ਘੰਟੇ ਘਮਸਾਨ ਦਾ ਯੁੱਧ ਹੋਇਆ। ਕੱਚੀ ਗੜੀ ਤੋਂ ਆਉਂਦੇ ਤੀਰਾਂ ਨੇ ਵੈਰੀਆਂ ਨੂੰ ਵਿੰਨ ਸੁੱਟਿਆ। ਵੈਰੀ ਹੈਰਾਨ ਸਨ ਕਿ ਮੁੱਠੀ ਭਰ ਸਿੰਘਾਂ ਦਾ ਮੁਕਾਬਲਾ ਏਨਾ ਭਿਅੰਕਰ ਕਿਵੇਂ ਹੋ ਸਕਦਾ ਹੈ। ਚਮਕੌਰ ਦੀ ਧਰਤੀ ਖ਼ੂਨ ਨਾਲ ਰੰਗੀ ਗਈ। ਖ਼ੂਨ ਦੇ ਘਾਣ ਮਚ ਗਏ। ਸਿੰਘਾਂ ਨੇ ਬੇਮਿਸਾਲ ਬੀਰਤਾ ਦ੍ਰਿੜਤਾ ਨਾਲ ਟਾਕਰਾ ਕੀਤਾ। ਬਹਾਦਰੀ ਦੇ ਜੌਹਰ ਵਿਖਾਉਂਦੇ ਪੰਜ ਸਿੰਘਾਂ ਦਾ ਜਥਾ ਸ਼ਹੀਦ ਹੋ ਗਿਆ। ਗੁਰੂ ਜੀ ਨੇ ਦੂਸਰਾ ਜਥਾ ਮੈਦਾਨ ਵਿਚ ਉਤਾਰਿਆ, ਉਹ ਵੀ ਅਨੇਕਾਂ ਦੁਸ਼ਮਣਾਂ ਦਾ ਮੁਕਾਬਲਾ ਕਰਕੇ ਮਾਰ ਮਕਾਉਂਦਾ ਸ਼ਹੀਦੀ ਪਾ ਗਿਆ।

ਸਿੰਘ ਜਾਣ ਗਏ ਸਨ ਕਿ ਏਨੇ ਵੱਡੇ ਲਾਮ ਲ਼ਸ਼ਕਰ ਦਾ ਸਾਹਮਣਾ ਕਰਦਿਆਂ ਸ਼ਹੀਦੀਆਂ ਨਿਸ਼ਚਿਤ ਹਨ। ਉਨਾਂ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਸੁਰੱਖਿਅਤ ਨਿਕਲ ਜਾਓ। ਗੁਰੂ ਜੀ ਨੇ ਕਿਹਾ ਕਿ ਇਸ ਰਣਤੱਤੇ ਵਿਚ ਹਰ ਸਿੰਘ ਮੇਰਾ ਸਾਹਿਬਜ਼ਾਦਾ ਹੈ। ਅਸੀਂ ਇਕੱਠੇ ਲੜਾਂਗੇ ਅਤੇ ਜਿੱਤ ਸਾਡੀ ਹੋਵੇਗੀ। ਇਹ ਸੁਣ ਕੇ ਸਿੰਘ ਜੋਸ਼ ਵਿਚ ਆ ਕੇ ਫਿਰ ਤਿਆਰ ਬਰ ਤਿਆਰ ਹੋ ਗਏ। ਸਾਹਿਬਜਾਦਾ ਅਜੀਤ ਸਿੰਘ ਨੇ ਗੁਰਪਿਤਾ ਤੋਂ ਯੁੱਧ ਵਿਚ ਜਾਣ ਦੀ ਆਗਿਆ ਮੰਗੀ, ਗੁਰਾਂ ਨੇ ਆਪਣੇ ਹੱਥੀਂ ਸ਼ਾਸਤਰ ਦੇ ਕੇ ਅੱਠ ਸਿੰਘਾਂ ਦਾ ਜੱਥਾ ਨਾਲ ਭੇਜਿਆ।

ਜੈਕਾਰਿਆਂ ਦੀ ਗੂੰਜ ਵਿਚ ਮੈਦਾਨ ਵਿਚ ਆ ਗਏ। ਵੈਰੀ ਦੀਆਂ ਫੌਜਾਂ ਨੇ ਚਾਰੋਂ ਪਾਸਿਆਂ ਤੋਂ ਘੇਰ ਲਿਆ। ਬੜੀ ਬੀਰਤਾ ਨਾਲ ਤੀਰਾਂ ਦੇ ਵਾਰ ਕੀਤੇ ਅਤੇ ਵੈਰੀ ਦੀਆਂ ਛਾਤੀਆਂ ਵਿੰਨ ਦਿੱਤੀਆਂ। ਦੁਸ਼ਮਣ ਨੂੰ ਵੰਗਾਰਿਆ ਕਿ ਸਾਹਮਣੇ ਆਓ। ਵੈਰੀ ਦੇ ਸਿਪਾਹੀ ਆ ਪਏ ਪਰ ਸਾਹਿਬਜ਼ਾਦੇ ਅੱਗੇ ਟਿਕ ਨਾ ਸਕੇ ਅਤੇ ਪਿੱਛੇ ਹਟ ਗਏ। ਦੁਸ਼ਮਣ ਸਰਦਾਰ ਨੇ ਵਾਰ ਕੀਤਾ ਘੋੜਾ ਜਖ਼ਮੀ ਹੋ ਗਿਆ। ਪੈਦਲ ਹੀ ਜੰਗ ਜਾਰੀ ਰੱਖੀ। ਉਹ ਇਕੱਲੇ ਪੈ ਗਏ, ਵੈਰੀ ਨੇ ਇੱਕੋ ਹੱਲੇ ਨਾਲ ਸ਼ਹੀਦ ਕਰ ਦਿੱਤੇ। ਗੁਰੂ ਜੀ ਮਮਟੀ ਤੋਂ ਸਾਹਿਬਜ਼ਾਦੇ ਨੂੰ ਸ਼ਹੀਦ ਹੁੰਦਾ ਵੇਖ ਰਹੇ ਸਨ। ਪਰ ਸਾਹਿਬਜ਼ਾਦੇ ਦੇ ਜੌਹਰ 'ਤੇ ਉਨਾਂ ਨੂੰ ਮਾਣ ਸੀ। ਉਨਾਂ ਅਕਾਲ ਪੁਰਖ ਦਾ ਸ਼ੁਕਰ ਮਨਾਇਆ।

ਬਾਕੀ ਸਫ਼ਾ 30 'ਤੇ


ਵਾਰਿਸ ਪੰਜਾਬ ਦੇ
ਆਓ ਪੰਜਾਬ ਦੇ ਵਾਰਿਸੋ "ਵਾਰਿਸ ਪੰਜਾਬ ਦੇ"
ਮੁਹਿੰਮ ਲਈ ਰਜਿਸਟਰ ਕਰੋ
ਮੈਂ ਹਾਂ ਵਾਰਿਸ ਪੰਜਾਬ ਦਾ!
ਪੰਜਾਬ ਦੇ ਵਾਰਿਸੋ ਆਉ ਵਾਰਿਸ ਪੰਜਾਬ ਦੇ ਮੁਹਿੰਮ ਵਿੱਚ ਆਪਣੀ ਸ਼ਮੂਲੀਅਤ ਕਰਕੇ
ਪੰਜਾਬ ਦਾ ਆਪਣਾ ਪੰਜਾਬ ਕ੍ਰੇਂਦਿਤ ਖੇਤੀਬਾੜੀ ਮਾਡਲ ਉਸਾਰਨ ਲਈ ਸੰਵਾਦ
ਆਰੰਭੀਏ ਇਸ ਮੁਹਿੰਮ ਦਾ ਹਿੱਸਾ ਬਣਨ ਲਈ ਰਜਿਸਟਰ ਕਰੋ।
WWW.WARISPUNJABDE.ORG

# ਕਿਸਾਨ ਅੰਦੋਲਨ ਕਾਰਪੋਰੇਟ, ਗੋਦੀ ਮੀਡੀਆ ਤੇ ਹਿੰਦੂ ਰਾਸ਼ਟਰਵਾਦ ਨੂੰ ਚੈਲਿੰਜ

## ✪ ਗੁਰੂ ਦੇ ਜੈਕਾਰੇ ਤੇ ਫਲਸਫਾ ਕਿਸਾਨਾਂ ਦੀ ਤਾਕਤ ✪ ਸ਼ਹੀਨ ਬਾਗ ਭੁਲ ਜਾਣ ਭਗਵੇਂਵਾਦੀ
## ✪ ਗੁਰੂ ਨਾਨਕ ਵਿਸ਼ਵ ਆਰਡਰ ਦੀ ਪਹਿਰੇਦਾਰੀ ਕਾਰਣ ਹੋਣਗੇ ਸਾਡੇ ਨਿਬੇੜੇ

- ਪ੍ਰੋਫੈਸਰ ਬਲਵਿੰਦਰ ਪਾਲ ਸਿੰਘ

ਬੋਲੇ ਸੋ ਨਿਹਾਲ ਦੇ ਜੈਕਾਰੇ ਰਾਸ਼ਟਰਵਾਦੀ ਨਾਹਰੇ ਨਹੀਂ ਹਨ। ਇਹ ਅਕਾਲ ਪੁਰਖ ਦੀ ਜਿੱਤ ਦਾ ਪ੍ਰਗਟਾਵਾ ਹਨ। ਅਕਾਲ ਪੁਰਖ ਲੋਕਾਂ ਦਾ ਤੇ ਫਤਹਿ ਲੋਕਾਂ ਦੀ। ਇਸ ਜੈਕਾਰੇ ਦੇ ਵਿਸ਼ਾਲ ਅਰਥ ਰਾਸ਼ਟਰ ਤੋਂ ਪਾਰ ਹਨ। ਦੂਸਰਾ ਇਹ ਪੰਜਾਬੀ ਵਿਚ ਅਰਥਾਤ ਲੋਕ ਭਾਖਾ ਵਿਚ ਹਨ। ਇਹ ਸਿਧਾ ਕੇਂਦਰੀ ਭਾਸ਼ਾ ਹਿੰਦੀ ਥਾਂ ਖੇਤਰਵਾਦ ਤੇ ਲੋਕ ਬੋਲੀ ਦੀ ਅਗਵਾਈ ਕਰਦੇ ਪੂਰੇ ਰਾਸ਼ਟਰ ਤੇ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲੈਂਦੇ ਹਨ। ਵਿਸ਼ਵ ਦੀਆਂ ਵੱਡੀਆਂ ਅਖਬਾਰਾਂ ਨਿਊਯਾਰਕ ਟਾਈਮਜ, ਵਸ਼ਿੰਗਟਨ ਟਾਈਮਜ, ਡੇਲੀ ਮੇਲ ਯੂ.ਕੇ., ਗਾਰਡੀਅਨ ਯੂ.ਕੇ. ਸਿੱਖ ਸਭਿਆਚਾਰ ਬਾਰੇ ਇਸ ਅੰਦੋਲਨ ਦੇ ਸੰਦਰਭ ਵਿਚ ਚਰਚਾ ਦਾ ਵਿਸ਼ਾ ਬਣੇ ਹਨ। ਇਹ ਕਿਸਾਨੀ ਅੰਦੋਲਨ ਕਦੇ ਸ਼ਹੀਨ ਬਾਗ ਨਹੀਂ ਬਣੇਗਾ। ਇਸ ਪਿਛੇ ਕਾਰਨ ਇਸ ਅੰਦੋਲਨ ਦਾ ਘੇਰਾ ਕੌਮਾਂਤਰੀ ਹੈ। ਹਰ ਵਰਗ ਵਿਚ ਇਸ ਅੰਦੋਲਨ ਦਾ ਅਸਰ ਹੈ। ਭਾਰਤੀ ਸਟੇਟ ਨੂੰ ਵੀ ਇਹ ਸਮਝ ਪੂਰੀ ਤਰਾਂ ਹੈ। ਸ਼ਹੀਨ ਬਾਗ ਦਾ ਤਜਰਬਾ ਇਥੇ ਨਹੀਂ ਦੁਹਰਾਇਆ ਜਾ ਸਕਦਾ ਜਿਵੇ ਪੱਤਰਕਾਰ ਰਿਵੀਸ਼ ਨੇ ਦਾਅਵਾ ਕੀਤਾ ਸੀ ਆਪਣੇ ਆਰਟੀਕਲ ਵਿਚ। ਗੋਦੀ ਚੈਨਲ, ਮਨੂ ਨੈਟਵਰਕ ਵਿਸ਼ਾਲ ਸੰਗਤੀ ਸਾਗਰ ਅਗੇ ਜਾਮ ਹੋ ਗਏ ਹਨ, ਕਿਉਕਿ ਕਿਸਾਨੀ ਅੰਦੋਲਨ ਦੀ ਮੀਡੀਆ ਤਾਕਤ, ਸ਼ੋਸ਼ਲ ਮੀਡੀਆ ਸ਼ਕਤੀ ਤੇ ਨੈਟਵਰਕ ਬਹੁਤ ਵਿਸ਼ਾਲ ਹੈ। ਬੀਤੇ ਹਫਤੇ ਫੇਸਬੁੱਕ ਨੇ 'ਕਿਸਾਨ ਏਕਤਾ ਮੋਰਚਾ' ਨਾਂਅ ਦਾ ਪੇਜ ਬੰਦ ਕਰ ਦਿੱਤਾ ਸੀ, ਜੋ ਅੰਦੋਲਨ ਬਾਰੇ ਕਿਸਾਨ ਜਥੇਬੰਦੀਆਂ ਦੀ ਹਰ ਤਾਜ਼ਾ ਜਾਣਕਾਰੀ ਸਾਂਝੀ ਕਰਦਾ ਸੀ। ਜਿਸ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਫੈਲੇ ਰੋਸ ਕਾਰਨ ਤਿੰਨ ਘੰਟਿਆਂ ਬਾਅਦ ਇਸ ਨੂੰ ਦੁਬਾਰਾ ਬਹਾਲ ਕਰ ਦਿੱਤਾ ਗਿਆ।

ਸਪੱਸ਼ਟ ਹੈ ਕਿ ਕਿਸਾਨੀ ਲਹਿਰ ਦੇ ਨੈਟਵਰਕ ਨੇ ਮੁੱਖ ਧਾਰਾ ਦੇ ਰਾਸ਼ਟਰੀ ਮੀਡੀਆ ਦੀ ਭਰੋਸੇਯੋਗਤਾ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਕਈ ਰਾਸ਼ਟਰੀ ਨਿਊਜ਼ ਚੈਨਲਾਂ ਨੇ ਝੂਠੇ ਬਿਆਨ ਘੜਕੇ ਕਿਸਾਨੀ ਲਹਿਰ ਨੂੰ ਬਦਨਾਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ ਪਰ ਕਾਮਯਾਬ ਨਹੀਂ ਹੋ ਸਕੇ। ਇਤਿਹਾਸ ਵਿਚ ਗੋਦੀ ਮੀਡੀਆ ਨੂੰ ਪਹਿਲੀ ਵਾਰ ਚੁਣੌਤੀ ਕਿਸਾਨੀ ਲਹਿਰ ਤੋਂ ਮਿਲੀ ਹੈ। ਹੁਣ ਤਕ ਇਹ ਗੋਦੀ ਮੀਡੀਆ ਭਾਜਪਾ ਵਿਰੋਧੀ ਪਾਰਟੀਆਂ, ਮੋਦੀ ਸਰਕਾਰ ਵਿਰੁਧ ਹੋਏ ਅੰਦੋਲਨਾਂ ਨੂੰ ਬਦਨਾਮ ਕਰਨ ਤੇ ਫੇਲ ਕਰਨ ਵਿਚ ਸਰਕਾਰ ਦਾ ਵਡਾ ਮਦਦਗਾਰ ਸਾਬਤ ਹੋਇਆ ਹੈ। ਸ਼ਹੀਨ ਬਾਗ ਤੇ ਜੇਐਨਯੂ ਇਸ ਦੀਆਂ ਵੱਡੀਆਂ ਉਦਾਹਰਣਾਂ ਹਨ। ਪਰ ਕਿਸਾਨੀ ਅੰਦੋਲਨ ਦੇ ਵਿਸ਼ਵ ਪੱਧਰ ਤੱਕ ਨੈਟਵਰਕ ਕਾਰਨ ਗੋਦੀ ਮੀਡੀਆ ਬੁਰੀ ਤਰਾਂ ਫੇਲ ਸਾਬਤ ਹੋਇਆ ਹੈ। ਕਿਸਾਨਾਂ ਆਗੂ ਸਪੱਸ਼ਟ ਤੌਰ ਉਪਰ ਗੋਦੀ ਮੀਡੀਆ ਉਪਰ ਦੋਸ਼ ਲਗਾ ਰਹੇ ਹਨ ਕਿ ਕੁਝ ਰਾਸ਼ਟਰੀ ਟੀ ਵੀ ਨਿਊਜ਼ ਚੈਨਲ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਜਾਣਬੁੱਝ ਕੇ ਅੰਦੋਲਨ ਨੂੰ ਬਦਨਾਮ ਕਰ ਰਹੇ ਹਨ।

ਇਹੀ ਕਾਰਨ ਹੈ ਕਿ ਅੰਦੋਲਨ ਦੌਰਾਨ ਯੂ-ਟਿਊਬ ਚੈਨਲਾਂ ਨੇ ਕਿਸਾਨ ਅੰਦੋਲਨ ਨੂੰ ਬਹੁਤ ਮਹੱਤਵ ਦਿੱਤਾ ਹੈ। ਕਿਸਾਨ ਅੰਦੋਲਨ ਦੌਰਾਨ ਪੰਜਾਬ ਅਤੇ ਹਰਿਆਣਾ ਦੇ ਸੈਂਕੜੇ ਯੂ-ਟਿਊਬ ਚੈਨਲਾਂ ਨੇ ਧਮਾਲ ਮਚਾ ਕੇ ਰੱਖ ਦਿੱਤੀ। ਕੈਨੇਡਾ, ਨਿਊਜ਼ੀਲੈਂਡ ਤੇ ਅਮਰੀਕਾ, ਅਸਟਰੇਲੀਆ ,ਯੂ.ਕੇ., ਯੂਰਪ ਤੋਂ ਕੰਮ ਕਰ ਰਹੇ ਬਹੁਤ ਸਾਰੇ ਪੰਜਾਬੀ ਨਿਊਜ਼ ਚੈਨਲ ਕਿਸਾਨੀ ਅੰਦੋਲਨ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਲਿਜਾਣ ਵਿਚ ਸਫ਼ਲ ਰਹੇ ਹਨ। ਇਸ ਵਿੱਚ ਕਈ ਯੂ-ਟਿਊਬ ਚੈਨਲ ਵੀ ਹਨ। ਕਿਸਾਨ ਜਥੇਬੰਦੀਆਂ ਦੇ ਆਗੂ, ਪੰਜਾਬੀ ਤੇ ਹਿੰਦੀ ਦੇ ਯੂ-ਟਿਊਬ ਚੈਨਲਾਂ ਨੂੰ ਬੇਝਿਜਕ ਇੰਟਰਵਿਊ ਦੇ ਰਹੇ ਹਨ। ਇੰਨਾ ਹੀ ਨਹੀਂ, ਯੂ-ਟਿਊਬ ਮੀਡੀਆ ਚੈਨਲਾਂ ਨੇ ਰਾਸ਼ਟਰੀ ਮੀਡੀਆ ਦੇ ਪ੍ਰਚਾਰ ਦਾ ਚੰਗਾ ਜਵਾਬ ਦਿੱਤਾ ਹੈ। ਯੂ-ਟਿਊਬ ਚੈਨਲ ਵੀ ਕਿਸਾਨ ਵਿਰੋਧੀ ਵਤੀਰੇ ਦਾ ਪਰਦਾਫਾਸ਼ ਕਰ ਰਹੇ ਹਨ। ਜਦੋਂ ਕੌਮੀ ਨਿਊਜ਼ ਚੈਨਲਾਂ ਨੇ ਕਿਸਾਨੀ ਅੰਦੋਲਨ ਨੂੰ ਖ਼ਾਲਿਸਤਾਨੀ ਜਾਂ ਮਾਓਵਾਦੀ ਦੱਸਣ ਦੀ ਕੋਸ਼ਿਸ਼ ਕੀਤੀ ਤਾਂ ਯੂ-ਟਿਊਬ ਚੈਨਲਾਂ ਨੇ ਰਾਸ਼ਟਰੀ ਨਿਊਜ਼ ਚੈਨਲਾਂ ਦੇ ਜਵਾਬ ਵਿੱਚ ਆਪਣੇ ਪ੍ਰੋਗਰਾਮ ਚਲਾਏ ਤੇ ਠੋਕਵਾਂ ਜਵਾਬ ਦਿਤਾ। ਯੂ-ਟਿਊਬ ਚੈਨਲਾਂ ਦੀ ਅਜਿਹੀ ਕਵਰੇਜ ਫੇਸਬੁੱਕ ਅਤੇ ਵਟਸਐਪ 'ਤੇ










ਤੇਜ਼ੀ ਨਾਲ ਵਾਇਰਲ ਹੋ ਰਹੀ ਹੈ।

ਜਦੋਂ ਚੈਨਲਾਂ ਦਾ ਖ਼ਾਲਿਸਤਾਨੀ ਨਕਸਲੀ ਸਰਕਾਰੀ ਏਜੰਡੇ ਵਾਲਾ ਦਾਅ ਫੇਲ ਹੋ ਗਿਆ ਤਾਂ ਕੁਝ ਚੈਨਲਾਂ ਨੇ ਅੰਦੋਲਨ ਵਿੱਚ ਚੀਨ ਤੇ ਪਾਕਿਸਤਾਨ ਘੁਸਪੈਠ ਦਾ ਸਰਕਾਰੀ ਮੁਹਾਵਰਾ ਸਿਰਜ ਦਿੱਤਾ। ਕੇਂਦਰੀ ਮੰਤਰੀ ਤੇ ਭਾਜਪਾ ਆਗੂ ਇਹ ਫਿਰਕੂ ਪ੍ਰਵਚਨ ਆਮ ਮੀਡੀਆ ਵਿਚ ਕਰਦੇ ਹਨ। ਪਰ ਇਹ ਕਿਤੇ ਸਫਲ ਹੁੰਦੇ ਨਹੀਂ ਦਿਖਾਈ ਦਿੰਦੇ। ਹੁਣ ਇਹ ਨੈਸ਼ਨਲ ਨਿਊਜ਼ ਚੈਨਲਾਂ ਨੇ ਕਿਸਾਨੀ ਪਹਿਰਾਵੇ ਅਤੇ ਖਾਣ ਪੀਣ 'ਤੇ ਵੀ ਨੇ ਸਵਾਲ ਚੁੱਕੇ। ਟੀ ਵੀ ਚੈਨਲਾਂ ਦੇ ਇਸ ਮਾੜੇ ਪ੍ਰਚਾਰ ਤੋਂ ਇਹ ਪਤਾ ਲਗਦਾ ਹੈ ਕਿ ਚੈਨਲਾਂ ਵਿੱਚ ਬੈਠੇ ਨੀਤੀ ਨਿਰਮਾਤਾਵਾਂ ਨੂੰ ਪੰਜਾਬ ਦੇ ਖਾਣ ਪੀਣ ਅਤੇ ਪਹਿਰਾਵੇ ਬਾਰੇ ਜਾਣਕਾਰੀ ਨਹੀਂ ਹੈ।

ਹੁਣੇ ਜਿਹੇ 18 ਅਤੇ 19 ਦਸੰਬਰ ਨੂੰ ਕੇਂਦਰ ਸਰਕਾਰ ਦੇ ਇਨਕਮ ਟੈਕਸ ਵਿਭਾਗ ਨੇ ਰਾਜ ਦੇ ਵੱਡੇ ਆੜ੍ਹਤੀਆਂ ਦੇ ਕਾਰੋਬਾਰ ਨੂੰ ਨਿਸ਼ਾਨਾ ਬਣਾਇਆ। 17 ਆੜ੍ਹਤੀਆਂ ਦੇ ਕਾਰੋਬਾਰਾਂ 'ਤੇ ਛਾਪੇ ਵੀ ਮਾਰੇ ਹਨ ਤਾਂ ਜੋ ਇਸ ਦੇ ਹਮਾਇਤੀਆਂ ਨੂੰ ਡਰਾਇਆ ਜਾ ਸਕੇ। ਆੜ੍ਹਤੀਆਂ ਨੇ ਸਿੱਧਾ ਦੋਸ਼ ਕੇਂਦਰ ਸਰਕਾਰ 'ਤੇ ਲਗਾਇਆ ਹੈ ਕਿ ਉਨਾਂ ਨੂੰ ਕੇਂਦਰ ਸਰਕਾਰ ਕਿਸਾਨ ਅੰਦੋਲਨ ਤੋਂ ਦੂਰ ਰਹਿਣ ਲਈ ਧਮਕਾ ਰਹੀ ਹੈ। ਦਿਲਚਸਪ ਗੱਲ ਇਹ ਹੈ ਕਿ ਇਸ ਛਾਪੇਮਾਰੀ ਕਾਰਨ ਰਾਜ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ , ਬਸਪਾ ਪ੍ਰਧਾਨ ਜਸਬੀਰ ਸਿੰਘ ਗੜ੍ਹੀ ਨੇ ਵੀ ਮੋਦੀ ਸਰਕਾਰ ਦੀ ਨਿੰਦਾ ਕੀਤੀ ਹੈ। ਕਿਸਾਨ ਆਗੂਆਂ ਨੇ ਇਸ ਬਾਰੇ ਇਨਕਮ ਟੈਕਸ ਦਫਤਰਾਂ ਦੇ ਘਿਰਾਉ ਦੀ ਵੀ ਚਿਤਾਵਨੀ ਦੇ ਦਿਤੀ ਹੈ। ਇਨਕਮ ਟੈਕਸ ਦੇ ਅਧਿਕਾਰੀ ਛਾਪੇਮਾਰੀ ਦੌਰਾਨ ਕੇਂਦਰੀ ਰਿਜ਼ਰਵ ਪੁਲਿਸ ਬਲ ਦੇ ਦਸਤੇ ਨੂੰ ਲੈ ਗਏ ਤੇ ਪੰਜਾਬ ਸਰਕਾਰ ਨੂੰ ਕੋਈ ਇਤਲਾਹ ਨਹੀਂ ਦਿਤੀ। ਕੇਂਦਰ ਸਰਕਾਰ ਦੇ ਇਸ ਵਿਹਾਰ ਤੋਂ ਪਤਾ ਲਗਦਾ ਹੈ ਕਿ ਉਹ ਇਸ ਅੰਦੋਲਨ ਤੋਂ ਕਾਫ਼ੀ ਘਬਰਾਈ ਹੋਈ ਹੈ। ਹੁਣ ਭਾਜਪਾ ਕਿਸਾਨ ਅੰਦੋਲਨ ਵਿੱਚ ਫੁਟ ਪਾਉਣ ਲਈ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਵਿਚ ਫੁੱਟ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਹਰਿਆਣਾ ਸਰਕਾਰ ਤੇ ਭਾਜਪਾ ਸੰਗਠਨ ਨੇ ਸਤਲੁਜ ਯਮੁਨਾ ਲਿੰਕ ਨਹਿਰ ਦਾ ਮੁੱਦਾ ਚੁੱਕਿਆ। ਸਰਕਾਰ ਅਤੇ ਭਾਜਪਾ ਨੂੰ ਆਸ ਸੀ ਕਿ ਐਸਵਾਈਐਲ ਦੇ ਮੁੱਦੇ 'ਤੇ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਦੀ ਇੱਕਜੁਟਤਾ ਟੁੱਟ ਜਾਵੇਗੀ। ਪਰ ਹਰਿਆਣਾ ਦੇ ਫਤਿਹਾਬਾਦ ਵਿੱਚ ਐਸਵਾਈਐਲ ਨੂੰ ਲੈ ਕੇ ਧਰਨਾ ਦੇ ਰਹੇ ਭਾਜਪਾ ਆਗੂਆਂ ਦਾ ਹਰਿਆਣਾ ਦੇ ਕਿਸਾਨਾਂ ਨੇ ਜ਼ੋਰਦਾਰ ਵਿਰੋਧ ਕੀਤਾ ਜਿਸ ਕਾਰਨ ਭਾਜਪਾ ਦਾ ਇਹ ਵੀ ਡਰਾਮਾ ਫੇਲ ਹੋ ਗਿਆ। ਐਸਵਾਈਐਲ ਨੂੰ ਲੈਕੇ ਹੁਣ ਹਰਿਆਣਾ ਦੇ ਕਿਸਾਨਾਂ ਨੇ ਇਸ ਤਰਕ ਦੇ ਆਧਾਰ ਉਪਰ ਮੋਦੀ ਸਰਕਾਰ ਨੂੰ ਘੇਰਿਆ ਹੈ ਕਿ ਖੇਤੀ ਕਾਨੂੰਨਾਂ ਦੇ ਕਾਰਨ ਜਦੋਂ ਮੋਦੀ ਸਰਕਾਰ ਹਰਿਆਣੇ ਦੇ ਕਿਸਾਨਾਂ ਦੀਆਂ ਜਮੀਨਾਂ ਕਾਰਪੋਰੇਟਾਂ ਰਾਹੀਂ ਖੋਹ ਲਵੇਗੀ ਤਾਂ ਹਰਿਆਣਾ ਦੇ ਕਿਸਾਨ ਪਾਣੀ ਦਾ ਕੀ ਕਰਨਗੇ ?

**ਕਾਰਪੋਰੇਟਾਂ ਦੀ ਮੋਦੀ ਸਰਕਾਰ**

ਇਹ ਪਿਛਲੇ ਛੇ ਸਾਲਾਂ ਦੀ ਮੋਦੀ, ਸ਼ਾਹ ਤੇ ਸੰਘ ਸਤਾ ਦੀ ਮੁੱਖ ਕਹਾਣੀ ਰਹੀ ਹੈ ਕਿ ਕਿਵੇਂ ਕਾਰਪੋਰੇਟ ਦੀ ਮਦਦ ਨਾਲ ਹਿੰਦੂ ਰਾਸ਼ਟਰਵਾਦ ਸਿਰਜਣਾ ਹੈ ਤੇ ਵਿਰੋਧੀਆਂ ਨੂੰ ਕਿਵੇਂ ਖਤਮ ਕਰਨਾ ਹੈ।

ਇਸ ਕਰੋਨਾ ਯੁਗ ਦੌਰਾਨ ਕਾਰਪੋਰੇਟ ਤੇ ਭਗਵਾਂ ਗਠਜੋੜ ਭਾਰਤੀ ਕਿਰਤੀ, ਸਾਧਰਨ ਲੋਕਾਂ ਦੀ ਵੱਡੀ ਸਮਸਿਆ ਬਣ ਚੁੱਕਾ ਹੈ। ਇਹ ਅਸ਼ਵਮੇਘ ਦੀ ਸਿਆਸਤ ਕਸ਼ਮੀਰ ਸਮੇਤ ਲਗਭਗ ਪੂਰੇ ਭਾਰਤ ਵਿਚ ਕਬਜਾ ਕਰ ਚੁਕੀ ਹੈ। ਪਰ ਅਸ਼ਵਮੇਘ ਦਾ ਘੋੜਾ ਗੁਰੂ ਨਾਨਕ ਦੇ ਦੁਲਾਰਿਆਂ ਨੇ ਅਨੰਦਪੁਰ ਧਰਤੀ ਨੂੰ ਯਾਦ ਕਰਦਿਆਂ ਫੜ ਲਿਆ।

ਮੋਦੀ ਖ਼ੁਦ ਕਾਰਪੋਰੇਟ-ਵਿੱਤੀ ਵਰਗ ਦੇ ਨਾਇਕ ਹਨ, ਸਿਰਜਣਹਾਰ ਹਨ। ਇਸ ਬਾਰੇ ਮੋਦੀ ਸਿਆਸਤ ਦੀ ਸਪਸ਼ਟ ਸੋਚ ਹੈ ਕਿ ਜੇ 'ਰਾਸ਼ਟਰ' ਖੁਸ਼ਹਾਲ ਹੋਣਾ ਹੈ, ਤਾਂ ਇਨਾਂ 'ਦੌਲਤ ਨਿਰਮਾਤਾਵਾਂ' ਕਾਰਪੋਰੇਟਾਂ ਨੂੰ ਖੁਸ਼ਹਾਲ ਸਿਰਜਣਾ ਪਏਗਾ। ਕਿਰਤੀ ਵਰਗ ਇਸ ਮਲਕ ਭਾਗੋ ਮਾਇਆਵੀ ਤੇ ਸਿਆਸੀ ਪ੍ਰਵਚਨ ਵਿਚ ਕਿਤੇ ਸ਼ਾਮਲ ਨਹੀਂ ਹੈ। ਪਰ ਇਸ ਨੂੰ ਦੇਸ਼ ਹਿਤ ਤੇ ਰਾਸ਼ਟਰਵਾਦ ਦੀ ਖੁਸ਼ੀ ਐਲਾਨ ਦਿਤਾ ਗਿਆ ਹੈ। ਸੰਖੇਪ ਵਿੱਚ, ਮੋਦੀ ਜੀ ਜੋ ਕਹਿੰਦੇ ਹਨ ਇਸਦਾ ਅਰਥ ਇਹ ਹੈ ਕਿ ਦੇਸ਼ ਦਾ ਹਿੱਤ ਇਸ ਪ੍ਰਮੁੱਖ ਵਰਗ ਦੇ ਹਿੱਤ ਵਿਚ ਸ਼ਾਮਲ ਹੈ ਜੋ ਅਵਾਰਾ ਪੂੰਜੀ ਨਾਲ ਲੈਸ ਹੈ । ਆਰਐਸਐਸ ਦੁਆਰਾ ਸਿਰਜਿਆ ਅਖੌਤੀ ਹਿੰਦੂ ਰਾਸ਼ਟਰਵਾਦ ਦਰਅਸਲ ਕਾਰਪੋਰੇਟ-ਸਿਆਸਤ ਦੀ ਤਾਨਾਸ਼ਾਹੀ ਹੈ ਮੋਦੀ ਰਾਜ ਦੇ ਅਧੀਨ ਸਰੋਤ ਅਤੇ ਸ਼ਕਤੀਆਂ ਦਾ ਭਾਰੀ ਕੇਂਦਰੀਕਰਨ ਕੀਤਾ ਜਾ ਰਿਹਾ ਹੈ ਅਤੇ ਇਹ ਸਿਆਸਤ ਕਾਰਪੋਰੇਟਾਂ ਦਾ ਦਬਦਬਾ ਬਣਾਉਣ ਵਿੱਚ ਉਨਾਂ ਦੀ ਸਹਿਯੋਗੀ ਹੈ। ਕਿਸਾਨੀ ਮਸਲਾ ਇਸੇ ਸੰਕਟ ਦੀ ਉਪਜ ਹੈ। ਪਰ ਇੱਥੇ ਕੇਂਦਰੀਕਰਨ ਦਾ ਅਰਥ ਕੇਵਲ ਰਾਜ ਸਰਕਾਰਾਂ ਦੇ ਵਿਰੁੱਧ ਕੇਂਦਰ ਸਰਕਾਰ ਦੀ ਮਜ਼ਬੂਤੀ ਦਾ ਨਹੀਂ ਹੈ। ਇਸ ਦਾ ਅਰਥ ਕੇਂਦਰੀ ਸਰਕਾਰ ਦੇ ਅੰਦਰ ਕੇਂਦਰੀਕਰਨ ਵੀ ਹੁੰਦਾ ਹੈ, ਜਿੱਥੇ ਸਾਰੀ ਸ਼ਕਤੀ ਇਕ 'ਸਤਾਧਾਰੀ ਮੁਖ ਨੇਤਾ' ਦੇ ਹੱਥਾਂ ਵਿਚ ਕੇਂਦ੍ਰਿਤ ਹੁੰਦੀ ਹੈ ਜੋ ਇਕ ਸ਼ਕਤੀਸ਼ਾਲੀ/ਤਾਨਾਸ਼ਾਹ ਬਣ ਜਾਂਦਾ ਹੈ, ਹਮੇਸ਼ਾ ਦਰਸਾਉਂਦਾ ਹੈ ਕਿ ਉਹ ਲੋਕਾਂ ਦੇ ਹਿਤ ਭਲੀਭਾਂਤ ਜਾਣਦਾ ਹੈ ਕਿ ਕੀ ਚੰਗਾ ਹੈ, ਅਤੇ ਕੀ ਗਲਤ ਹੈ। ਕਾਰਪੋਰੇਟ-ਹਿੰਦੂਤਵ ਗੱਠਜੋੜ ਦਾ 'ਰਾਸ਼ਟਰਵਾਦ' 'ਨੇਤਾ' ਨੂੰ ਰਾਸ਼ਟਰ ਦੇ ਪ੍ਰਤੀਕ ਵਜੋਂ ਪਰਿਭਾਸ਼ਤ ਕਰਦਾ ਹੈ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਰਾਜ ਦੇ ਅੰਗ, ਜਿਵੇਂ ਕਿ ਰਾਸ਼ਟਰੀ ਜਾਂਚ ਏਜੰਸੀ, ਮੋਦੀ ਦੇ ਕਿਸੇ ਵੀ ਵਿਰੋਧੀਆਂ ਨੂੰ 'ਦੇਸ਼ ਵਿਰੋਧੀ' ਮੰਨਦੇ ਹਨ ਅਤੇ ਇਸ ਲਈ ਉਨਾਂ ਨੂੰ ਗ੍ਰਿਫਤਾਰ ਕਰਕੇ ਜੇਲ ਵਿੱਚ ਸੁੱਟ ਦਿੱਤਾ ਜਾਂਦਾ ਹੈ।

ਕਿਸਾਨੀ ਲਹਿਰ ਦੇ ਅਭਿਆਸ ਨੇ ਨਾ ਸਿਰਫ 'ਰਾਸ਼ਟਰ' ਦੀ ਇਸ ਧਾਰਨਾ 'ਤੇ ਸਵਾਲ ਖੜੇ ਕੀਤੇ ਹਨ, ਬਲਕਿ ਕਿਰਤੀ ਲੋਕਾਂ ਨੇ ਇਸ ਰਾਸ਼ਟਰਵਾਦ ਤੇ ਕਾਰਪੋਰੇਟ ਨੂੰ ਰੱਦ ਕੀਤਾ ਹੈ। ਇਸ ਬਾਰੇ ਸੰਵਿਧਾਨਕ ਸੁਆਲ ਉਠਾਏ ਹਨ। ਮੋਦੀ ਦੇ ਇਸ ਦਾਅਵੇ ਕਿ ਵਿਵਾਦਿਤ ਤਿੰਨ ਖੇਤੀਬਾੜੀ ਕਾਨੂੰਨ ਕਿਸਾਨਾਂ ਦੇ ਹੱਕ ਵਿੱਚ ਹਨ, ਨੂੰ ਰੱਦ ਕੀਤਾ ਹੈ। ਮੋਦੀ ਦੀ ਧਾਰਨਾ ਨੂੰ ਵੀ ਵੱਡਾ ਝਟਕਾ ਲੱਗਾ ਹੈ ਕਿ ਨੇਤਾ ਹੀ ਸਭ ਤੋਂ ਚੰਗੀ ਤਰਾਂ ਜਾਣਦਾ ਹੈ। ਪਰ ਕਿਸਾਨੀ ਅੰਦੋਲਨ ਨੇ ਸਟੇਟ ਨੂੰ ਸਾਦੇ ਸਬਦਾਂ ਵਿਚ ਸੁਨੇਹਾ ਦੇਣ ਵਿਚ ਕਾਮਯਾਬੀ ਹਾਸਲ ਕੀਤੀ ਹੈ ਕਿ ਲੋਕ ਤੇ ਕਿਰਤੀ ਜਮਾਤ ਸਭ ਜਾਣਦੀ ਹੈ ਤੇ ਆਪਣੀ ਲੁੱਟ ਨੂੰ ਪਛਾਣਦੀ ਹੈ। ਕਿਸਾਨੀ ਅੰਦੋਲਨ ਦੁਆਰਾ ਮੁਕੇਸ਼ ਅੰਬਾਨੀ ਦੇ ਜੀਓ ਮੋਬਾਈਲ ਫੋਨ ਨੈਟਵਰਕ ਦਾ ਬਾਈਕਾਟ ਕਰਨ ਦਾ ਸੱਦਾ ਦਿਤਾ ਹੈ। ਕਿਸਾਨੀ ਜਾਇਦਾਦ ਕਾਰਪੋਰੇਟ ਦੀ ਹੈ, ਨੂੰ ਚੈਲਿੰਜ ਦੇਣਾ ਕਿਸਾਨਾਂ ਵਿੱਚ ਜਾਗਰੂਕਤਾ ਦੀ ਨਿਸ਼ਾਨੀ ਹੈ। ਬਸਤੀਵਾਦ ਵਿਰੋਧੀ ਸੰਘਰਸ਼ ਅਸਲ ਵਿਚ ਲੋਕ ਇਨਕਲਾਬ ਦੀ ਸਿਰਜਣਾ ਹੈ। ਇਹ ਭਾਰਤ ਮਾਤਾ ਕੀ ਜੈ ਨਹੀਂ ਬੋਲਦੇ, ਜੈਕਾਰਿਆਂ ਦੀ ਗੂੰਜ ਵਿਚ ਇਕਮੁਠਤਾ ਹੈ। ਇਹ ਕਾਰਪੋਰੇਟ-ਹਿੰਦੂਤਵ ਗਠਜੋੜ ਦੁਆਰਾ ਸਿਰਜਿਆ ਰਾਸ਼ਟਰਵਾਦ ਕਿਸਾਨਾਂ ਦੀ ਕੁਰਬਾਨੀ ਮੰਗਦਾ ਕਾਰਪੋਰੇਟ ਦੀ ਬਾਦਸ਼ਾਹੀ ਸਿਰਜਦਾ ਹੈ। ਇਹ ਕਿਸਾਨਾਂ, ਕਿਰਤੀਆਂ ਨੂੰ ਮਨਜੂਰ ਨਹੀ। ਇਸੇ ਤਰਾਂ ਹਿੰਦੀ ਦੀ ਬਜਾਏ ਪੰਜਾਬੀ ਅਤੇ ਹੋਰ ਭਾਸ਼ਾਵਾਂ ਵਿਚ ਕਿਸਾਨਾਂ ਦੁਆਰਾ ਦਿੱਤੇ ਨਾਅਰੇ ਦੇਸ਼ ਦੀ ਖੇਤਰੀ-ਭਾਸ਼ਾਈ ਕੌਮੀਅਤਾਂ ਦੀ ਬਹੁ-ਵਚਨਤਾ ਵਿਚ ਏਕਤਾ ਦਾ ਸੰਕੇਤ ਦਿੰਦੇ ਹਨ, ਜੋ ਇਕ ਕੇਂਦਰੀਕਰਨ ਵਾਲੇ 'ਰਾਸ਼ਟਰ' ਦੀ ਧਾਰਨਾ ਤੋਂ ਬਿਲਕੁਲ ਵੱਖਰੇ ਤੇ ਚੈਲਿੰਜ ਹਨ। ਇਹ ਗੁਰੂ ਨਾਨਕ ਦੇ ਪ੍ਰਵਚਨ ਵਿਚੋਂ ਸਹਿਜ ਸੁਭਾਅ ਪ੍ਰਗਟ ਹੋ ਰਹੇ ਹਨ। ਗੁਰੂ ਨਾਨਕ ਦਾ ਵਿਸ਼ਵ ਆਰਡਰ ਕਿਰਤ, ਨਾਮ ਜਪਣ ਵੰਡ ਛਕਣ, ਬਰਾਬਰੀ, ਸਾਂਝੀਵਾਲਤਾ ਨਿਆਂ, ਸਰਬੱਤ ਅਜ਼ਾਦੀ ਤੇ ਵੰਨ ਸਵੰਨਤਾ ਉਪਰ ਆਧਾਰਿਤ ਹੈ ਜਿਸਦਾ ਸਮਾਜ ਬੇਗਮਪੁਰਾ ਜਿਥੇ ਗਮ ਦੁਖ ਨਹੀਂ। ਰਾਜ ਸਤਾ ਹਲੇਮੀ ਰਾਜ ਉਪਰ ਆਧਾਰਿਤ ਹੈ। ਇਸ ਨੂੰ ਬੇਗਮਪੁਰਾ ਖਾਲਸਾ ਰਾਜ ਦਾ ਨਾਮ ਦੇ ਸਕਦੇ ਹਾਂ। ਇਹ ਸੰਸਾਰ ਦੇ ਹਰੇਕ ਮਨੁੱਖ ਨੂੰ ਪਰਵਾਨ ਹੋਵੇਗਾ। ਇਸ ਦੀ ਹਾਲੇ ਫਿਲਾਸਫੀਕਲ ਵਿਆਖਿਆ ਹੋਣੀ ਬਾਕੀ ਹੈ। ਗੁਰੂ ਗ੍ਰੰਥ ਸਾਹਿਬ ਦੇ ਅਧਾਰ ਉਪਰ ਸਾਡੇ ਕਥਾਵਾਚਕਾਂ ਤੇ ਬੁੱਧੀਜੀਵੀਆਂ ਨੇ ਇਸ ਬਾਰੇ ਵਿਆਖਿਆ ਨਹੀਂ ਕੀਤੀ। ਜਦੋਂ ਸੰਸਾਰ ਕੁਰੱਪਟ ਮਾਇਆਧਾਰੀਆਂ, ਸਿਆਸਤਦਾਨਾਂ ਕਰਕੇ ਹਿੰਸਾ , ਨਸਲਵਾਦ, ਜਾਤੀਵਾਦ, ਗਰੀਬੀ, ਬੇਰੁਜਗਾਰੀ, ਵਰਲਡ ਵਾਰ ਦੀ ਸੰਭਾਵਨਾ ਵਿਚ ਜਕੜਿਆ ਤਾਂ ਗੁਰੂ ਨਾਨਕ ਦਾ ਫਲਸਫਾ ਅਗਵਾਈ ਦੇਣ ਦੇ ਸਮਰਥ ਹੈ। ਪਰ ਪ੍ਰੈਕਟਿਸ ਵਿਚ ਇਸ ਦੀ ਵਿਆਖਿਆ ਅਮਲ ਲਾਗੂ ਹੋ ਰਿਹਾ ਹੈ। ਇਸ ਗੁਰੂ ਨਾਨਕ ਵਿਸ਼ਵ ਆਰਡਰ ਸਿਰਜਣ ਵਿਚ ਖਾਲਸਾ ਏਡ ਦੀ ਵੱਡੀ ਭੂਮਿਕਾ ਹੈ। ਕਿਸਾਨੀ ਲਹਿਰ ਦੌਰਾਨ ਪ੍ਰਵਾਸੀ ਖਾਲਸਾ ਜੀ ਤੇ ਬਹੁਜਨ ਵਿਸ਼ਵ ਭਾਈਚਾਰੇ ਦੇ ਸਹਿਯੋਗ ਨੇ ਗੁਰੂ ਨਾਨਕ ਵਿਸ਼ਵ ਆਰਡਰ ਦਾ ਇਤਿਹਾਸ ਏਕਤਾ ਸਿਰਜੀ ਹੈ , ਇਸਦੇ ਵੱਡੇ ਉਸਾਰੂ ਨਤੀਜੇ ਨਿਕਲਣਗੇ। ਗੁਰੂ ਨਾਨਕ ਵਿਸ਼ਵ ਆਰਡਰ ਸਿਰਜਣ ਵਾਲਾ ਗੁਰੂ ਨਾਨਕ ਪੰਥ ਕਿਸਾਨੀ ਲਹਿਰ ਦਾ ਵੱਡੀ ਤਾਕਤ ਬਣਿਆ ਹੈ। ਕਿਸਾਨੀ ਲਹਿਰ ਨੂੰ ਇਸ ਵਿਚਾਰ ਨੂੰ ਸਮਝਣ ਦੀ ਲੋੜ ਹੈ ਕਿ ਕਿਰਤ ਦਾ ਖ਼ੂਨ ਨਿਚੋੜਨ ਵਾਲੇ ਕਾਰਪੋਰੇਟ ਹਨ। ਸਿਆਸਤ ਇਸ ਅਵਾਰਾ ਪੂੰਜੀ ਉਪਰ ਪਲ ਰਹੀ ਹੈ ਜੋ ਸਮਾਜ ਤੇ ਕਿਰਤ ਦੀ ਗੁਲਾਮੀ ਸਿਰਜਦੀ ਹੈ। ਅਵਾਰਾ ਪੂੰਜੀ ਕਿਰਤ ਦੀ ਸਰਦਾਰੀ ਕਾਇਮ ਨਹੀਂ ਹੋਣ ਦੇਵੇਗੀ। ਕਥਿਤ ਨੀਵਿਆਂ, ਵੰਚਿਤਾਂ ਤੇ ਕਿਰਤੀਆਂ ਦਾ ਸੰਗ ਸਾਥ ਗੁਰੂ ਨਾਨਕ ਦਾ ਹੁਕਮ ਹੈ। ਮਲਕ ਭਾਗੋ ਕਾਰਪੋਰੇਟ ਦੇ ਬਿਜਨਸ ਦਾ ਬਾਈਕਾਟ ਇਸ ਗੁਲਾਮੀ ਤੋਂ ਅਜਾਦੀ ਵੱਲ ਸਫਰ ਹੈ। ਇਹੀ ਗੁਰੂ ਨਾਨਕ ਦਾ ਵਿਸ਼ਵ ਆਰਡਰ ਹੈ ਕਿ ਰੱਬੀ ਸੱਤਾ ਕਿਰਤ ਦੇ ਪ੍ਰਬੰਧਾਂ ਅਧੀਨ ਪੈਦਾ ਹੋ ਸਕਦੀ ਹੈ। ਗੁਰਮਤਿ ਦਾ ਸਪੱਸ਼ਟ ਪ੍ਰਵਚਨ ਹੈ ਕਿ ਅਵਾਰਾ ਪੂੰਜੀ ਸੱਪ ਬਣਕੇ ਡੰਗੇਗੀ। ਅਵਾਰਾ ਪੂੰਜੀ ਪਾਪਾਂ ਬਾਝੋਂ ਇਕੱਠੀ ਨਹੀਂ ਹੋਵੇਗੀ ਤੇ ਨਾ ਹੀ ਤੁਹਾਡੇ ਮਰਨ ਤੋਂ ਬਾਅਦ ਤੁਹਾਡੇ ਨਾਲ ਜਾਵੇਗੀ। ਪਾਪ ਦਾ ਮਾਰਗ ਅਵਾਰਾ ਪੂੰਜੀ ਲੋਕਾਂ ਦੇ ਦੁਖ ਦਾ ਕਾਰਣ ਹੈ। ਜੋ ਸਿਸਟਮ ਇਸ ਉਪਰ ਪਲੇਗਾ ਤੁਹਾਡੇ ਦੁੱਖਾਂ ਦਾ ਕਾਰਨ ਬਣੇਗਾ। ਬਾਬੇ ਗੁਰੂ ਨਾਨਕ ਦੇ ਪ੍ਰਵਚਨ ਇਸ ਯੁਗ ਵਿਚ ਵੀ ਅਟਲ ਹਨ। ਮਾਇਆ ਵਿਚ ਗ੍ਰਸਿਆ ਮਨੁੱਖ 'ਮਾਇਆਧਾਰੀ' ਕਹਿਲਾਉਂਦਾ ਹੈ। ਉਸ ਦੇ ਕਾਰ-ਵਿਹਾਰ ਵਿਚ ਮਾਇਆ ਹਾਵੀ ਹੋ ਜਾਂਦੀ ਹੈ। ਮਾਇਆਧਾਰੀ ਸਮਾਜ ਵਿਚ ਲੁੱਟ-ਖਸੁੱਟ ਕਰਦੇ ਹਨ ਅਤੇ ਬਖੇੜੇ ਪੈਦਾ ਹੋ ਜਾਂਦੇ ਹਨ। ਗੁਰਬਾਣੀ ਵਿਚ ਮਾਇਆਧਾਰੀ ਨੂੰ ਅੰਨਾ-ਬੋਲਾ ਅਤੇ ਮੂਰਖ ਕਿਹਾ ਗਿਆ ਹੈ,

**ਮਾਇਆਧਾਰੀ ਅਤਿ ਅੰਨਾ ਬੋਲਾ॥**
**ਸਬਦੁ ਨ ਸੁਣਈ ਬਹੁ ਰੋਲ ਘਚੋਲਾ॥**
**(ਗਉੜੀ ਮ: 3, ਪੰਨਾ 313)**

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਕੜੀ - 22

**- ਕਰਮ ਸਿੰਘ ਜ਼ਖ਼ਮੀ**

'ਸ਼ੌਕਤ ਬਕਸੇ ਵਿਚੋਂ ਤੇਲ ਦੀ ਸ਼ੀਸ਼ੀ ਕੱਢ ਕੇ ਸ਼ਹਿਨਸ਼ਾਹ ਸਲਾਮਤ ਦੇ ਸਿਰ ਤੇ ਮਾਲਸ਼ ਕਰੋ।' ਹਾਜੀ ਸਾਹਿਬ ਨੇ ਕਿਹਾ। ਇਸ ਹੁਕਮ ਦੀ ਪਾਲਣਾ ਹੋਣ ਲੱਗੀ।

ਹਾਜੀ ਮੌਲਾ ਬਖਸ਼ ਨੇ ਬਕਸੇ ਵਿਚੋਂ ਇਕ ਹੋਰ ਸ਼ੀਸ਼ੀ ਕੱਢੀ। ਗਰਮ ਪਾਣੀ ਮੰਗਵਾ ਕੇ ਉਸ ਵਿਚੋਂ ਦਵਾਈ ਦਾ ਇਕ ਚਿਮਚਾ ਮਿਲਾਇਆ ਤੇ ਇਕ ਇਕ ਚਿਮਚਾ ਕਰਕੇ ਬਾਦਸ਼ਾਹ ਦੇ ਮੂੰਹ ਵਿਚ ਪਾਉਣ ਲਗਾ।

'ਹਾਜੀ ਸਾਹਿਬ, ਮੈਨੂੰ ਤਾਂ ਬਾਦਸ਼ਾਹ ਸਲਾਮਤ ਬਚਦੇ ਨਜ਼ਰ ਨਹੀਂ ਆਉਂਦੇ।' ਮਿਰਜ਼ਾ ਖਾਨ ਦੇ ਲਹਿਜੇ ਵਿਚੋਂ ਘੋਰ ਨਿਰਾਸ਼ਤਾ ਉੱਠ ਰਹੀ ਸੀ।

'ਮਿਰਜ਼ਾ ਸਾਹਿਬ ਜ਼ਿੰਦਗੀ ਮੌਤ' ਖ਼ੁਦਾਵੰਦ ਕਰੀਮ ਦੇ ਹੱਥ ਵਿਚ ਹੈ। ਅਸੀਂ ਇਨਾਂ ਨੂੰ ਬਚਾਉਣ ਲਈ ਆਪਣੇ ਵੱਲੋਂ ਪੂਰਾ ਪੂਰਾ ਟਿੱਲ ਲਾਵਾਂਗੇ।' ਹਾਜ਼ੀ ਸਾਹਿਬ ਨੇ ਆਖਿਆ।

ਬਾਦਸ਼ਾਹ ਦੇ ਦੋਵੇਂ ਪੁੱਤਰ ਜਹਾਦਦਾਰ ਸ਼ਾਹ ਤੇ ਰਫੀ ਉਲਾ ਸ਼ਾਨ ਭੀ ਆ ਗਏ। ਉਸਦੇ ਹੋਰ ਦੋ ਪੁੱਤਰ ਇਸ ਸਮੇਂ ਦਿੱਲੀ ਵਿਚ ਸਨ। ਉਨਾਂ ਨੇ ਭੀ ਹਾਜ਼ੀ ਸਾਹਿਬ ਤੋਂ ਆਪਣੇ ਪਿਤਾ ਦੀ ਸਿਹਤ ਬਾਰੇ ਪੁੱਛਿਆ ਤੇ ਉਨਾਂ ਨੂੰ ਭੀ ਉਨਾਂ ਵੱਲੋਂ ਉਹੋ ਹੀ ਜਵਾਬ ਮਿਲਿਆ ਕਿ ਜੋ ਇਸ ਤੋਂ ਪਹਿਲਾਂ ਮਿਰਜ਼ਾ ਖਾਨ ਨੂੰ ਮਿਲ ਚੁੱਕਿਆ ਸੀ।

ਦਿਨ ਮੁੱਕ ਗਿਆ ਤੇ ਰਾਤ ਦਾ ਹਨੇਰਾ ਪਸਰਨਾਂ ਸ਼ੁਰੂ ਹੋ ਗਿਆ, ਪ੍ਰੰਤੂ ਬਾਦਸ਼ਾਹ ਦੀ ਗਈ ਹੋਈ ਹੋਸ਼ ਹਾਲਾਂ ਤਕ ਨਹੀਂ ਮੁੜੀ। ਦੋਵੇਂ ਕੁੜੀਆਂ ਜ਼ਨਾਨਖ਼ਾਨੇ ਵਿਚੋਂ ਮੁੜ ਆਈਆਂ ਸਨ। ਹਾਜ਼ੀ ਸਾਹਿਬ ਨੇ ਬਾਹਰ ਆ ਕੇ ਉਨਾਂ ਦੀ ਗੱਲ ਸੁਣੀ। ਉਨਾਂ ਨੂੰ ਲੈ ਕੇ ਆਈ ਬੱਘੀ ਹਾਲਾਂ ਭੀ ਡਿਉਢੀ ਵਿਚ ਖੜੀ ਸੀ।

ਕੋਚਵਾਨ ਉਸ ਵਿੱਚ ਬੈਠਾ ਹਾਲਾਂ ਭੀ ਉਹਨਾਂ ਨੂੰ ਵਾਪਸ ਲੈ ਜਾਣ ਦੀ ਉਡੀਕ ਕਰ ਰਿਹਾ ਸੀ, ਹਾਜ਼ੀ ਸਾਹਿਬ ਨੇ ਸਮੇਤ ਕਰਤਾਰ ਸਿੰਘ ਦੇ ਉਹਨਾਂ ਨੂੰ ਆਪਣੀ ਹਵੇਲੀ ਨੂੰ ਭੇਜ ਦਿੱਤਾ ਤੇ ਫੇਰ ਬਾਦਸ਼ਾਹ ਦੇ ਕਮਰੇ ਵਿਚ ਜਾ ਵੜਿਆ। ਬਾਦਸ਼ਾਹ ਦੇ ਕਮਰੇ ਵਿਚ ਹੁਣ ਹਾਜ਼ੀ, ਸਾਹਿਬਜ਼ਾਦੇ ਤੇ ਮਿਰਜ਼ਾ ਖਾਨ ਸਨ।

'ਕਿਸੇ ਹੋਰ ਵੈਦ ਜਾਂ ਹਕੀਮ ਨੂੰ ਭੀ ਸੱਦ ਲਈਏ?' ਸਾਹਿਜ਼ਾਦਾ ਰਫੀਉਲ ਸ਼ਾਨ ਨੇ ਕਿਹਾ। 'ਲੋੜ ਨਹੀਂ, ਇਸ ਲਾਹੌਰ ਵਿਚ ਤਾਂ ਹਾਜ਼ੀ ਸਾਹਿਬ ਤੋਂ ਵੱਡਾ ਹਕੀਮ ਹੈ ਕੋਈ ਨਹੀਂ।' ਮਿਰਜ਼ਾ ਖਾਨ ਨੇ ਉੱਤਰ ਦਿੱਤਾ।

'ਠੀਕ ਹੈ ਹੁਣ ਤਾਂ ਅੱਲਾ-ਤਾਲਾ ਦੀਆਂ ਮੇਹਰਾਂ ਦਾ ਜੀ ਸਹਾਰਾ ਹੈ।' ਜਹਾਨਦਾਰ ਸ਼ਾਹ ਨੇ ਕਿਹਾ।

ਹਾਜੀ ਮੌਲਾ ਬਖਸ਼ ਨੇ ਬਾਦਸ਼ਾਹ ਦੀ ਮੁੜ ਨਬਜ਼ ਵੇਖੀ, ਛਾਤੀ ਤੇ ਹੱਥ ਰੱਖ ਕੇ ਦਿਲ ਦੀ ਹਰਕਤ ਦਾ ਅੰਦਾਜ਼ਾ ਲਾਇਆ ਤੇ ਸਿਰ ਤੇ ਹੱਥ ਫੇਰ ਕੇ ਦਿਮਾਗ਼ੀ ਦਸ਼ਾ ਨੂੰ ਭੀ ਪੜਚੋਲਿਆ, ਉਸ ਦੇ ਚਿਹਰੇ ਤੇ ਕੁਝ ਸੰਤੁਸ਼ਟਤਾ ਜਿਹੀ ਨਜ਼ਰ ਆਉਣ ਲੱਗੀ।

'ਕੀ ਹਾਲ ਹੈ?' ਮਿਰਜ਼ਾ ਖਾਨ ਨੇ ਆਖਿਆ

ਬਾਦਸ਼ਾਹ ਸਲਾਮਤ ਨੂੰ ਹੁਣ ਹੋਸ਼ ਆ ਰਹੀ ਹੈ। ਇਨਾਂ ਦੀ ਜਾਨ ਭੀ ਖ਼ਬਰੇ ਖੁਦਾਵੰਦ ਕਰੀਮ ਬਖਸ਼ ਦੇਵੇ। ਹਾਜੀ ਸਾਹਿਬ ਨੇ ਕਿਹਾ ਅਤੇ ਨਾਲ ਹੀ ਆਪਣੇ ਬਸ ਵਿਚੋਂ ਕੱਢ ਕੇ ਇਕ ਪੀਣ ਵਾਲੀ ਦਵਾਈ ਇਕ ਇਕ ਚਮਚਾ ਕਰ ਕੇ ਬਾਦਸ਼ਾਹ ਦੇ ਮੂੰਹ ਵਿਚ ਪਾਉਣੀ ਸ਼ੁਰੂ ਕਰ ਦਿੱਤੀ।

ਪਹਿਰ ਰਾਤ ਗਈ ਬਾਦਸ਼ਾਹ ਨੇ ਅੱਖਾਂ ਖੋਲ ਦਿੱਤੀਆਂ ਅਤੇ ਉੱਠ ਕੇ ਬੈਠ ਗਿਆ। ਉਹਨੇ ਕਹਿਰ ਭਰੀਆਂ ਨਿਗਾਹਾਂ ਨਾਲ ਉਨਾਂ ਚਹੁੰਆਂ ਵੱਲ ਵੇਖਿਆ ਤੇ ਬੋਲਿਆ-'ਤੁਸੀਂ ਅਸਾਂ ਨੂੰ ਬੇਅਰਾਮ ਕਿਉਂ ਕਰ ਰਹੇ ਹੋ?'

'ਸ਼ਹਿਨਸ਼ਾਹ ਆਲਮ ਬੇਅਰਾਮ ਨਹੀਂ ਕਰ ਰਹੇ, ਤੁਹਾਡੀ ਤਬੀਅਤ ਖ਼ਰਾਬ ਹੋ ਗਈ ਸੀ, ਬੇਹੋਸ਼ ਹੋ ਗਏ ਸਓ, ਇਹ ਹਕੀਮ ਸਾਹਿਬ ਹਨ, ਇਹਨਾਂ ਦੀ ਦਵਾਈ ਨਾਲ ਤੁਸੀਂ ਠੀਕ ਹੋ ਗਏ ਹੋ।' ਮਿਰਜ਼ਾ ਖਾਨ ਨੇ ਬੜੀ ਹੀ ਨਿਮਰਤਾ ਸਹਿਤ ਕਿਹਾ, ਇਸ ਸਮੇਂ ਤੱਕ ਉਹ ਸਾਰੇ ਹੀ ਸਮਝ ਚੁੱਕੇ ਸਨ ਕਿ ਬਾਦਸ਼ਾਹ ਤਾਂ ਹੀ ਬਚ ਸਕਦੇ ਹਨ ਕਿ ਜੇਕਰ ਉਨਾਂ ਦੇ ਦਿਮਾਗ਼ ਵਿਚ ਗਰਮੀ ਨਾ ਆਵੇ, ਇਸ ਲਈ ਉਹ ਉਨਾਂ ਨੂੰ ਸ਼ਾਂਤ ਰੱਖਣਾ ਚਾਹੁੰਦੇ ਸਨ।

ਪ੍ਰੰਤੂ ਬਾਦਸ਼ਾਹ ਦੇ ਦਿਮਾਗ ਵਿਚ ਸ਼ਾਂਤੀ ਕਿਥੇ ਸੀ। ਉਸ ਨੇ ਕਿਹਾ-ਤੁਸੀਂ ਜਾਓ ਆਪਣਾ ਕੰਮ ਕਰੋ, ਕੁੱਤੇ ਮਾਰੋ ਤੇ ਇਹ ਸਾਧ ਫ਼ਕੀਰ ਭੀ ਸਾਰੇ ਹੀ ਰਾਤੋਂ ਰਾਤ ਕਤਲ ਕਰ ਦਿਓ, ਨਹੀਂ ਤਾਂ ਸਵੇਰੇ ਤੁਹਾਨੂੰ ਸਾਰਿਆਂ ਨੂੰ ਫਾਂਸੀ ਦੇ ਦਿੱਤੀ ਜਾਵੇਗੀ।

ਹਾਜੀ ਮੌਲਾ ਬਖਸ਼ ਉੱਠ ਖੜਾ ਹੋਇਆ ਤੇ ਇਸ਼ਾਰਾ ਪਾ ਕੇ ਬਾਕੀ ਭੀ ਸਾਰੇ ਉੱਠ ਖੜੇ ਹੋਏ, ਉਹ ਸਾਰੇ ਮੁੜ ਦੀਵਾਨਖਾਨੇ ਵਿਚ ਆ ਗਏ। ਉਨਾਂ ਦਾ ਵਿਚਾਰ ਸੀ ਕਿ ਬਾਦਸ਼ਾਹ ਇਕੱਲਾ ਰਹੇਗਾ ਤਾਂ ਉਹ ਬੋਲਣਾ ਬੰਦ ਕਰ ਦੇਵੇਗਾ ਪ੍ਰੰਤੂ ਇਹ ਆਸ ਪੂਰੀ ਨਹੀਂ ਹੋਈ। ਬਾਦਸ਼ਾਹ ਨੇ ਪਲੰਘ ਤੋਂ ਹੇਠਾਂ ਉਤਰ ਕੇ ਇਹ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ-'ਫ਼ੌਜ ਤਿਆਰ ਕਰੋ, ਮੇਰੇ ਹਾਥੀ ਲਿਆਓ, ਮੈਂ ਜਾਦੂਗਰ, ਕਾਫ਼ਰ ਨੂੰ ਫੜਨ ਲਈ ਜਾ ਰਿਹਾ ਹਾਂ।'

ਓਏ ਕਿੱਥੇ ਮਰ ਗਏ ਸਾਰੇ ਆਓ ਆਓ ਆਓ।' ਬਾਦਸ਼ਾਹ ਦੇ ਆਖ਼ਰੀ ਸ਼ਬਦ ਸਨ।

ਸਾਰੇ ਹੀ ਦੌੜ ਕੇ ਕਮਰੇ ਵਿਚ ਵਾਪਸ ਚਲੇ ਗਏ। ਉਹਨਾਂ ਨੇ ਬਾਦਸ਼ਾਹ ਨੂੰ ਸੰਭਾਲ ਕੇ ਫੇਰ ਪਲੰਘ ਤੇ ਲਿਟਾ ਦਿੱਤਾ। ਬਾਦਸ਼ਾਹ ਨੇ ਅੱਖਾਂ ਖੋਲ ਕੇ ਪਹਿਲਾਂ ਉਨਾਂ ਸਾਰਿਆਂ ਵੱਲ ਵੇਖਿਆ ਤੇ ਫੇਰ ਛੱਤ ਵੱਲ ਵੇਖਣਾ ਸ਼ੁਰੂ ਕਰ ਦਿੱਤਾ।

ਅਚਾਨਕ ਉਸਦੇ ਮੂੰਹੋਂ 'ਪਾਣੀ' ਨਿਕਲਿਆ। ਹਾਜੀ ਮੌਲਾ ਬਖਸ਼ ਨੇ ਪਾਣੀ ਦਾ ਕਟੋਰਾ ਚੁਕਿਆ, ਉਹਦਾ ਖ਼ਿਆਲ ਸੀ ਕਿ ਬਾਦਸ਼ਾਹ ਉੱਠ ਕੇ ਪਾਣੀ ਪੀ ਲਵੇਗਾ, ਪ੍ਰੰਤੂ ਬਾਦਸ਼ਾਹ ਨੇ ਉੱਠਣਾ ਕੀ ਸੀ, ਉਸ ਦੀ ਤਾਂ ਇਹ ਆਖ਼ਰੀ ਆਵਾਜ਼ ਸੀ, ਉਸ ਦੀਆਂ ਅੱਖਾਂ ਮੀਟੀਆਂ ਗਈਆਂ ਤੇ ਸਿਰ ਸਰਾਣੇ ਤੋਂ ਹੇਠਾਂ ਲਟਕ ਪਿਆ। ਉਹ ਇਸ ਸੰਸਾਰ ਨੂੰ ਹਮੇਸ਼ਾ ਲਈ ਛੱਡ ਕੇ ਜਾ ਚੁੱਕਿਆ ਸੀ।




ਬਾਦਸ਼ਾਹ ਬਹਾਦਰ ਸ਼ਾਹ ਦੀ ਮੌਤ ਨਾਲ ਰਾਮ ਰੌਲਾ ਮੱਚ ਗਿਆ। ਜਿਸ ਤਰਾਂ ਔਰੰਗਜ਼ੇਬ ਆਪਣੇ ਭਰਾਵਾਂ ਦੀਆਂ ਲਾਸ਼ਾਂ ਉੱਤੋਂ ਦੀ ਲੰਘ ਕੇ ਦਿੱਲੀ ਦੇ ਤਖ਼ਤ 'ਤੇ ਬੈਠਿਆ ਸੀ, ਉਹੋ ਰਸਤਾ ਜੋਹਾਨਦਾਰ ਸ਼ਾਹ ਨੇ ਅਖ਼ਤਿਆਰ ਕਰ ਲਿਆ। ਉਸਨੇ ਆਪਣੇ ਪਿਤਾ ਦੀ ਲਾਸ਼ ਨੂੰ ਟਿਕਾਣੇ ਲਾ ਕੇ ਆਉਂਦਿਆਂ ਹੀ ਆਪਣੇ ਇਕ ਭਰਾ ਰਫੀਉਲ ਸ਼ਾਨ ਨੂੰ ਭੇਦ ਭਰੇ ਢੰਗ ਨਾਲ ਖ਼ਤਮ ਕਰਕੇ ਉਸਦੀ ਲਾਸ਼ ਨੂੰ ਦਰਿਆ ਰਾਵੀ ਵਿਚ ਰੋਹੜ ਦਿੱਤਾ ਅਤੇ ਮੀਂਹ ਹਨੇਰੀ ਵਾਂਗ ਦਿੱਲੀ ਪੁੱਜ ਕੇ ਆਪਣੇ ਦੋ ਭਰਾਵਾਂ ਨੂੰ ਭੀ ਕਤਲ ਕਰ ਦਿੱਤਾ। ਇਸ ਤਰਾਂ ਉਹ ਆਪਣਾ ਰਸਤਾ ਸਾਫ਼ ਕਰਕੇ ਦਿੱਲੀ ਦੇ ਤਖ਼ਤ 'ਤੇ ਬੈਠ ਗਿਆ। ਪ੍ਰੰਤੂ ਉਹ ਰਾਜਧਾਨੀ ਤੋਂ ਬਾਹਰਲੇ ਮਾਮਲਿਆਂ ਵੱਲ ਕੋਈ ਧਿਆਨ ਨਾ ਦੇ ਸਕਿਆ ਤੇ ਦਿੱਲੀ ਦੇ ਮਾਮਲਿਆਂ ਵਿਚ ਹੀ ਉਲਝ ਕੇ ਰਹਿ ਗਿਆ।

ਕਰਤਾਰ ਸਿੰਘ ਤੇ ਰਾਜਕੁਮਾਰੀ ਰਾਜਵੰਤ ਦਾ ਹੁਣ ਲਾਹੌਰ ਵਿਚ ਕੋਈ ਕੰਮ ਨਹੀਂ ਸੀ ਰਿਹਾ। ਹਾਜੀ ਮੌਲਾ ਬਖਸ਼ ਨਾਲ ਸਲਾਹ ਕਰਕੇ ਉਹ ਵਾਪਸ ਨਾਹਨ ਨੂੰ ਚੱਲ ਪਏ। ਉੱਥੇ ਪੁੱਜ ਕੇ ਪਤਾ ਲਗਾ ਕਿ ਤਾਰਾ ਚੰਦ ਸਿੰਘ ਰੱਬ ਨੂੰ ਪਿਆਰੇ ਹੋ ਗਏ ਹਨ ਤੇ ਤਾਰਾ ਬੰਦਾ ਸਿੰਘ ਬਹਾਦਰ ਦੇ ਡੇਰੇ ਦੇ ਨਾਲ ਹੀ ਹੈ। ਨਾਹਨ ਪੁੱਜਣ 'ਤੇ ਇਹ ਭੀ ਪਤਾ ਲੱਗਾ ਕਿ ਬਾਬਾ ਜੀ ਦਾ ਡੇਰਾ ਇਸ ਸਮੇਂ ਚੰਬੇ ਦੀ ਰਿਆਸਤ ਵਿਚ ਹੈ।

ਕਰਤਾਰ ਸਿੰਘ ਨੇ ਰਾਜਕੁਮਾਰੀ ਰਾਜਵੰਤ ਨੂੰ ਨਾਹਨ ਵਿਚ ਛੱਡਿਆ ਹੈ ਆਪ ਬਾਬਾ ਜੀ ਦੇ ਡੇਰੇ ਵਿਚ ਜਾ ਪੁੱਜਿਆ। ਤਾਰਾ ਚੰਦ ਨੇ ਜੋਤਿਸ਼ ਵਿਗਿਆਨ ਦੇ ਹਿਸਾਬ ਨਾਲ ਜੋ ਕੁਝ ਬਾਬਾ ਜੀ ਨੂੰ ਦੱਸਿਆ ਸੀ ਉਹ ਅੱਖਰ ਅੱਖਰ ਠੀਕ ਸਾਬਤ ਹੋ ਰਿਹਾ ਸੀ।

ਬਾਦਸ਼ਾਹ ਬਹਾਦਰ ਸ਼ਾਹ ਨੂੰ ਪਾਗਲ ਹੋ ਕੇ ਮਰਦਾ ਉਹ ਆਪ ਲਾਹੌਰ ਵਿਚ ਵੇਖਕੇ ਆਇਆ ਸੀ ਤੇ ਚੰਬੇ ਵਿਚ ਆ ਕੇ ਉਸ ਨੇ ਵੇਖਿਆ ਕਿ ਉੱਥੋਂ ਦੇ ਰਾਜਾ ਉਦੈ ਚੰਦ ਦੀ ਰਾਜਕੁਮਾਰੀ ਚੰਬੇਲੀ ਨਾਲ ਉਹਨਾਂ ਦਾ ਵਿਆਹ ਵੀ ਹੋ ਚੁੱਕਿਆ ਹੈ। ਇਹ ਵੀ ਪਤਾ ਲਗਾ 'ਮੰਡੀ, ਚੰਬਾ, ਸੀ ਨਗਰ, ਕਾਂਗੜਾ ਤੇ ਨਾਹਨ ਆਦਿ ਦੇ ਸਾਰੇ ਰਾਜਿਆਂ ਨੇ ਉਨਾਂ ਦੀ ਈਨ ਮੰਨ ਲਈ ਹੈ ਤੇ ਸਾਰਿਆਂ ਵੱਲੋਂ ਹੀ ਉਹਨਾਂ ਨੂੰ ਕਰ ਤੇ ਨਜ਼ਰਾਨੇ ਦਿੱਤੇ ਜਾ ਰਹੇ ਹਨ।'

ਕਰਤਾਰ ਸਿੰਘ ਦੇ ਪੁੱਜਣ 'ਤੇ ਬਾਬਾ ਜੀ ਨੇ ਉਸਨੂੰ ਆਪਣੇ ਪਾਸ ਸੱਦਿਆ ਤੇ ਲਾਹੌਰ ਤੇ ਉਸਦੇ ਸਾਰੇ ਚੁਗਿਰਦੇ ਦੇ ਹਾਲਾਤ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ। ਸੁੰਨੀ ਮੁਸਲਮਾਨ ਪੂਰੀ ਤਰਾਂ ਪੰਜਾਬ ਤੇ ਕਬਜ਼ਾ ਵਿਚ ਉਹਨਾਂ ਦੀ ਸਹਾਇਤਾ ਕਰਨਗੇ ਉਸਨੇ ਇਹ ਭੀ ਦੱਸਿਆ। ਇਹ ਖ਼ਬਰ ਉਸਦੇ ਪੁੱਜਣ ਤੋਂ ਪਹਿਲਾਂ ਹੀ ਬਾਬਾ ਜੀ ਨੂੰ ਪੁੱਜ ਚੁੱਕੀ ਸੀ। ਕਰਤਾਰ ਸਿੰਘ ਨੇ ਜਦੋਂ ਮੌਲਾਨਾ ਬਰਕਤ ਉਲਾ ਤੋਂ ਦਸ ਹਜ਼ਾਰ ਰੁਪਏ ਮਿਲਣ ਦੀ ਗੱਲ ਕੀਤੀ ਕਿ ਜੋ ਉਹ ਹਾਜੀ ਮੌਲਾ ਬਖਸ਼ ਪਾਸ ਹੀ ਛੱਡ ਆਇਆ ਸੀ ਤਾਂ ਉਸਨੂੰ ਇਹ ਜਾਣ ਕੇ ਖ਼ੁਸ਼ੀ ਤੇ ਹੈਰਾਨੀ ਹੋਈ ਕਿ ਦਸ ਹਜ਼ਾਰ ਹੀ ਨਹੀਂ, ਪੰਜਾਹ ਹਜ਼ਾਰ ਰੁਪੈ ਦੀ ਰਕਮ ਹਾਜੀ ਵੱਲੋਂ ਏਥੇ ਪੁੱਜ ਭੀ ਚੁੱਕੀ ਹੈ।

'ਬਾਬਾ ਜੀ, ਇਹ ਹਾਜੀ ਸਾਹਿਬ ਜੋ ਸਿੱਖਾਂ ਲਈ ਜਾਨ ਦਿੰਦੇ ਹਨ। ਅਸਲ ਵਿਚ ਹਨ ਕੌਣ?' ਕਰਤਾਰ ਸਿੰਘ ਨੇ ਪੁੱਛਿਆ।

ਕਰਤਾਰ ਸਿੰਘ, ਉਹ ਉਸ ਮਹਾਂ ਪੁਰਖ ਮੀਰ ਮੀਆਂ ਮੀਰ ਦੀ ਸੰਤਾਨ ਹਨ ਕਿ ਜਿਸ ਤੋਂ ਪੰਜਵੇਂ ਪਾਤਸ਼ਾਹ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਰਖਵਾਇਆ ਸੀ। ਬਾਬਾ ਜੀ ਨੇ ਇਕ ਸਚਾਈ ਦੱਸਦੇ ਹੋਏ ਕਿਹਾ 'ਉਸ ਤਰਾਂ ਹੁਣ ਬਹੁਤੇ ਸਮਝਦਾਰ ਮੁਸਲਮਾਨ ਭੀ ਅਸਾਡੇ ਨਾਲ ਆ ਰਹੇ ਹਨ, ਇਹ ਗੱਲ ਉਨਾਂ ਚੰਗੀ ਤਰਾਂ ਸਮਝ ਲਈ ਹੈ ਕਿ ਮੁਗ਼ਲ ਰਾਜ ਦੀ ਸ਼ਮਾਂ ਬੁਝ ਰਹੀ ਹੈ ਤੇ ਸਿੱਖ ਰਾਜ ਦੇ ਝੰਡੇ ਝੂਲਣ ਵਾਲੇ ਹਨ ਇਹ ਪਹਾੜੀ ਰਿਆਸਤਾਂ ਤਾਂ ਪੂਰੀ ਤਰਾਂ ਸਿੱਖ ਸਲਤਨਤ ਵਿਚ ਸ਼ਾਮਲ ਹੋ ਗਈਆਂ ਸਮਝਣੀਆਂ ਚਾਹੀਦੀਆਂ ਹਨ। ਬਿਲਾਸਪੁਰ ਦਾ ਰਾਜਾ ਭੀਮ ਚੰਦ ਕੁਝ ਆਕੜਿਆ ਸੀ ਤੇਰੇ ਪਿੱਛੋਂ ਹੀ ਉਸਨੂੰ ਰਗੜ ਦਿੱਤਾ ਗਿਆ ਹੈ।'

'ਇਹ ਜੋ ਬਾਦਸ਼ਾਹ ਦੇ ਮਰਨ ਨਾਲ ਰਾਜ ਰੌਲਾ ਸ਼ੁਰੂ ਹੋਇਆ ਹੈ, ਇਸਦਾ ਅਸਾਨੂੰ ਕੀ ਲਾਭ, ਪੁੱਜੇਗਾ ਮੇਰਾ ਮਤਲਬ ਇਹ ਹੈ ਕਿ ਇਸ ਤੋਂ ਅਸੀਂ ਕੀ ਲਾਭ ਉਠਾਵਾਂਗੇ?' ਕਰਤਾਰ ਸਿੰਘ ਨੇ ਪੁੱਛਿਆ।

'ਬਾਬਾ ਅਸੀਂ ਇਸ ਕੀਮਤੀ ਸਮੇਂ ਦਾ ਇਕ ਮਿੰਟ ਭੀ ਜਾਇਆ ਨਹੀਂ ਹੋਣ ਦਿਆਂਗੇ। ਲੋਹਗੜ 'ਤੇ ਮੁੜ ਅਸਾਡਾ ਕਬਜ਼ਾ ਹੋ ਗਿਆ ਹੈ ਤੇ ਸਰਹੰਦ ਤੇ ਸਢੌਰੇ 'ਤੇ ਹੋਣ ਹੀ ਵਾਲਾ ਹੈ। ਬਾਬਾ ਬਿਨੋਦ ਸਿੰਘ ਤੇ ਸਰਦਾਰ ਬਾਜ ਸਿੰਘ ਦੀ ਕਮਾਨ ਹੇਠਾਂ ਫ਼ੌਜਾਂ ਲੋਹਗੜ ਵਿਚ ਇਕੱਠੀਆਂ ਹੋ ਚੁੱਕੀਆਂ ਹਨ ਤੇ ਉੱਥੋਂ ਹੀ ਹਮਲੇ ਕਰਕੇ ਇਹ ਸਾਰੇ ਇਲਾਕੇ ਨਾਲ ਲੈਣਗੀਆਂ।' ਬਾਬਾ ਜੀ ਨੇ ਕਿਹਾ।

'ਪਰ ਬਾਬਾ ਜੀ ਮੈਨੂੰ ਲਾਹੌਰ ਤਾਂ ਮਸਾਂ ਦਸ ਕੁ ਦਿਨ ਲੱਗੇ ਹਨ। ਇਤਨੀਆਂ ਵੱਡੀਆਂ ਮੱਲਾਂ ਇਤਨੇ ਥੋੜੇ ਜਿਹੇ ਸਮੇਂ ਵਿਚ ਕਿਸ ਤਰਾਂ ਮਾਰ ਲਈਆਂ ਗਈਆਂ?' ਕਰਤਾਰ ਸਿੰਘ ਦੀ ਪੁੱਛ ਵਿਚ ਖ਼ੁਸ਼ੀ ਭੀ ਸੀ ਹੈਰਾਨਗੀ ਭੀ ਸੀ ਤੇ ਉਤਸ਼ਾਹ ਭੀ।

ਬਾਬਾ ਜੀ ਹੱਸ ਪਏ। ਉਨਾਂ ਕਿਹਾ 'ਇਹ ਮੁਗ਼ਲ ਹਾਕਮ ਏਸੇ ਲਈ ਤਾਂ ਕਹਿੰਦੇ ਹਨ ਕਿ ਇਹ ਬੰਦਾ ਜਾਦੂਗਰ ਹੈ।'

'ਬਾਬਾ ਜੀ, ਕੀ ਸੱਚ ਮੁਚ ਹੀ ਤੁਸੀਂ ਜਾਦੂਗਰ ਭੀ ਹੋ, ਮੈਂ ਬਹੁਤਿਆਂ ਨੂੰ ਇਸ ਤਰਾਂ ਕਹਿੰਦਿਆਂ ਸੁਣਿਆ ਹੈ।' ਕਰਤਾਰ ਸਿੰਘ ਇਸ ਮਾਮਲੇ ਦੀ ਅਸਲੀਅਤ ਨੂੰ ਕਦੋਂ ਤੋਂ ਜਾਣਨ ਦਾ ਇੱਛੁਕ ਸੀ, ਪ੍ਰੰਤੂ ਹਾਲਾਂ ਤੱਕ ਪੁੱਛਣ ਦਾ ਮੌਕਾ ਹੀ ਕੋਈ ਨਹੀਂ ਸੀ ਮਿਲਿਆ।

ਬਾਬਾ ਜੀ ਹੱਸ ਪਏ। ਉਨਾਂ ਨੇ ਕਿਹਾ 'ਕਲਗ਼ੀਆਂ ਵਾਲੇ ਸਤਿਗੁਰੂ ਦੀ ਬਖਸ਼ਿਸ਼ ਤੋਂ ਬਿਨਾਂ ਮੇਰੇ ਪਾਸ ਕੋਈ ਜਾਦੂ ਨਹੀਂ, ਹਾਂ ਉਨਾਂ ਦੇ ਚਰਨਾਂ ਦੀ ਛੋਹ ਤੇ ਅੰਮ੍ਰਿਤ ਦੀ ਪ੍ਰਾਪਤੀ ਨਾਲ ਆਤਮਕ ਬਲ ਜ਼ਰੂਰ ਮਿਲਿਆ ਹੈ।'

(ਚਲਦਾ...)

# ਬਿਜਲਈ ਮੀਡੀਏ ਦਾ ਰੋਲ ਕੀ ਹੋਵੇ ?

- ਹਰਕੀਰਤ ਕੌਰ ਸਭਰਾ
9779118066

ਭਾਰਤ ਵਿੱਚ ਮੀਡੀਆ ਦਾ ਆਗਾਜ਼ ਈਸਟ ਇੰਡੀਆ ਕੰਪਨੀ ਦੇ ਆਉਣ 'ਤੇ ਹੋਇਆ ਮੰਨਿਆ ਜਾਂਦਾ ਹੈ। ਇਲੈਕਟ੍ਰਾਨਿਕ ਮੀਡੀਆ ਸਮੇਂ ਦੀ ਨਬਜ਼ ਪਹਿਚਾਨਣ ਦੀ ਪਹੁੰਚ ਰੱਖਦਾ ਹੈ। ਕਿਸੇ ਵੀ ਦੇਸ਼ ਵਿੱਚ ਮੀਡੀਆ ਸਮਾਜ ਦਾ ਚੌਥਾ ਥੰਮ ਮੰਨਿਆ ਜਾਂਦਾ ਹੈ। ਇਸਦਾ ਕੰਮ ਬਹੁਤ ਜ਼ਿੰਮੇਵਾਰੀ ਵਾਲਾ ਹੁੰਦਾ ਹੈ। ਇਹ ਕਿਸੇ ਵੀ ਸਮਾਜ ਦੀ ਨੀਂਹ ਨੂੰ ਮਜ਼ਬੂਤ ਕਰ ਸਕਦਾ ਹੈ ਅਤੇ ਉਖਾੜ ਸਕਦਾ ਹੈ। ਸਿਰਫ਼ ਮੀਡੀਆ ਹੀ ਉਹ ਸਾਧਨ ਹੈ ਜੋ ਕੰਨਾਂ ਤੋਂ ਬੋਲੀਆਂ ਹੋ ਚੁੱਕੀਆਂ ਸਰਕਾਰਾਂ ਨੂੰ ਸਧਾਰਨ ਮਨੁੱਖ ਦੀਆਂ ਤੰਗੀਆਂ ਤੁਰਸ਼ੀਆਂ ਤੋਂ ਜਾਣੂੰ ਕਰਵਾ ਸਕਦਾ ਹੈ ਅਤੇ ਸਰਕਾਰਾਂ ਦੇ ਵਿਚਾਰਾਂ ਨੂੰ ਆਮ ਮਨੁੱਖ ਤੱਕ ਪਹੁੰਚਾ ਸਕਦਾ ਹੈ।

ਪਰ ਦੁੱਖ ਦੀ ਗੱਲ ਇਹ ਹੈ ਕਿ ਇਲੈਕਟ੍ਰਿਕ ਮੀਡੀਆ ਹੁਣ ਨਵੇਂ ਗਠਜੋੜਾਂ ਦੇ ਰਸਤੇ ਅਖ਼ਤਿਆਰ ਕਰ ਚੁੱਕਾ ਹੈ, ਜੋ ਸਧਾਰਨ ਮਨੁੱਖ ਅਤੇ ਸਚਾਈ ਤੋਂ ਕੋਹਾਂ ਦੂਰ ਹੈ। ਮੀਡੀਆ ਨਵੇਂ ਗਠਜੋੜਾਂ ਕਾਰਨ ਅਮੀਰਾਂ ਅਤੇ ਸਰਕਾਰਾਂ ਦੀਆਂ ਬੇੜੀਆਂ ਦਾ ਸ਼ਿਕਾਰ ਹੋ ਚੁੱਕਾ ਹੈ। ਸਧਾਰਨ ਮਨੁੱਖ ਇਨਾਂ ਸਮੱਸਿਆਵਾਂ ਦੇ ਕਾਰਨ ਆਪਣੇ ਆਪ ਨੂੰ ਬਾਰੂਦ ਦੇ ਢੇਰ ਤੇ ਬੈਠਾ ਮਹਿਸੂਸ ਕਰ ਰਿਹਾ ਹੈ।

ਇਲੈਕਟ੍ਰਾਨਿਕ ਮੀਡੀਆ ਆਪਣੇ ਸਮਾਜਿਕ ਸਰੋਕਾਰਾਂ ਨਾਲੋਂ ਮੁਕੰਮਲ ਤੌਰ 'ਤੇ ਅਵੇਸਲਾ ਹੋ ਕੇ ਨਿਰੰਤਰ ਕਦਰਾਂ ਕੀਮਤਾਂ ਦੇ ਖ਼ਾਤਮੇ 'ਤੇ ਲੱਗਾ ਹੋਇਆ ਹੈ। ਟੈਲੀਵਿਜ਼ਨ, ਰੇਡੀਓ ਹੁਣ ਸਮਾਜ ਤੇ ਸਮਾਜਿਕ ਸਰੋਕਾਰਾਂ ਨਾਲੋਂ ਕਿਤੇ ਨਾ ਕਿਤੇ ਟੁੱਟ ਗਏ ਹਨ। ਪ੍ਰਾਈਵੇਟ ਚੈਨਲਾਂ ਦੀ ਆਪਸੀ ਮੁਕਾਬਲੇਬਾਜ਼ੀ ਵਿੱਚ ਟੈਲੀਵਿਜ਼ਨ 'ਤੇ ਜੋ ਕੁਝ ਪ੍ਰਸਾਰਿਤ ਹੋ ਰਿਹਾ ਹੈ ਜਾਂ ਭਾਰਤੀ ਦਰਸ਼ਕਾਂ ਨੂੰ ਜੋ ਕੁਝ ਪਰੋਸਿਆ ਜਾ ਰਿਹਾ ਹੈ, ਉਹ ਬਹੁਤ ਹੀ ਸਵਾਰਥੀ ਸੋਚ ਵਿਚੋਂ ਨਿਕਲਿਆ ਹੋਇਆ ਹੈ, ਜੋ ਮਨੁੱਖ ਨੂੰ ਮਨੁੱਖ ਦੇ ਸਵੈ ਅਤੇ ਰਿਸ਼ਤਿਆਂ ਨਾਲੋਂ ਤੋੜ ਕੇ ਇਕਹਿਰਾ ਕਰਦਾ ਹੈ। ਸੰਸਾਰੀਕਰਨ ਅਤੇ ਵਪਾਰੀਕਰਨ ਦੇ ਯੁੱਗ ਵਿੱਚ ਇਲੈਕਟ੍ਰਾਨਿਕ ਮੀਡੀਆ ਮੰਡੀ ਦੀ ਵਸਤੂ ਬਣ ਕੇ ਰਹਿ ਗਿਆ ਹੈ। ਮੀਡੀਏ ਵਿੱਚ ਤੇਜ਼ੀ ਦਾ ਰੁਖ ਦੇਖਿਆ ਜਾ ਸਕਦਾ ਹੈ। ਟੀ. ਵੀ ਚੈਂਨਲ ਆਪਣੇ ਕਮਾਈ ਦੇ ਰੁਝੇਵਿਆਂ ਵਿੱਚ ਰੁੱਝੇ ਹੋਏ ਹਨ। ਇਸ ਪੂੰਜੀਵਾਦੀ ਯੁੱਗ ਵਿੱਚ ਇਲੈਕਟ੍ਰਾਨਿਕ ਮੀਡੀਆ ਆਪਣੀ ਕਮਾਈ ਵੱਲ ਰੁਚਿਤ ਹੈ, ਜਿਵੇਂ ਸਰਕਾਰਾਂ ਆਪਣੀ ਸਰਕਾਰ ਬਣਾਈ ਰੱਖਣ ਵੱਲ। ਇਸ ਤਰਾਂ ਚੈਂਨਲ ਖ਼ਬਰਾਂ ਨੂੰ ਏਨੀਆਂ ਭੜਕੀਲੀਆਂ , ਉਕਸਾਊ ਅਤੇ ਡਰਾਉਣੀਆਂ ਬਣਾ ਦਿੰਦਾ ਹੈ ਕਿ ਸੁਆਦ ਦੀ ਤੜਕ- ਭੜਕ ਵਿੱਚ ਸਮਾਜਿਕ ਸਰੋਕਾਰ ਛੁਪ ਕੇ ਰਹਿ ਜਾਂਦੇ ਹਨ ਅਤੇ ਦਰਸ਼ਕ ਇਸ ਸੁਆਦ ਨੂੰ ਮਹਿਸੂਸ ਕਰਨ ਤੱਕ ਮਹਿਫੂਜ਼ ਰਹਿ ਜਾਂਦੇ ਹਨ। ਇਹ ਯੁੱਗ ਸਮਾਜਿਕ ਤਬਦੀਲੀਆਂ ਦਾ ਯੁੱਗ ਹੈ, ਜਿੱਥੇ ਇਲੈਕਟ੍ਰਾਨਿਕ ਮੀਡੀਏ ਨੂੰ ਇੱਕ ਲਾਇਲਾਜ ਬਿਮਾਰੀ ਨਾਲ ਤੁਲਨਾਇਆ ਜਾ ਸਕਦਾ ਹੈ। ਪਹਿਲੇ ਨੈਸ਼ਨਲ ਚੈਂਨਲਾਂ ਜਿਵੇਂ ਕਿ ਡੀ. ਡੀ ਵਨ ਉੱਪਰ ਦਰਸ਼ਕਾਂ ਦਾ ਬਹੁਤ ਵਿਸ਼ਵਾਸ ਸੀ। ਇਹ ਭਰੋਸਾ ਅੱਜ ਵੀ ਕਾਫ਼ੀ ਹੱਦ ਤੱਕ ਕਾਇਮ ਹੈ ਪਰ ਨਿੱਜੀ ਚੈਂਨਲਾਂ ਦੀਆਂ ਡਰਾਵਣੀਆਂ ਅਤੇ ਉਤਸੁਕਤਾ ਨਾਲ ਭਰਪੂਰ ਸੁਰਖ਼ੀਆਂ ਦਰਸ਼ਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੀਆਂ ਹਨ। ਵਰਤਮਾਨ ਯੁੱਗ ਵਿੱਚ ਇਲੈਕਟ੍ਰਾਨਿਕ ਮੀਡੀਏ ਨੂੰ ਉਸ ਤਰਾਂ ਦੇਖਿਆ ਜਾਂਦਾ ਹੈ ਜਿਵੇਂ ਇੱਕ ਭ੍ਰਿਸ਼ਟ ਨੇਤਾ ਨੂੰ ਦੇਖਿਆ ਜਾਂਦਾ ਹੈ।

ਵਰਤਮਾਨ ਸਮੇਂ ਵਿੱਚ ਕਿਸਾਨੀ ਅੰਦੋਲਨ ਦੇ ਚੱਲਦਿਆਂ ਭਾਰਤੀ ਮੀਡੀਆ ਦਾ ਜੋ ਵਿਕਾਊ ਰੂਪ ਬੇਨਕਾਬ ਹੋਇਆ ਉਹ ਭਾਰਤੀ ਮੀਡੀਆ ਨੂੰ ਕਟਹਿਰੇ ਵਿੱਚ ਖੜਾ ਕਰਦਾ ਹੈ। ਕਿਸਾਨਾਂ ਦੀ ਅਵਾਜ਼ ਬਣਨ ਦੀ ਜਗਾ ਤੇ ਕਿਸਾਨਾਂ ਨੂੰ ਅੱਤਵਾਦੀ ਦਾ ਟੈਗ ਦੇਣ ਵਾਲੇ ਮੀਡੀਏ ਨੂੰ ਅਸੀਂ ਦੇਸ਼ ਦਾ ਥੰਮ ਨਹੀਂ ਬਲਕਿ ਦੇਸ਼ ਧ੍ਰੋਹੀ ਮੰਨਦੇ ਹਾਂ। ਜੇਕਰ ਇਹੀ ਮੀਡੀਆ ਨੇ ਮਿਲਕੇ ਦੇਸ਼ ਦੇ ਅੰਦੋਲਨ ਸ਼ੁਰੂ ਹੋਣ ਤੋਂ ਪਹਿਲਾਂ ਅੰਨਦਾਤੇ ਦੀ ਅਵਾਜ਼ ਨੂੰ ਕੇਂਦਰ ਦੇ ਕੰਨਾਂ ਵਿੱਚ ਪਾਇਆ ਹੁੰਦਾ ਤਾਂ ਅੱਜ ਕਿਸਾਨਾਂ ਨੂੰ ਪੋਹ ਦੀ ਠੰਡ ਵਿੱਚ ਸੜਕਾਂ 'ਤੇ ਰਾਤਾਂ ਨਾ ਕੱਟਣੀਆਂ ਪੈਂਦੀਆਂ। ਭਾਰਤੀ ਮੀਡੀਏ ਦੇ ਮੱਥੇ ਉੱਪਰ ਲੱਗਾ ਵਿਕਾਊਪੁਣੇ ਅਤੇ ਭ੍ਰਿਸ਼ਟਾਚਾਰ ਦਾ ਧੱਬਾ ਕਦੇ ਨਹੀਂ ਉੱਤਰ ਸਕੇਗਾ।

ਆਪਣੇ ਫ਼ਰਜ਼ ਨੂੰ ਭੁੱਲ ਚੁੱਕੇ ਮੀਡੀਏ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਮੀਡੀਏ ਦੀਆਂ ਸਮਾਜ ਪ੍ਰਤੀ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਹਨ, ਜਿਨਾਂ ਨੂੰ ਨਿਭਾਉਣ ਲਈ ਮੀਡੀਆ ਦਾ ਸਹੀ ਅਰਥਾਂ ਵਿੱਚ ਭਾਗੀਦਾਰ ਹੋਣਾ ਬਹੁਤ ਜ਼ਰੂਰੀ ਹੈ।

---

# ਧੱਕੇ ਨਾਲ ਮੜੇ ਕਾਨੂੰਨ

- ਸੰਜੀਵ ਸਿੰਘ ਸੈਣੀ, ਮੋਹਾਲੀ

ਤਿੰਨ ਮਾਰੂ ਖੇਤੀ ਕਾਨੂੰਨਾਂ ਖ਼ਿਲਾਫ਼ ਪੰਜਾਬ ਸਮੇਤ ਦੇਸ਼ ਭਰ ਦੇ ਕਿਸਾਨ ਕੜਾਕੇ ਦੀ ਠੰਡ ਵਿਚ ਦਿੱਲੀ ਦੀਆਂ ਹੱਦਾਂ 'ਤੇ ਬੈਠੇ ਹਨ। ਕੇਂਦਰੀ ਵਜ਼ਾਰਤ ਵੱਲੋਂ ਵਾਰ-ਵਾਰ ਕਿਸਾਨਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਅਸੀਂ ਕਾਨੂੰਨ ਵਿਚ ਸੋਧ ਕਰਨ ਲਈ ਤਿਆਰ ਹਾਂ। ਕਿਸਾਨ ਜਥੇਬੰਦੀਆਂ ਮਾਰੂ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਅੜੀਆਂ ਹੋਈਆਂ ਹਨ, ਪਰ ਦੂਜੇ ਪਾਸੇ ਕੇਂਦਰ ਸਰਕਾਰ ਕਾਨੂੰਨਾਂ ਨੂੰ ਵਾਪਸ ਲੈਣ ਦੇ ਮੂਡ ਵਿੱਚ ਨਹੀਂ ਹੈ। ਕੋਵਿਡ-19 ਮਹਾਂਮਾਰੀ ਦਾ ਬਹਾਨਾ ਲਾ ਕੇ ਕੇਂਦਰ ਸਰਕਾਰ ਵੱਲੋਂ ਸੰਸਦ ਦਾ ਸਰਦ ਰੁੱਤ ਇਜਲਾਸ ਰੱਦ ਕਰ ਦਿੱਤਾ ਗਿਆ ਹੈ। ਹਾਲ ਹੀ ਵਿੱਚ ਬਿਹਾਰ ਦੀਆਂ ਵਿਧਾਨ ਸਭਾ ਚੋਣਾਂ, ਹੈਦਰਾਬਾਦ ਦੀਆਂ ਨਗਰਪਾਲਿਕਾ ਚੋਣਾਂ, ਹੋਰ ਕਈ ਸੂਬਿਆਂ ਲਈ ਬੀ.ਜੇ.ਪੀ. ਸਰਕਾਰ ਵੱਲੋਂ ਵੱਡੀਆਂ ਵੱਡੀਆਂ ਰੈਲੀਆਂ ਤੇ ਰੋਡ ਸ਼ੋਅ ਕੀਤੇ ਗਏ। ਇਨਾਂ ਰੈਲੀਆਂ ਵਿੱਚ ਸੋਸ਼ਲ ਡਿਸਟੈਂਸਿੰਗ ਤੇ ਮਾਸਕ ਨਾ ਪਾਉਣ ਦੀ ਪੂਰੀ ਤਰਾਂ ਧੱਜੀਆਂ ਉਡਾਈਆਂ ਗਈਆਂ। ਜਦੋਂ ਮਹਾਂਮਾਰੀ ਪੂਰੇ ਜ਼ੋਰਾਂ 'ਤੇ ਸੀ, ਤਾਂ ਸਤੰਬਰ ਵਿੱਚ ਮੌਨਸੂਨ ਸੈਸ਼ਨ ਲਗਾਇਆ ਗਿਆ। ਪੁੱਛਿਆ ਜਾਵੇ ਤਾਂ ਕੀ ਗੱਲ ਉਸ ਸਮੇਂ ਲਾਗ ਲੱਗਣ ਦਾ ਡਰ ਨਹੀਂ ਸੀ

ਦੇਸ਼ ਦੇ ਸੰਵਿਧਾਨ ਮੁਤਾਬਕ ਹਰ ਨਾਗਰਿਕ ਨੂੰ ਸ਼ਾਂਤਮਈ ਤਰੀਕੇ ਨਾਲ ਇਕੱਠੇ ਹੋਣ 'ਤੇ ਅਤੇ ਆਪਣੇ ਵਿਚਾਰ ਰੱਖਣ ਦਾ ਪੂਰਾ ਹੱਕ ਹੈ। ਹਾਲ ਹੀ ਵਿੱਚ ਇਹ ਗੱਲ ਸੁਪਰੀਮ ਕੋਰਟ ਨੇ ਵੀ ਕਹੀ ਹੈ। ਜਮਹੂਰੀਅਤ ਵਿੱਚ ਕਿਸੇ ਵੀ ਕਾਨੂੰਨ ਤੇ ਦੁਬਾਰਾ ਵਿਚਾਰ ਕਰਨਾ ਚਾਹੀਦਾ ਹੈ। ਅੱਜ ਦੇਸ਼ ਦਾ ਅੰਨਦਾਤਾ ਕਹਿ ਰਿਹਾ ਹੈ ਕਿ ਇਹ ਕਾਲੇ ਬਿੱਲ ਬਰਬਾਦ ਕਰ ਦੇਣਗੇ। ਕਿਸਾਨਾਂ ਨੂੰ ਮੰਡੀਆਂ ਖ਼ਤਮ ਹੋਣ ਦਾ ਵੀ ਡਰ ਹੈ। ਜਿਸ ਕਰਕੇ ਉਨਾਂ ਨੂੰ ਫ਼ਸਲ ਦਾ ਘੱਟੋ-ਘੱਟ ਸਮਰਥਨ ਮੁੱਲ ਵੀ ਨਹੀਂ ਮਿਲ ਸਕੇਗਾ। ਪਿਛਲੇ ਸੋਮਵਾਰ ਨੂੰ ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ, ਹਰਿਆਣਾ ਬਾਰਡਰ ਤੇ ਇਕੱਠੇ ਹੋ ਕੇ ਅਤੇ ਡਿਪਟੀ ਕਮਿਸ਼ਨਰ; ਦਫ਼ਤਰਾਂ ਦੇ ਬਾਹਰ ਧਰਨੇ ਦਿੱਤੇ ਗਏ ਸਨ। ਇਕ ਰੋਜ਼ਾ ਭੁੱਖ ਹੜਤਾਲ ਵੀ ਕੀਤੀ। ਕਿਸਾਨ ਜਥੇਬੰਦੀਆਂ ਨੇ ਦਾਅਵਾ ਕੀਤਾ ਹੈ ਕਿ ਉਹ ਕੇਂਦਰ ਨਾਲ ਗੱਲਬਾਤ ਤੋਂ ਨਹੀਂ ਭੱਜੇ, ਸਗੋਂ ਕਾਨੂੰਨ ਰੱਦ ਕਰਾਉਣ ਲਈ ਅੜੇ ਹੋਏ ਹਨ। ਜਿੱਥੇ ਵੀ ਕੇਂਦਰ ਸਰਕਾਰ ਦੇ ਵਜ਼ੀਰ ਜਾਂ ਪ੍ਰਧਾਨ ਮੰਤਰੀ ਜਾਂਦੇ ਹਨ, ਉੱਥੇ ਹੀ ਖੇਤੀ ਬਿੱਲਾਂ ਦੇ ਸੋਹਲੇ ਗਾਣ ਲੱਗ ਜਾਂਦੇ ਹਨ। ਤੇ ਕਹਿੰਦੇ ਹਨ ਕਿਸਾਨਾਂ ਨੂੰ ਇਨਾਂ ਬਿੱਲਾਂ ਦੀ ਅਜੇ ਸਮਝ ਨਹੀਂ ਹੈ। ਇਨਾਂ ਬਿੱਲਾਂ ਨਾਲ ਕਿਸਾਨਾਂ ਦਾ ਭਵਿੱਖ ਸੁਧਰੇਗਾ । ਇਤਿਹਾਸ ਗਵਾਹ ਹੈ ਕਿ 1907 ਵਿੱਚ ਬ੍ਰਿਟਿਸ਼ ਸ਼ਾਸਨ ਕਾਲ ਸਮੇਂ ਸਰਕਾਰ ਨੇ ਲੋਕਾਂ ਦਾ ਵਿਰੋਧ ਦੇਖਦਿਆਂ ਫ਼ੈਸਲੇ ਵਾਪਸ ਲੈ ਲਏ ਸਨ। ਕੇਂਦਰ ਸਰਕਾਰ ਵੀ ਇਨਾਂ ਕਾਨੂੰਨਾਂ ਨੂੰ ਰੱਦ ਕਰ ਦੇਵੇ। ਇਸੇ ਵਿਚ ਹੀ ਸਭ ਦੀ ਭਲਾਈ ਹੈ। ਕੇਂਦਰ ਸਰਕਾਰ ਆਪਣਾ ਅੜੀਅਲ ਵਤੀਰਾ ਛੱਡ ਕੇ ਕਿਸਾਨਾਂ ਦੀ ਗੱਲ ਮੰਨੇ, ਤਾਂ ਜੋ ਕਿਸਾਨ ਵਾਪਸ ਆ ਕੇ ਆਪਣੇ ਖੇਤਾਂ ਵਿਚ ਕੰਮ ਕਰਨ ਤੇ ਦੇਸ਼ ਦੇ ਅੰਨ ਭੰਡਾਰ ਵਿੱਚ ਆਪਣਾ ਹੋਰ ਯੋਗਦਾਨ ਪਾਉਣ।

---

# 'ਰਤੇ ਇਸ਼ਕ ਖ਼ੁਦਾਇ'

- ਮਨਦੀਪ ਕੌਰ ਸੇਖੋਂ
9728020813

ਇਸ਼ਕ...ਇਹ ਲਫ਼ਜ਼ ਜੋ ਵੀ ਹੈ ਪਰ ਹੈ ਬਹੁਤ ਪਾਕ 'ਤੇ ਸੋਹਣਾ....ਇਕ ਵਾਰ ਸਭ ਨੂੰ ਮੁਹੱਬਤ ਹੁੰਦੀ ਹੈ ਤੇ ਜ਼ਰੂਰ ਹੁੰਦੀ ਹੈ, ਸਭ ਨੂੰ ਹੋਈ ਵੀ ਹੋਵੇਗੀ ਤੇ ਦਿਲ ਵਿੱਚ ਕਿਸੇ ਨਾ ਕਿਸੇ ਲਈ ਹੈ ਵੀ, ਮੈਨੂੰ ਵੀ ਹੋਈ ਪਰ ਦੁਨਿਆਵੀ ਨਹੀਂ...ਮੁਹੱਬਤ, ਇਸ਼ਕ ਤੇ ਪਿਆਰ ਅੱਜ ਦੇ ਵਕਤ 'ਚ ਬਸ ਦੁਨਿਆਵੀ ਸੀਮਾ ਤੱਕ ਸੀਮਤ ਜਾਪਦੇ ਹਨ। ਕਈ ਲੋਕ ਸਰੀਰਾਂ ਦਾ ਸਬੰਧ ਵਿਚ ਆ ਜਾਣਾ ਪਿਆਰ, ਇਸ਼ਕ ਸਮਝ ਲੈਂਦੇ ਨੇ ਪਰ ਮੇਰੇ ਖ਼ਿਆਲੋਂ ਨਹੀਂ। ਮੁਹੱਬਤ, ਪਿਆਰ ਸਰੀਰਾਂ ਦੇ ਸਬੰਧ ਤੱਕ ਨਹੀਂ ਹਨ। ਇਹ ਦਿਲ ਤੋਂ ਉਪਜਦੀ ਏ, ਰੂਹ ਤੋਂ ਉਮਰਾਂ ਦੇ ਸੱਚੇ ਸਾਥ ਤੋਂ ਪੈਦਾ ਹੁੰਦੀ ਹੈ। ਮੁਹੱਬਤ, ਪਿਆਰ, ਇਸ਼ਕ ਮੈਨੂੰ ਵੀ ਹੋਇਆ ਪਰ ਮੈਨੂੰ ਹੋਇਆ ਮੇਰੇ ਅੱਲਾ, ਖ਼ੁਦਾ, ਵਾਹਿਗੁਰੂ ਨਾਲ...ਬਸ ਸਰੀਰ ਨੇ ਮਿੱਟੀ ਹੋ ਜਾਣਾ, ਦਿਲੋਂ ਤੇ ਰੂਹ ਨਾਲ ਹੋਈ ਮੁਹੱਬਤ ਨੇ ਮਿੱਟੀ ਨਹੀਂ ਹੋਣਾ। ਇਸ ਵਿੱਚ ਕੋਈ ਵਿਖਾਵਾ ਨਹੀਂ ਹੁੰਦਾ ਕੋਈ ਕਿਸੇ ਲਈ ਮਰਨ ਮਰਾਉਣ ਵਾਲੀਆਂ ਗੱਲਾਂ ਵੀ ਨਹੀਂ ਕਰਦਾ ਤੇ ਨਾ ਕਿਸੇ ਪਿੱਛੇ ਲਗ ਮਰਦਾ.... ਦਿਲ ਚਾਹੁੰਦਾ ਬਸ ਇਹ ਦਿਨੋਂ ਦਿਨ ਵਧਦੀ ਜਾਏ, ਬਸ ਵਧਦੀ ਹੀ ਜਾਏ।

ਇਹ ਅਮਰ ਹੈ ਵਹਿੰਦੇ ਪਾਣੀਆਂ ਵਾਂਗ,
ਰੁੱਖਾਂ ਦੇ ਪੱਤੇ 'ਤੇ ਟਾਹਣੀਆਂ ਵਾਂਗ,
ਇਹ ਭੋਰ ਦਿੰਦੀ ਉੱਚੇ ਪਰਬਤਾਂ ਨੂੰ,
ਪਰ ਇਸਦਾ ਕਦੇ ਵਿਨਾਸ਼ ਨਾ ਹੋਵੇ।

ਇਸਦਾ ਕਦੇ ਵਿਨਾਸ਼ ਨਹੀਂ ਹੋ ਸਕਦਾ, ਦੁਨਿਆਵੀ ਪਿਆਰ ਤੋਂ, ਮੈਂ ਤਾਂ ਪ੍ਰਹੇਜ਼ ਹੀ ਰੱਖਿਆ ਹੈ ਤੇ ਸ਼ਾਇਦ ਅਗਾਂਹ ਤੋਂ ਵੀ ਪ੍ਰਹੇਜ਼ ਹੀ ਰੱਖਾ, ਕਿਉਂਕਿ ਜੇ ਆਪਣੀ ਮੁਹੱਬਤ ਦੁਨੀਆਦਾਰੀ ਲਈ ਲੈ ਆਵਾਂ ਫਿਰ ਤੌਹੀਨ ਹੋ ਜਾਣੀ, ਮੇਰੇ ਲਫ਼ਜ਼ਾਂ ਦੀ, ਜਜ਼ਬਾਤਾਂ ਦੀ ਜੋ, ਮੈਂ ਕਦੀ ਵੀ ਨਹੀਂ ਚਾਹਵਾਂਗੀ। ਇਹ ਅਮਰ ਹੈ। ਇਹ ਮੇਰੀ ਮੁਹੱਬਤ ਏ ਇਹ ਕੋਈ ਦੁਨਿਆਵੀ ਮੁਹੱਬਤ ਜਾਂ ਵਿਖਾਵੇ ਦੀ ਨਹੀਂ। ਇਹ ਮੁਹੱਬਤ ਸਿਰਫ਼ ਮੇਰੇ ਅੱਲਾਤਾਲਾ ਦੀ ਮੁਹੱਬਤ ਹੈ ਮੇਰੀ ਇਹ ਮੁਹੱਬਤ ਉਸ ਖ਼ੁਦਾ ਪ੍ਰਤੀ ਅੱਲਾ, ਵਾਹਿਗੁਰੂ ਪ੍ਰਤੀ ਹੈ ਜੋ ਦੱਸਣੀ, ਬਿਆਨ ਕਰਨੀ ਸ਼ਾਇਦ ਦੁਨੀਆ ਦਾ ਸਭ ਤੋਂ ਔਖਾ ਕੰਮ ਹੀ ਹੋਵੇਗਾ। ਔਖਾ ਮਤਲਬ ਸ਼ਬਦਾਂ, ਲਫ਼ਜ਼ਾਂ ਵਿੱਚ ਦੱਸਣਾ ਤੇ ਬਿਆਨ ਕਰਨਾ। ਇਸ ਮੁਹੱਬਤ ਨੂੰ ਦੁਨੀਆ ਨਾਲ ਜੋੜਕੇ ਮੈਂ ਆਪਣੇ ਲਫ਼ਜ਼ਾਂ ਨਾਲ ਬੇਇਨਸਾਫ਼ੀ ਨਹੀਂ ਕਰਨੀ। ਇਸ ਮੁਹੱਬਤ ਦਾ ਰੰਗ, ਰੂਪ, ਢੰਗ ਸਭ ਵੱਖਰਾ ਤੇ ਸ਼ਾਂਤਮਈ ਦੇ ਨਾਲ ਨਾਲ ਇਕਾਂਤ ਤੇ ਪਾਕ ਵੀ ਹੈ। ਦੁਨਿਆਵੀ ਮੁਹੱਬਤ ਨੂੰ ਮੈਂ ਮੁਹੱਬਤ ਹੀ ਨਹੀਂ ਮੰਨਦੀ ਇਸ ਚੀਜ਼ ਤੋਂ ਮੈਂ ਅਣਜਾਣ ਹਾਂ ਤੇ ਸ਼ਾਇਦ ਅਣਜਾਣ ਰਹਿਣਾ ਹੀ ਪਸੰਦ ਕਰਾਂਗੀ। ਇਹ ਮੁਹੱਬਤ ਸੱਚੀ-ਸੁੱਚੀ, ਪਾਕ ਪਵਿੱਤਰ ਤੇ ਬਹੁਤ ਹੀ ਸੋਹਣੀ ਹੈ। ਜਿਸ ਨੂੰ ਲੱਗੀ ਹੋਵੇ ਉਹ ਹੀ ਜਾਣਦਾ ਇਹ ਪੀੜ ਵੀ ਪੀੜ ਨਹੀਂ ਜਾਪਦੀ। ਕਦੀ ਬੇਹੱਦ ਖ਼ੁਸ਼ ਤੇ ਕਦੀ ਕਦੀ ਬਹੁਤ ਉਦਾਸ ਮਨ ਭਾਰਾ ਮਹਿਸੂਸ ਹੋਣਾ, ਫਿਰ ਜਹਿਨ 'ਚੋਂ ਇੱਕੋ ਆਵਾਜ਼ ਨਿਕਲਦੀ ਹੈ 'ਉੱਠ ਤੇ ਕੁਦਰਤ ਦੀ ਗੋਦ ਵਿਚ ਬੈਠ ਉੱਚਾ ਰੋ ਲੈ ਤੇ ਲੜ ਲੈ ਜੇ ਲੜਿਆ ਜਾ ਸਕਦਾ' ਪਰ ਗੱਲ ਰੋਣ ਤੱਕ ਸੀਮਤ ਰਹਿ ਜਾਂਦੀ ਲੜਿਆ ਜੂਝਿਆ ਨਹੀਂ ਜਾਂਦਾ। ਪਰ ਜੇ ਲੜਿਆ ਜਾਏ ਤਾਂ ਬੈਠੀ ਸੋਚਦੀ ਹਾਂ ਕਿ ਇਹ ਲੜਾਈ ਕਿਸ ਤਰਾਂ ਦੀ ਹੋਵੇਗੀ ?

---

# ਆਲਮੀ ਸਮੱਸਿਆਵਾਂ ਦੀ ਬਾਤ ਪਾਉਂਦੀ ਪੁਸਤਕ 'ਗੱਲਾਂ ਚੌਗਿਰਦੇ ਦੀਆਂ'

- ਮਾਸਟਰ ਸੰਜੀਵ ਧਰਮਾਨੀ
ਸ੍ਰੀ ਅਨੰਦਪੁਰ ਸਾਹਿਬ, 9478561356

ਦੂਰਅੰਦੇਸ਼ੀ ਸੋਚ ਰੱਖਣਾ, ਲਿਖਣ ਕਲਾ ਵਿਚ ਮਾਹਿਰ ਹੋਣਾ, ਆਲਮੀ ਦਰਪੇਸ਼ ਸਮੱਸਿਆਵਾਂ ਤੋਂ ਜਾਣੂੰ ਹੋਣਾ ਤੇ ਲੋਕਾਈ ਨੂੰ ਭਵਿੱਖਤ ਸਮੱਸਿਆਵਾਂ ਤੋਂ ਸਮਾਂ ਰਹਿੰਦੇ ਸੁਚੇਤ ਕਰਨਾ, ਇਹ ਸਭ ਹਰ ਕਿਸੇ ਦੇ ਵੱਸ ਵਿੱਚ ਨਹੀਂ ਹੁੰਦਾ। ਸਗੋਂ ਇਹ ਸਭ ਕੁਦਰਤ ਵੱਲੋਂ ਪ੍ਰਾਪਤ ਰਹਿਮਤ ਹੀ ਹੁੰਦੀ ਹੈ, ਕਿਉਂ ਜੋ ਹਰ ਕੋਈ ਇਨਸਾਨ ਅਜਿਹਾ ਕੁਝ ਨਹੀਂ ਕਰ ਸਕਦਾ। ਮੈਂ ਅੱਜ ਗੱਲ ਕਰਦਾ ਹਾਂ ਨਵੀਂ ਪ੍ਰਕਾਸ਼ਿਤ ਹੋਈ ਪੁਸਤਕ 'ਗੱਲਾਂ ਚੌਗਿਰਦੇ ਦੀਆਂ' ਦੀ। ਜਿਸ ਨੂੰ ਬਹੁਤ ਹੀ ਵਧੀਆ ਭਾਸ਼ਾਈ ਰੂਪ ਵਿੱਚ ਰੰਗ ਕੇ, ਅੰਕੜਿਆਂ, ਉਦਾਹਰਨਾਂ ਅਤੇ ਵਿਗਿਆਨਕ ਤੱਥਾਂ ਦੀ ਗੁੜ੍ਹਤੀ ਦੇ ਕੇ ਲਿਖਿਆ ਹੈ-ਅਜੋਕੇ ਨਵੇਂ ਨਰੋਏ, ਸੂਝਵਾਨ, ਬੁੱਧੀਜੀਵੀ, ਦੂਰਅੰਦੇਸ਼ੀ ਨੌਜਵਾਨ ਲੇਖਕ ਸ੍ਰੀ ਨਵਾਬ ਫੈਸਲ ਖਾਨ ਜੀ ਨੇ। ਉਨਾਂ ਨੇ ਜਿਸ ਢੰਗ ਨਾਲ ਤਰਤੀਬਤਾ, ਵਿਉਂਤਬੱਧਤਾ, ਗੋਂਦ ਅਤੇ ਰੌਚਿਕਤਾ ਇਸ ਪੁਸਤਕ ਵਿਚ ਸਮਾਹਿਤ ਕੀਤੀ ਹੈ ਤੇ ਮਾਨਵ ਨੂੰ ਭਵਿੱਖਤ ਖ਼ਤਰਿਆਂ ਤੋਂ ਤੱਥਾਂ ਸਮੇਤ ਅਤੇ ਵਿਗਿਆਨ ਦਾ ਸਹਾਰਾ ਲੈ ਕੇ ਜਾਣੂੰ ਤੇ ਸੁਚੇਤ ਕਰਵਾਇਆ ਹੈ, ਉਹ ਬਹੁਤ ਵੱਡੀ ਪ੍ਰਸ਼ੰਸਾ ਯੋਗ ਤੇ ਉੱਦਮ ਵਾਲੀ ਗੱਲ ਹੈ। ਪੁਸਤਕ 'ਗੱਲਾਂ ਚੌਗਿਰਦੇ ਦੀਆਂ' ਵਿੱਚ ਸ੍ਰੀ ਨਵਾਬ ਫੈਸਲ ਖਾਨ ਜੀ ਨੇ ਮਨੁੱਖ ਦੀ ਅਜੋਕੀ ਰਹਿਣੀ-ਬਹਿਣੀ, ਰੁੱਖਾਂ, ਪਲਾਸਟਿਕ, ਵਧਦੇ ਤਾਪਮਾਨ, ਦੀਪਾਂ, ਵੱਖ-ਵੱਖ ਪ੍ਰਜਾਤੀਆਂ, ਉਪਜ, ਅਰਥਵਿਵਸਥਾ, ਵਾਹਨਾਂ, ਸ਼ੁੱਧ ਵਾਤਾਵਰਨ, ਪੰਛੀਆਂ, ਜੈਵ-ਵਿਭਿੰਨਤਾ, ਆਕਾਸ਼ੀ ਕਚਰਾ, ਅੱਗਾ ਦੌੜ-ਪਿੱਛਾ ਚੌੜ ਦੀ ਸਥਿਤੀ, ਪਾਣੀ, ਸਮੁੰਦਰੀ ਗਿਆਨ, ਦੀਪ, ਜਲਗਾਹਾਂ ਦੀ ਮਹੱਤਤਾ, ਕੁਦਰਤ ਤੇ ਮਨੁੱਖ ਦੇ ਆਪਸੀ ਸਮਾਯੋਜਨ, ਵਧਦੀ ਜਨਸੰਖਿਆ, ਓਜ਼ੋਨ ਪਰਤ, ਕਿਸਾਨੀ, ਭਾਰਤ ਦੇਸ਼ ਦੀ ਮਹਾਨਤਾ ਅਤੇ ਧਰਤੀ ਆਦਿ ਵਿਸ਼ਿਆਂ 'ਤੇ ਡੂੰਘਾਈ ਨਾਲ ਚਾਨਣਾ ਪਾ ਕੇ ਅਜੋਕੀ ਤੇ ਭਵਿੱਖਤ ਸਥਿਤੀ 'ਤੇ ਬਹੁਤ ਹੀ ਵਧੀਆ ਤੇ ਗਿਆਨਮਈ ਢੰਗ ਨਾਲ ਇਸ ਪੁਸਤਕ ਵਿੱਚ ਰੋਸ਼ਨੀ ਪਾਈ ਹੈ। ਲੇਖਕ ਸੱਚਮੁੱਚ ਵਾਤਾਵਰਨ, ਧਰਤੀ ਅਤੇ ਦਰਪੇਸ਼ ਕੁਦਰਤੀ ਸਮੱਸਿਆਵਾਂ ਤੋਂ ਚਿੰਤਤ ਹੈ ਤੇ ਇਸ ਪੁਸਤਕ ਰਾਹੀਂ ਪਾਠਕਾਂ ਅਤੇ ਆਮ – ਜਨ ਨੂੰ ਸੁਚੇਤ ਕਰ ਰਿਹਾ ਹੈ ਤਾਂ ਜੋ ਸਾਡਾ ਸਭ ਦਾ ਆਉਣ ਵਾਲਾ ਸਮਾਂ ਬਹੁਤ ਜ਼ਿਆਦਾ ਭਯਿੰਕਰ ਨਾ ਹੋ ਜਾਵੇ । ਪੁਸਤਕ 'ਗੱਲਾਂ ਚੌਗਿਰਦੇ ਦੀਆਂ' ਦੇਸ਼ ਦੀ ਹਰ ਲਾਇਬ੍ਰੇਰੀ, ਹਰ ਘਰ ਤੇ ਹਰ ਸਕੂਲ ਵਿੱਚ ਹੋਣੀ ਚਾਹੀਦੀ ਹੈ ਤਾਂ ਜੋ ਅਸੀਂ ਭਵਿੱਖਤ ਭਿਅੰਕਰ ਸਮੱਸਿਆਵਾਂ ਤੋਂ ਬਚਣ ਲਈ ਸਮੇਂ ਸਿਰ ਜਾਗਰੂਕ ਹੋ ਕੇ ਆਪਣਾ ਸਹੀ ਯੋਗਦਾਨ ਪਾ ਸਕੀਏ, ਧਰਤੀ ਵਾਤਾਵਰਨ ਤੇ ਚੌਗਿਰਦੇ ਨੂੰ ਸ਼ੁੱਧ ਸ਼ਾਂਤ, ਹਰਾ-ਭਰਾ ਤੇ ਹਰ ਪ੍ਰਾਣੀ ਦੇ ਰਹਿਣਯੋਗ ਬਣਾਈ ਰੱਖੀਏ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਵਧੀਆ ਤੇ ਖ਼ੁਸ਼ਨੁਮਾ ਵਾਤਾਵਰਨ ਮੁਹੱਈਆ ਕਰਵਾ ਸਕੀਏ। ਪੁਸਤਕ 'ਗੱਲਾਂ ਚੌਗਿਰਦੇ ਦੀਆਂ' ਹਰ ਵਿਅਕਤੀ, ਵਿਦਿਆਰਥੀ, ਬੁੱਧੀਜੀਵੀ, ਲੇਖਕ, ਨੌਜਵਾਨ ਅਤੇ ਦੇਸ਼ ਦੇ ਹਰ ਨਾਗਰਿਕ ਲਈ ਬਹੁਤ ਹੀ ਵਧੀਆ ਗਿਆਨ ਦਾ ਸੋਮਾ ਪ੍ਰਦਾਨ ਕਰਦੀ ਹੈ ਅਤੇ ਵਾਤਾਵਰਣ ਸਬੰਧੀ ਸਹੀ ਸੇਧ ਦਿੰਦੀ ਹੈ।

# ਨੇਤਾ, ਨੀਤੀ, ਨਾਤਾ ਅਤੇ ਨੀਅਤ



- ਡਾ. ਗੁਰਵਿੰਦਰ ਸਿੰਘ
406-825-1550

**'ਨੇਤਾ ਨੇਕ ਸ਼ਰੀਫ਼ ਦਾ, ਨਾਤਾ ਲੋਕਾਂ ਨਾਲ। ਨੀਤੀ ਮਾਨਵਵਾਦ ਦੀ, ਨੀਅਤ ਸਬਰ ਵਿਸ਼ਾਲ।'**
**'ਨੇਤਾ ਮਤਲਬਖ਼ੋਰ ਦਾ, ਨਾਤਾ ਕੁਰਸੀ ਨਾਲ। ਨੀਤੀ ਫਾਸ਼ੀਵਾਦ ਦੀ, ਨੀਅਤ ਨੀਚ ਕੰਗਾਲ।'**

ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆਂ ਦੇ ਸਾਬਕਾ ਮੁੱਖ ਮੰਤਰੀ ਗਲਿਨ ਕਲਾਰਕ ਨਾਲ ਸਬੰਧਤ ਬੜੀ ਦਿਲਚਸਪ ਘਟਨਾ ਹੈ। ਇੱਕ ਵਾਰ ਉਨਾਂ ਵੱਲੋਂ ਆਪਣੇ ਘਰ ਦੀ ਸਨਡੈੱਕ ਬਣਾਉਣ ਲਈ ਗੁਆਂਢੀ ਦੀਆਂ ਸੇਵਾਵਾਂ ਲਈਆਂ ਗਈਆਂ। ਕੀਤੇ ਕੰਮ ਦੇ ਬਦਲੇ ਮੁੱਖ ਮੰਤਰੀ ਵੱਲੋਂ ਦਿੱਤੇ ਚੈੱਕਾਂ 'ਚੋਂ ਗੁਆਂਢੀ ਨੇ ਢਾਈ ਕੁ ਸੌ ਡਾਲਰ ਦਾ ਇਕ ਚੈੱਕ ਜਮਾਂ ਨਾ ਕਰਵਾਇਆ ਤੇ ਬਾਕੀ ਕਰਵਾ ਲਏ। ਉਸੇ ਹੀ ਗੁਆਂਢੀ ਵੱਲੋਂ ਕੁਝ ਸਮਾਂ ਮਗਰੋਂ ਕਸੀਨੋ ਦਾ ਲਾਇਸੈਂਸ ਲੈਣ ਵਾਸਤੇ, ਮੁੱਖ ਮੰਤਰੀ ਦੀ ਸਿਫ਼ਾਰਸ਼ ਨੇ ਤਿੱਖਾ ਵਿਵਾਦ ਛੇੜ ਦਿੱਤਾ। ਅਜਿਹੇ ਦੋਸ਼ ਲੱਗਣ ਸਾਰ ਹੀ ਬੀਸੀ ਦੇ ਮੁੱਖ ਮੰਤਰੀ ਗਲਿਨ ਕਲਾਰਕ ਨੂੰ ਆਪਣਾ ਅਹੁਦਾ ਛੱਡਣਾ ਪਿਆ ਤੇ ਸਾਲਾਂਬੱਧੀ ਜਾਂਚ ਚਲਦੀ ਰਹੀ। ਗਲਿਨ ਕਲਾਰਕ ਦੇ ਇਸ ਮਾਮਲੇ ਦੀ ਕਈ ਵਰੇ ਤੱਕ ਪੜਤਾਲ ਮਗਰੋਂ, ਚਾਹੇ ਉਨਾਂ ਨੂੰ ਦੋਸ਼-ਮੁਕਤ ਕਰਾਰ ਦੇ ਦਿੱਤਾ ਗਿਆ, ਪਰ ਤਦ ਤੱਕ ਕਲਾਰਕ ਦਾ ਸਿਆਸੀ ਜੀਵਨ ਖ਼ਤਮ ਹੋ ਚੁੱਕਾ ਸੀ। ਗੱਲ ਸਿਰਫ਼ ਏਨੀ ਕੁ ਸੀ ਕਿ ਮੁੱਖ ਮੰਤਰੀ ਨੇ ਕਿਸੇ ਤੋਂ ਨਿੱਜੀ ਫ਼ਾਇਦਾ ਲੈ ਕੇ, ਉਸਦੀ ਤਰਫ਼ਦਾਰੀ ਕੀਤੀ ਹੈ, ਜਦਕਿ ਕੈਨੇਡਾ ਵਾਸੀਆਂ ਵੱਲੋਂ ਸਿਆਸਤਦਾਨਾਂ ਨੂੰ ਅਜਿਹਾ ਕਰਨ ਦੀ ਇਜਾਜ਼ਤ ਨਹੀਂ। ਲੋਕ ਆਸ ਰੱਖਦੇ ਹਨ ਕਿ ਉਨਾਂ ਦੇ ਚੁਣੇ ਨੁਮਾਇੰਦੇ ਆਪਣੇ ਮੁਫਾਦਾਂ ਅਤੇ ਤਰਫ਼ਦਾਰੀਆਂ ਦੀ ਥਾਂ, ਲੋਕ ਹਿੱਤਾਂ ਅਤੇ ਭਲਾਈਆਂ ਲਈ ਕੰਮ ਕਰਨ । ਜੇਕਰ ਕਿਸੇ ਸਿਆਸੀ ਆਗੂ 'ਤੇ ਅਜਿਹੇ ਦੋਸ਼ ਲੱਗਦੇ ਵੀ ਹਨ, ਤਾਂ ਉਹ ਤੁਰੰਤ ਅਹੁਦਾ ਛੱਡ ਕੇ ਪਰਾਂ ਹੋਵੇ ਅਤੇ ਜਾਂਚ ਦੇ ਰਸਤੇ 'ਚ ਕੋਈ ਬਿਘਨ ਨਾ ਪੈਣ ਦੇਵੇ। ਦੋਸ਼ ਸਾਬਤ ਹੋ ਜਾਣ ਦੀ ਹਾਲਤ ਵਿਚ ਸਿਆਸੀ ਜੀਵਨ ਦਾ ਅੰਤ ਤਾਂ ਨਿਸ਼ਚਿਤ ਹੀ ਹੈ, ਬਲਕਿ ਦੋਸ਼ ਲੱਗਣ ਸਾਰ ਹੀ ਅਹੁਦਾ ਛੱਡਣਾ ਵੀ ਕੈਨੇਡਾ ਦੀ ਸਿਆਸੀ ਮਰਯਾਦਾ ਦਾ ਹਿੱਸਾ ਹੈ। ਲੋਕ-ਹਿਤੂ ਮਰਯਾਦਾ ਦੇ ਇਹਨਾਂ ਨਿਯਮਾਂ ਦੀ ਪਾਲਣਾ ਹਰੇਕ ਸਿਆਸੀ ਦਲ ਲਈ ਲਾਜ਼ਮੀ ਹੈ ਤੇ ਇਨਾਂ ਨੂੰ ਲਾਗੂ ਕਰਨ ਲਈ ਕਿਸੇ ਵਿਸ਼ੇਸ਼ ਅਦਾਲਤ ਦੇ ਨਿਰਦੇਸ਼ਾਂ ਜਾਂ ਕਾਨੂੰਨੀ ਹੁਕਮਾਂ ਦੀ ਉਡੀਕ ਨਹੀਂ ਕੀਤੀ ਜਾਂਦੀ।

ਰਾਜਨੀਤੀ ਦੇ ਚਾਰ ਥੰਮ ਹਨ- ਨੇਤਾ, ਨੀਤੀ, ਨਾਤਾ ਅਤੇ ਨੀਅਤ। ਜਿਸ ਦੇਸ਼ 'ਚ ਨੇਤਾ ਭਲਾਮਾਣਸ, ਨੇਕ-ਦਿਲ ਅਤੇ ਸੱਚੇ-ਸੁੱਚੇ ਆਚਰਨ ਵਾਲਾ ਹੋਵੇ, ਉਸਦੀ ਨੀਤੀ ਲੋਕ-ਹਿੱਤਾਂ ਨੂੰ ਸਮਰਪਿਤ ਮਾਨਵਵਾਦੀ ਸੋਚ ਤੇ ਕੇਂਦਰਿਤ ਹੋਵੇ, ਉਸਦਾ ਨਾਤਾ ਆਪਣੀ ਪਰਜਾ ਨਾਲ ਜੁੜਿਆਂ ਹੋਵੇ ਅਤੇ ਉਸਦੀ ਨੀਅਤ ਸਬਰ , ਸੰਤੋਖ ਅਤੇ ਇਮਾਨਦਾਰੀ ਭਰਪੂਰ ਹੋਵੇ, ਉਸ ਦੇਸ਼ ਦਾ ਵਰਤਮਾਨ ਸ਼ਾਨਦਾਰ ਅਤੇ ਭਵਿੱਖ ਸੁਨਹਿਰੀ ਹੁੰਦਾ ਹੈ। ਦੂਸਰੇ ਪਾਸੇ ਜਿਹੜੇ ਦੇਸ਼ ਦਾ ਨੇਤਾ ਮਤਲਬਖ਼ੋਰ ਅਤੇ ਚਰਿੱਤਰਹੀਣ ਹੋਵੇ, ਅਜਿਹੇ ਨੇਤਾ ਦੀ ਨੀਤੀ ਲੋਕ-ਵਿਰੋਧੀ ਅਤੇ ਫਾਸ਼ੀਵਾਦੀ ਬਣ ਗਈ ਹੋਵੇ, ਉਸਦਾ ਨਾਤਾ ਸਿਰਫ਼ ਕੁਰਸੀ ਹਾਸਿਲ ਕਰਨ ਤੱਕ ਸੀਮਤ ਹੋਏ ਅਤੇ ਨੀਅਤ ਭ੍ਰਿਸ਼ਟ ਕੇ ਕੰਗਾਲ ਹੋ ਚੁੱਕੀ ਹੋਵੇ, ਅਜਿਹਾ ਮੁਲਕ ਅੱਜ ਨਹੀਂ ਤਾਂ ਭਲਕ, ਬਰਬਾਦੀ ਤੋਂ ਨਹੀਂ ਬਚ ਸਕੇਗਾ। ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਦੇਸ਼ ਦੀ ਪ੍ਰਮੁੱਖ ਸੰਸਥਾ ਭਾਰਤੀ ਸਰਬ-ਉੱਚ ਅਦਾਲਤ ਵੱਲੋਂ ਦੇਸ਼ ਦੀਆਂ ਸਿਆਸੀ ਪਾਰਟੀਆਂ ਵਿਚੋਂ ਅਪਰਾਧੀਕਰਨ ਦੇ ਖ਼ਾਤਮੇ ਲਈ ਦੋਸ਼ੀ ਸਿਆਸਤਦਾਨਾਂ ਖ਼ਿਲਾਫ਼ ਸ਼ਿਕੰਜਾ ਕੱਸਣ ਵਾਸਤੇ ਕਦਮ ਚੁੱਕਣ ਦੇ ਹੁਕਮਾਂ ਨੂੰ ਸਾਰੇ ਸਿਆਸੀ ਦਲਾਂ ਨੇ ਹੀ ਖ਼ਾਰਜ ਕੀਤਾ ਹੋਇਆ ਹੈ। ਉਂਞ ਚਾਹੇ ਸਿਆਸੀ ਵਿਰੋਧ ਕਾਰਨ ਇਹ ਲੋਕ ਸੰਸਦ ਜਾਂ ਅਸੈਂਬਲੀਆਂ ਦੇ ਕੰਮ ਕਾਜ ਮਹੀਨੇ-ਮਹੀਨੇ ਤੱਕ ਠੱਪ ਕਰਕੇ, ਲੋਕਾਂ ਦੇ ਕਰੋੜਾਂ ਰੁਪਏ ਰੋਜ਼ਾਨਾ ਤਬਾਹ ਕਰੀ ਜਾਣ ਅਤੇ 'ਇਕਮੱਤ' ਨਾ ਹੋਣ, ਪਰ ਆਪਣੀਆਂ ਪਾਰਟੀਆਂ ਵਿਚਲੇ ਅਪਰਾਧੀਆਂ ਨੂੰ ਬਚਾਉਣ ਲਈ 'ਬੇਮਿਸਾਲ ਏਕਤਾ' ਦਾ ਸਬੂਤ ਜ਼ਰੂਰ ਪੇਸ਼ ਕਰਦੇ ਹਨ।

ਕੀ ਭ੍ਰਿਸ਼ਟਾਚਾਰ ਦੇ ਦੋਸ਼ ਦਾ ਸਾਹਮਣਾ ਕਰ ਰਿਹਾ ਲੀਡਰ ਲੋਕਾਂ ਦੀ ਪ੍ਰਤੀਨਿਧਤਾ ਕਰਨ ਦੇ ਯੋਗ ਹੋ ਸਕਦਾ ਹੈ ? ਕੀ ਅਪਰਾਧੀ ਗਤੀਵਿਧੀਆਂ ਵਾਲੇ ਵਿਅਕਤੀ ਨੂੰ ਲੋਕਾਂ ਦਾ ਆਗੂ ਮੰਨਿਆ ਜਾ ਸਕਦਾ ਹੈ ? ਕੀ ਕਤਲਾਂ ਦੀਆਂ ਸਾਜ਼ਿਸ਼ਾਂ 'ਚ ਸ਼ਾਮਲ ਮਨੁੱਖ ਵਿਧਾਨ ਸਭਾ ਜਾਂ ਸੰਸਦ ਦੇ ਗਲਿਆਰਿਆਂ ਵਿਚ ਜਾਣ ਦੇ ਹੱਕਦਾਰ ਹਨ ? ਕੀ ਨਸ਼ਿਆਂ ਦੇ ਵਪਾਰੀ ਗੈਂਗਸਟਰ, ਸਮਗਲਰ ਅਤੇ ਬਲਾਤਕਾਰੀ, ਜਨਤਕ ਅਗਵਾਈ ਦੇ ਲਾਇਕ ਹਨ ? ਜੇਕਰ ਇਨਾਂ ਸਵਾਲਾਂ ਦਾ ਜਵਾਬ ਨਾਂਹ-ਵਾਚੀ ਹੈ, ਤਾਂ ਵੇਖਣਾ ਇਹ ਹੋਵੇਗਾ ਕਿ ਭਾਰਤੀ ਸੰਸਦ 'ਚ ਬੈਠੇ ਲੋਕ-ਨੁਮਾਇੰਦਿਆਂ ਵਿਚੋਂ ਕਿੰਨੇ ਕੁ ਅਜਿਹੇ ਹਨ, ਜਿਹੜੇ ਉਕਤ ਅਪਰਾਧਾਂ ਦਾ ਸਾਹਮਣਾ ਕਰ ਰਹੇ ਹਨ ਜਾਂ ਫਿਰ ਜੇਲਾਂ ਕੱਟ ਰਹੇ ਹਨ। ਅਸਲੀਅਤ ਤਾਂ ਇਹ ਹੈ ਕਿ ਸਾਫ਼ ਸੁਥਰੇ ਅਕਸ ਵਾਲੇ ਇਮਾਨਦਾਰ ਸਾਂਸਦਾਂ ਜਾਂ ਵਿਧਾਇਕ ਦੀ ਗਿਣਤੀ ਆਟੇ 'ਚ ਲੂਣ ਦੇ ਬਰਾਬਰ ਹੀ ਹੋਵੇਗੀ।

ਸਿਤਮਜ਼ਰੀਫੀ ਇਹ ਹੈ ਕਿ ਦੇਸ਼ ਅੰਦਰ ਕੇਂਦਰੀ ਮੰਤਰੀਆਂ, ਸੂਬਾਈ ਮੰਤਰੀਆਂ ਅਤੇ ਵਿਧਾਇਕਾਂ ਉੱਪਰ ਕਿਧਰੇ ਰਿਸ਼ਵਤ ਲੈਣ ਦੇ, ਭਾਈ-ਭਤੀਜਾਵਾਦ ਦੇ, ਵਿਰੋਧੀਆਂ ਨੂੰ ਕੁੱਟਣ-ਮਾਰਨ ਅਤੇ ਕਤਲ ਕਰਵਾਉਣ ਤੱਕ ਦੀਆਂ ਸਾਜ਼ਿਸ਼ਾਂ ਘੜਨ ਦੇ ਅਤੇ ਵੱਡੇ-ਵੱਡੇ ਸਮਗਲਰਾਂ ਨੂੰ ਸ਼ਹਿ ਦੇ ਕੇ ਡਰੱਗਾਂ ਦਾ ਵਪਾਰ ਕਰਨ ਦੇ ਦੋਸ਼ ਲੱਗੇ ਹੋਏ ਹਨ, ਪ੍ਰੰਤੂ ਇਨਾਂ ਤੋਂ ਅਸਤੀਫ਼ੇ ਲੈ ਕੇ, ਨਿਰਪੱਖ ਜਾਂਚ ਚਲਾਉਣ ਤੱਕ ਇਨਾਂ ਨੂੰ ਪ੍ਰਭਾਵ-ਮੁਕਤ ਕਰਨ ਦੀ , ਕਿਸੇ ਕੋਲ ਵੀ ਹਿੰਮਤ ਨਹੀਂ। ਇੱਥੋਂ ਤੱਕ ਕਿ ਕਾਨੂੰਨ ਅਤੇ ਨਿਆਂਪਾਲਿਕਾ ਵੀ ਬੇਵੱਸ ਅਤੇ ਲਾਚਾਰ ਹਨ।

ਕਿਥੇ ਢਾਈ ਸੌ ਡਾਲਰ ਦੇ ਚੈੱਕ ਕੈਸ਼ ਨਾ ਕਰਵਾਉਣ ਬਦਲੇ, ਮਾਮੂਲੀ ਸਿਫ਼ਾਰਸ਼ ਨੂੰ ਲੈ ਕੇ ਬੀ. ਸੀ. ਦਾ ਮੁੱਖ ਮੰਤਰੀ ਤੱਕ ਅਹੁਦਾ ਛੱਡ ਦਿੰਦਾ ਹੈ, ਕਿਥੇ ਹਜ਼ਾਰਾਂ ਕਰੋੜਾਂ ਦੇ ਕੁਦਰਤੀ ਸੋਮਿਆਂ, ਸਰਕਾਰੀ ਖ਼ਜ਼ਾਨਿਆਂ, ਭੋਜਨ-ਪਦਾਰਥਾਂ, ਪਸ਼ੂ-ਚਾਰਿਆਂ, ਰੇਤ- ਸੀਮੈਂਟ, ਇੱਥੋਂ ਤੱਕ ਕਿ ਫ਼ੌਜੀਆਂ ਦੇ ਕਫਨਾਂ ਅਤੇ ਤੋਪਾਂ-ਹਥਿਆਰਾਂ ਨੂੰ ਲੈ ਕੇ ਲੱਗਦੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਬਾਵਜੂਦ, ਸਾਡੇ ਲੀਡਰ ਅਹੁਦਾ ਤਿਆਗਣ ਨੂੰ ਤਿਆਰ ਨਹੀਂ। ਸ਼ਾਇਦ ਇਹੀ ਕਾਰਨ ਹੈ ਕਿ ਅਜਿਹੇ ਲੋਕ ਪ੍ਰਤੀਨਿਧਾਂ ਨੂੰ ਲੋਕਾਂ ਤੋਂ ਹੀ ਏਨਾ ਖ਼ਤਰਾ ਹੈ ਕਿ ਉਹ ਸੁਰੱਖਿਆ ਦੇ ਵਿਸ਼ਾਲ ਘੇਰੇ ਤੋਂ ਬਗੈਰ ਆਪਣੇ ਹੀ ਲੋਕਾਂ ਦਾ ਸਾਹਮਣਾ ਕਰ ਸਕਣ ਦੀ ਹਿੰਮਤ ਨਹੀਂ ਕਰਦੇ। ਲੋਕਾਂ ਤੋਂ ਟੈਕਸਾਂ ਦੇ ਰੂਪ ਵਿੱਚ ਲਏ ਗਏ ਕਰੋੜਾਂ ਰੁਪਏ 'ਤੇ ਅਨੇਕਾਂ ਪੁਲਿਸ ਅਧਿਕਾਰੀ ਇਨਾਂ ਨੇਤਾਵਾਂ ਦੀ ਰੱਖਿਆ ਕਰਨ ਵਿਚ ਹੀ ਜੁਟੇ ਰਹਿੰਦੇ ਹਨ। ਦੂਜੇ ਪਾਸੇ ਲੋਕਾਂ ਦੀਆਂ ਜਾਨਾਂ ਨੂੰ ਚਾਹੇ ਜਿੰਨਾ ਮਰਜ਼ੀ ਖ਼ਤਰਾ ਬਣਿਆ ਰਹੇ ਤੇ ਲੁੱਟਾਂ-ਖੋਹਾਂ ਅਤੇ ਕਤਲਾਂ ਦੀਆਂ ਵਾਰਦਾਤਾਂ ਕਾਰਨ ਕਾਨੂੰਨ ਤੇ ਪ੍ਰਸ਼ਾਸਨ ਦੀ ਸਥਿਤੀ ਵਿਗੜ ਰਹੀ ਹੋਏ, ਪਰ ਆਮ ਲੋਕਾਂ ਦੀ ਸੁਰੱਖਿਆ ਦਾ ਕਿਸੇ ਨੂੰ ਫ਼ਿਕਰ ਨਹੀਂ ਹੁੰਦਾ।

ਇੱਥੇ ਇਹ ਦੱਸਣਾ ਕੁਥਾਂ ਨਹੀਂ ਹੋਏਗਾ ਕਿ ਕੈਨੇਡਾ 'ਚ ਪ੍ਰਧਾਨ ਮੰਤਰੀ ਤੋਂ ਸਿਵਾ ਕਿਸੇ ਹੋਰ ਮੰਤਰੀ ਨੂੰ ਵਿਸ਼ੇਸ਼ ਸੁਰੱਖਿਆ ਨਹੀਂ ਮਿਲਦੀ । ਸੂਬਿਆਂ ਦੇ ਮੁੱਖ ਮੰਤਰੀ ਬਗੈਰ ਲਾਲ ਬੱਤੀ, ਹੂਟਰਾਂ ਤੇ ਕਮਾਂਡੋਆਂ ਦੇ ਸਾਧਾਰਨ ਕਾਰਾਂ 'ਚ ਬੈਠ ਕੇ ਲੋਕਾਂ ਨੂੰ ਮਿਲਦੇ ਹਨ। ਮੰਤਰੀ ਸਾਹਿਬਾਨ ਤਾਂ ਇਕ ਸਹਾਇਕ ਨਾਲ ਲੈ ਕੇ, ਖ਼ੁਦ ਆਪਣੀਆਂ ਕਾਰਾਂ ਚਲਾ ਕੇ ਜਨਤਕ ਇਕੱਠ 'ਚ ਜਾਂਦੇ ਹਨ। ਪ੍ਰੀਮੀਅਰ ਤੋਂ ਮਗਰੋਂ ਡਿਪਟੀ ਪ੍ਰੀਮੀਅਰ ਕੌਣ ਹੈ, ਇਸ ਸਬੰਧੀ ਲੋਕਾਂ ਨੂੰ ਪਤਾ ਤੱਕ ਨਹੀਂ ਹੁੰਦਾ। ਸਿਆਸੀ ਭੱਲ ਬਣਾਉਣ ਲਈ ਕਾਰਾਂ ਦੇ ਕਾਫ਼ਲੇ ਲਿਜਾਣਾ, ਸੈਂਕੜੇ ਸੁਰੱਖਿਆ ਅਧਿਕਾਰੀ ਖ਼ੁਦ ਜਾਂ ਕਿਸੇ ਸਿਆਸੀ ਮਹਿਮਾਨ ਨੂੰ ਦੇ ਕੇ ਲੋਕਾਂ 'ਤੇ ਲੱਖਾਂ ਡਾਲਰਾਂ ਦਾ ਬੋਝ ਪਾਉਣਾ, ਕਿਸੇ ਵੀ ਕੈਨੇਡੀਅਨ ਸਿਆਸੀ ਆਗੂ ਦੀ ਡਿਕਸ਼ਨਰੀ 'ਚ ਸ਼ਾਮਿਲ ਨਹੀਂ।

ਅਸਲ ਵਿੱਚ ਕਿਸੇ ਰਾਸ਼ਟਰ ਦੀ ਚੜਦੀ ਕਲਾ ਉਸ ਦੇ ਲੋਕਾਂ ਅੰਦਰ ਕੌਮੀ ਚਰਿੱਤਰ ਦੀ ਕਾਇਮੀ 'ਤੇ ਟਿਕੀ ਹੁੰਦੀ ਹੈ, ਪਰ ਉਸ ਦੇਸ਼ ਦੀ ਆਮ ਜਨਤਾ ਦਾ ਕੌਮੀ ਆਚਰਨ ਕਿਸ ਤਰਾਂ ਕਾਇਮ ਹੋਵੇਗਾ, ਜਿੱਥੋਂ ਦੇ ਆਗੂਆਂ ਦਾ ਚਰਿੱਤਰ ਸਾਮ, ਦਾਮ, ਦੰਡ ਅਤੇ ਭੇਦ ਨੀਤੀ 'ਤੇ ਟਿਕਿਆ ਹੋਏ। ਅਜਿਹੇ 'ਪ੍ਰਧਾਨ ਸੇਵਕ' ਧਾਰਮਿਕ ਅਸਥਾਨਾਂ 'ਤੇ ਜਾ ਕੇ ਮੱਥਾ ਤਾਂ ਟੇਕਦੇ ਹਨ, ਪਰ ਲੋਕ ਹਿੱਤਾਂ ਦੀ ਪ੍ਰਵਾਹ ਨਹੀਂ ਕਰਦੇ। ਲੋਕਾਂ ਨੂੰ ਪੈਸੇ ਦੇ ਜ਼ੋਰ ਨਾਲ ਖ਼ਰੀਦਣਾ, ਆਪਸ ਵਿਚ ਪਾਟੋ-ਧਾੜ ਕਰਾਉਣੀ ਜਾਂ ਫਿਰ ਡਰਾਉਣ-ਧਮਕਾਉਣਾ, ਉਨਾਂ ਦੀਆਂ ਪਹਿਲੀਆਂ ਚਾਲਾਂ ਹੁੰਦੀਆਂ ਹਨ ਅਤੇ ਇਹ ਅਸਫਲ ਰਹਿਣ 'ਤੇ ਆਖ਼ਰ ਨੂੰ, ਹਿਰਨ ਦੇ ਸ਼ਿਕਾਰੀ ਵਾਂਗ, ਇਹ ਪੈਰੀਂ ਵੀ ਪੈ ਸਕਦੇ ਹਨ, ਜੋ ਕਿ ਅੱਜ-ਕੱਲ ਹੋ ਰਿਹਾ ਹੈ।




ਇੱਕ ਪਾਸੇ ਕਿਸਾਨ, ਮੋਰਚਿਆਂ ਵਿਚ ਠਰੀਆਂ ਰਾਤਾਂ ਵਿੱਚ ਸੰਘਰਸ਼ ਕਰ ਰਹੇ ਹਨ, ਦੂਸਰੇ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੁਰਦੁਆਰੇ ਜਾ ਕੇ ਮੱਥਾ ਟੇਕਦੇ ਹੋਏ ਸਾਮ ਨੀਤੀ ਰਾਹੀਂ ਸਿੱਖ ਮਨਾਂ ਨੂੰ ਆਪਣੇ ਵੱਲ ਖਿੱਚਣ ਦੀ ਤਾਕ ਵਿੱਚ ਹਨ, ਪਰ ਅਜਿਹੀ ਕੋਸ਼ਿਸ਼ ਉਸੇ ਵੇਲੇ ਹੀ ਅਸਫਲ ਹੋ ਜਾਂਦੀ ਹੈ, ਜਦੋਂ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ 'ਤੇ ਉਨਾਂ ਦੀ ਬਾਣੀ, ਉਸੇ ਹੀ ਗੁਰਦੁਆਰਾ ਰਕਾਬ-ਗੰਜ ਸਾਹਿਬ ਵਿਖੇ ਪੜੀ ਜਾ ਰਹੀ ਹੁੰਦੀ ਹੈ। ਉਸ ਵਿਚ ਇਹ ਸਪੱਸ਼ਟ ਫੁਰਮਾਇਆ ਜਾਂਦਾ ਹੈ ਕਿ ਜਿੰਨੇ ਮਰਜ਼ੀ ਵੇਦ ਗ੍ਰੰਥ ਪੜ ਲਵੋ, ਪਰ ਜੇ ਮਾਨਵਤਾ ਪੱਖੀ ਨੀਤੀ ਅਤੇ ਨੀਅਤ ਨਹੀਂ, ਤਾਂ ਸਭ ਕੁਝ ਬਿਰਥਾ ਹੈ। ਇਸ ਸਚਾਈ ਤੋਂ ਜਿੰਨਾ ਮਰਜ਼ੀ ਦੌੜ ਲਵੋ, ਆਖ਼ਿਰ ਇਸ ਦਾ ਹਿਸਾਬ ਦੇਣਾ ਹੀ ਪੈਣਾ ਹੈ।

ਅੱਜ ਦੇਸ਼ ਦੇ ਆਗੂ ਜੇਕਰ ਪੀੜਤ ਕਿਸਾਨਾਂ ਦੇ ਖਿਲਾਫ਼ ਹਨ ਅਤੇ ਅਡਾਨੀ-ਅੰਬਾਨੀ ਵਰਗੇ ਸਰਮਾਏਦਾਰਾਂ ਦੇ ਪੱਖ ਵਿੱਚ ਭੁਗਤ ਰਹੇ ਹਨ ਤਾਂ ਅੰਤ ਨੂੰ ਉਨਾਂ ਦਾ ਹਸ਼ਰ ਮੰਦਾ ਹੀ ਹੋਵੇਗਾ। ਹੁਣ ਲੋਕ ਜਾਗ ਚੁੱਕੇ ਹਨ ਅਤੇ ਅਜਿਹੀਆਂ ਕੁੱਟਲ ਨੀਤੀਆਂ ਦਾ ਸ਼ਿਕਾਰ ਨਹੀਂ ਹੋਣਗੇ, ਜਿਨਾਂ ਰਾਹੀਂ ਹਰ ਤਰਾਂ ਦਾ ਹਰਬਾ ਵਰਤਿਆ ਜਾਂਦਾ ਹੈ। ਲੋਕ ਹੁਣ ਜਾਣ ਚੁੱਕੇ ਹਨ ਕਿ ਇਹ ਨੀਤੀਆਂ ਸਿਆਸਤਦਾਨ, ਲੋਕਾਂ ਨੂੰ ਘਸਿਆਰੇ ਬਣਾਉਣ ਲਈ ਵਰਤਦੇ ਹੀ ਰਹਿਣਗੇ, ਕਿਉਂਕਿ ਫਾਸ਼ੀਵਾਦੀ ਅਤੇ ਮਤਲਬਖੋਰ ਨੇਤਾਵਾਂ ਦੀ ਕੂੜ-ਨੀਤੀ, ਮਾੜੀ ਨੀਅਤ ਅਤੇ ਸੱਤਾ ਨਾਲ ਨਾਤਾ ਇਨਾਂ ਚਾਲਾਂ ਦੇ ਰਾਹੀਂ ਜੁੜਿਆ ਹੋਇਆ ਹੈ। ਸਮੁੱਚੇ ਰੂਪ ਵਿੱਚ ਅਜਿਹੇ ਚਾਲਬਾਜ਼ ਆਗੂਆਂ ਦੀਆਂ ਚਾਲਾਂ ਨੂੰ ਇਉਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ,
**'ਦੰਭ, ਭੇਦ ਤੇ ਦਾਮ ਜਦ, ਹੋ ਜਾਵਣ ਨਾਕਾਮ। ਸ਼ਾਤੁਰ ਪੈਰੀਂ ਜਾ ਪਵੇ, ਵਰਤੀ ਨੀਤੀ ਸਾਮ।'**



# ਕੀ ਸੁਪਰੀਮ ਕੋਰਟ ਕਿਸਾਨ ਅੰਦੋਲਨ ਦਾ ਹੱਲ ਕਰ ਸਕੇਗੀ

## ✪ ਕਿਸਾਨ ਜਥੇਬੰਦੀਆਂ ਤੇ ਸਰਕਾਰ ਵਿਚਾਲੇ ਗੱਲਬਾਤ ਦੇ ਕਈ ਦੌਰ ਬੇ-ਨਤੀਜਾ ਦੇਸ਼ ਭਰ 'ਚ ਕਿਸਾਨ ਇਨਾਂ ਖੇਤੀਬਾੜੀ ਕਾਨੂੰਨਾਂ ਤੋਂ ਨਾਖੁਸ਼ ✪ ਅਦਾਲਤ ਦੇ ਕੇਸ ਵਿਚ ਬਚਾਓ ਪੱਖ ਨਹੀਂ ਬਣਨਗੇ ਕਿਸਾਨ

**ਜਲੰਧਰ /ਏ.ਟੀ.ਨਿਊਜ਼:** ਹਾਲ ਵਿਚ ਹੀ ਲਾਗੂ ਹੋਏ ਖੇਤੀ ਕਾਨੂੰਨਾਂ ਦੇ ਵਿਰੁੱਧ ਪਿਛਲੇ ਸਾਢੇ ਤਿੰਨ ਹਫ਼ਤਿਆਂ ਤੋਂ ਲਗਾਤਾਰ ਦਿੱਲੀ ਦੀ ਸਰਹੱਦ 'ਤੇ ਕਿਸਾਨਾਂ ਵੱਲੋਂ ਧਰਨਾ ਜਾਰੀ ਹੈ। ਕਿਸਾਨ ਜਥੇਬੰਦੀਆਂ ਅਤੇ ਸਰਕਾਰ ਵਿਚਾਲੇ ਗੱਲਬਾਤ ਦੇ ਕਈ ਦੌਰ ਹੋ ਚੁੱਕੇ ਹਨ ਪਰ ਉਹ ਸਾਰੇ ਬੇ-ਨਤੀਜਾ ਹੀ ਰਹੇ ਹਨ। ਹੁਣ ਕੁਝ ਲੋਕ ਹਿੱਤ ਪਟੀਸ਼ਨਾਂ ਦੀ ਮਦਦ ਨਾਲ ਇਹ ਮਾਮਲਾ ਸੁਪਰੀਮ ਕੋਰਟ 'ਚ ਪਹੁੰਚ ਗਿਆ ਹੈ। ਪਟੀਸ਼ਨਾਂ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕਿਸਾਨਾਂ ਦੇ 'ਰਾਈਟ ਟੂ ਪ੍ਰੋਟੈਸਟ' ਦੇ ਅਧਿਕਾਰ ਨੂੰ ਸਵੀਕਾਰਦਿਆਂ ਕਿਹਾ ਹੈ ਕਿ ਇਹ ਵੇਖਣਾ ਵੀ ਜ਼ਰੂਰੀ ਹੈ ਕਿ ਇਸ ਨਾਲ ਦੂਜੇ ਲੋਕਾਂ ਦੇ ਅਧਿਕਾਰਾਂ ਦੀ ਉਲੰਘਣਾ ਵੀ ਨਹੀਂ ਹੋਣੀ ਚਾਹੀਦੀ ਹੈ। ਸੁਣਵਾਈ ਦੌਰਾਨ ਚੀਫ਼ ਜਸਟਿਸ ਐਸ ਏ ਬੋਬੜੇ, ਜਸਟਿਸ ਏਐਸ ਬੋਪੰਨਾ ਤੇ ਜਸਟਿਸ ਵੀ ਰਾਮਾ ਸੁਬਰਮਨੀਅਮ ਨੇ ਕਿਹਾ, 'ਕਿਸਾਨਾਂ ਨਾਲ ਸਾਨੂੰ ਹਮਦਰਦੀ ਹੈ, ਪਰ ਇਸ ਦਾ ਕੋਈ ਤਾਂ ਹੱਲ ਕੱਢਣਾ ਹੀ ਪਵੇਗਾ।'

ਬੀਤੇ ਵੀਰਵਾਰ ਨੂੰ ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਸੁਪਰੀਮ ਕੋਰਟ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਫ਼ਿਲਹਾਲ ਉਹ ਕਾਨੂੰਨ ਦੀ ਮਿਆਦ ਸਬੰਧੀ ਕੋਈ ਸੁਣਵਾਈ ਨਹੀਂ ਕਰੇਗਾ ਬਲਕਿ ਧਰਨਿਆਂ ਕਾਰਨ ਬੰਦ ਸੜਕਾਂ ਤੇ ਉਸ ਨਾਲ ਨਾਗਰਿਕਾਂ ਦੇ ਅਧਿਕਾਰਾਂ 'ਤੇ ਪੈਣ ਵਾਲੇ ਪ੍ਰਭਾਵਾਂ 'ਤੇ ਸੁਣਵਾਈ ਕੀਤੀ ਜਾਵੇਗੀ।

ਇਸ ਮਾਮਲੇ ਵਿਚ ਕੇਂਦਰ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਵਕੀਲਾਂ ਨੇ ਦਲੀਲ ਰੱਖੀ ਹੈ ਕਿ ਮੁਜ਼ਾਹਰਾਕਾਰੀਆਂ ਨੇ ਦਿੱਲੀ ਆਉਣ-ਜਾਣ ਵਾਲੇ ਰਸਤਿਆਂ ਨੂੰ ਬੰਦ ਕਰ ਦਿੱਤਾ ਹੈ, ਜਿਸ ਕਾਰਨ ਦੁੱਧ, ਫਲ ਤੇ ਸਬਜ਼ੀਆਂ ਦੀਆਂ ਕੀਮਤਾਂ 'ਚ ਵਾਧਾ ਹੋ ਗਿਆ ਹੈ।

ਚੀਫ਼ ਜਸਟਿਸ ਨੇ ਸੁਣਵਾਈ ਦੌਰਾਨ ਕਿਹਾ ਕਿ ਸਰਕਾਰ ਅਤੇ ਕਿਸਾਨਾਂ ਦਰਮਿਆਨ ਇੱਕ ਸਹਿਜ ਗੱਲਬਾਤ ਹੋਣੀ ਚਾਹੀਦੀ ਹੈ, ਵਿਰੋਧ ਪ੍ਰਦਰਸ਼ਨ ਨੂੰ ਨਹੀਂ ਰੋਕਣਾ ਚਾਹੀਦਾ ਹੈ ਅਤੇ ਸੰਪਤੀਆਂ, ਜਾਇਦਾਦ ਨੂੰ ਕਿਸੇ ਵੀ ਤਰਾਂ ਦਾ ਨੁਕਸਾਨ ਨਹੀਂ ਪਹੁੰਚਣਾ ਚਾਹੀਦਾ ਹੈ। ਚੀਫ਼ ਜਸਟਿਸ ਨੇ ਇਸ ਰੁਕਾਵਟ ਨੂੰ ਦੂਰ ਕਰਨ ਲਈ ਇੱਕ ਕਮੇਟੀ ਦੇ ਗਠਨ ਦਾ ਪ੍ਰਸਤਾਵ ਦਿੱਤਾ ਤੇ ਕਿਹਾ ਕਿ ਇਸ ਕਮੇਟੀ 'ਚ ਦੋਵਾਂ ਧਿਰਾਂ ਦੇ ਲੋਕਾਂ ਤੋਂ ਇਲਾਵਾ ਖੇਤੀ ਮਾਹਿਰਾਂ ਨੂੰ ਵੀ ਸ਼ਾਮਲ ਕੀਤਾ ਜਾਵੇ। ਹਾਲਾਂਕਿ ਇਸ ਸੁਣਵਾਈ ਦੌਰਾਨ ਕਿਸਾਨਾਂ ਦੀ ਨੁਮਾਇੰਦਗੀ ਲਈ ਕੋਈ ਵੀ ਹਾਜ਼ਰ ਨਾ ਹੋਇਆ।

ਦਰਅਸਲ ਇਸ ਮਾਮਲੇ ਵਿਚ ਨਾ ਹੀ ਕਿਸਾਨਾਂ ਅਤੇ ਨਾ ਹੀ ਸਰਕਾਰ ਵੱਲੋਂ ਕੋਈ ਵੀ ਸੁਪਰੀਮ ਕੋਰਟ 'ਚ ਗਿਆ ਹੈ। ਸਿਰਫ਼ ਦੋ ਵਕੀਲਾਂ ਤੇ ਇੱਕ ਆਮ ਆਦਮੀ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਸੁਣਵਾਈ ਕਰ ਰਹੀ ਹੈ।

### ਸੁਪਰੀਮ ਕੋਰਟ ਦੀ ਇੱਕ ਕੋਸ਼ਿਸ਼

ਸੁਪਰੀਮ ਕੋਰਟ ਵਿਚ ਭਾਵੇਂ ਕਿ ਇਹ ਮਾਮਲਾ ਦੂਜੀਆਂ ਧਿਰਾਂ ਵੱਲੋਂ ਦਾਇਰ ਕੀਤੀਆਂ ਗਈਆਂ ਪਟੀਸ਼ਨਾਂ ਰਾਹੀਂ ਗਿਆ ਹੈ, ਪਰ ਇੱਥੇ ਸਵਾਲ ਇਹ ਉੱਠ ਰਹੇ ਹਨ ਕਿ ਕੀ ਇਹ ਮਾਮਲਾ ਇੰਨਾ ਗੰਭੀਰ ਰੁਖ਼ ਅਖ਼ਤਿਆਰ ਕਰ ਚੁੱਕਾ ਹੈ ਕਿ ਸੁਪਰੀਮ ਕੋਰਟ ਨੂੰ ਇਸ 'ਚ ਦਖ਼ਲ ਦੇਣਾ ਪਿਆ ਹੈ ਅਤੇ ਦੂਜੀ ਅਹਿਮ ਗੱਲ ਇਹ ਹੈ ਕਿ ਕੀ ਸੁਪਰੀਮ ਕੋਰਟ ਕੋਲ ਇਸ ਦਾ ਕੋਈ ਉਚਿਤ ਹੱਲ ਹੈ ?

ਸੰਵਿਧਾਨਕ ਮਾਹਰ ਸੁਭਾਸ਼ ਕਸ਼ਯਪ ਦਾ ਕਹਿਣਾ ਹੈ ਕਿ ਇਹ ਸੁਪਰੀਮ ਕੋਰਟ ਦੀ ਸਿਰਫ਼ ਇੱਕ ਕੋਸ਼ਿਸ਼ ਹੈ ਤੇ ਜੇਕਰ ਇਸ ਨਾਲ ਕੋਈ ਹੱਲ ਨਿਕਲ ਜਾਵੇ ਤਾਂ ਵਧੀਆ ਹੀ ਹੈ।

ਦੂਜੇ ਪਾਸੇ ਕਿਸਾਨ ਆਗੂਆਂ ਦਾ ਵੀ ਇਹ ਕਹਿਣਾ ਹੈ ਕਿ ਸੁਪਰੀਮ ਕੋਰਟ ਨੇ ਕੋਈ ਦਖ਼ਲਅੰਦਾਜ਼ੀ ਨਹੀਂ ਕੀਤੀ ਹੈ ਬਲਕਿ ਕੁਝ ਲੋਕ ਜ਼ਬਰਦਸਤੀ ਇਸ ਮਾਮਲੇ ਨੂੰ ਸੁਪਰੀਮ ਕੋਰਟ 'ਚ ਲੈ ਕੇ ਗਏ ਹਨ। ਇਸ ਲਈ ਕੋਰਟ ਨੂੰ ਆਪਣੀ ਟਿੱਪਣੀ ਦੇਣੀ ਹੀ ਪੈਣੀ ਸੀ।

ਭਾਰਤੀ ਕਿਸਾਨ ਯੂਨੀਅਨ ਦੇ ਆਗੂ ਯੁੱਧਵੀਰ ਸਿੰਘ ਦਾ ਕਹਿਣਾ ਹੈ, 'ਸਰਕਾਰ ਨੇ ਸਾਨੂੰ ਸ਼ੁਰੂ ਤੋਂ ਹੀ ਨਜ਼ਰਅੰਦਾਜ਼ ਕੀਤਾ ਹੈ। ਇਹ ਇੱਕ ਗੰਭੀਰ ਮਾਮਲਾ ਹੈ, ਪਰ ਸਰਕਾਰ ਸ਼ੁਰੂ ਤੋਂ ਹੀ ਇਸ ਨੂੰ ਹਲਕੇ ਵਿਚ ਲੈ ਰਹੀ ਹੈ। ਕੋਰੋਨਾ ਕਾਲ 'ਚ ਜਿਸ ਜਲਦਬਾਜ਼ੀ ਨਾਲ ਇਹ ਫ਼ੈਸਲਾ ਲਿਆ ਗਿਆ ਹੈ, ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਰਕਾਰ ਕਿਸ ਦੇ ਹਿੱਤ 'ਚ ਇਹ ਕਾਨੂੰਨ ਲਿਆ ਰਹੀ ਹੈ। ਦੇਸ਼ ਭਰ 'ਚ ਕਿਸਾਨ ਇਨਾਂ ਖੇਤੀਬਾੜੀ ਕਾਨੂੰਨਾਂ ਤੋਂ ਨਾਖੁਸ਼ ਹਨ। ਸਰਕਾਰ ਨੂੰ ਤਾਂ ਪਹਿਲਾਂ ਲੱਗਿਆ ਸੀ ਕਿ ਇਹ ਅੰਦੋਲਨ ਸਿਰਫ਼ ਪੰਜਾਬ ਤੇ ਹਰਿਆਣਾ ਤੱਕ ਹੀ ਸੀਮਤ ਰਹੇਗਾ ਤੇ ਸਰਕਾਰ ਵੱਲੋਂ ਇਸ ਦੇ ਖਗਿਲਤ ਪ੍ਰਚਾਰ ਵੀ ਕੀਤਾ ਗਿਆ, ਪਰ ਉਸ ਦਾ ਕੋਈ ਲਾਭ ਨਾ ਪਹੁੰਚਿਆ। ਸਾਰੀ ਸਥਿਤੀ ਅਤੇ ਸਚਾਈ ਲੋਕਾਂ ਦੇ ਸਾਹਮਣੇ ਹੈ। ਅਸੀਂ ਤਾਂ ਅਦਾਲਤ 'ਚ ਗਏ ਵੀ ਨਹੀਂ , ਪਰ ਫਿਰ ਵੀ ਅਦਾਲਤ ਨੇ ਸਾਡੀਆਂ ਮੰਗਾਂ ਨੂੰ ਜਾਇਜ਼ ਦੱਸਿਆ ਹੈ ਤੇ ਨਾਲ ਹੀ ਸਾਡੇ ਪ੍ਰਦਰਸ਼ਨ ਦੇ ਅਧਿਕਾਰ ਨੂੰ ਉਚਿਤ ਮੰਨਿਆ ਹੈ।'

### ਸਰਕਾਰ ਦੀ ਕਮੇਟੀ ਬਣਾਉਣ ਦੀ ਪੇਸ਼ਕਸ਼ ਕਿਸਾਨਾਂ ਨੇ ਠੁਕਰਾਈ

ਜੋਗਿੰਦਰ ਸਿੰਘ ਉਗਰਾਹਾਂ ਕਿਸਾਨ ਆਗੂ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਦਾ ਆਦੇਸ਼ ਕੇਂਦਰ ਸਰਕਾਰ ਦੇ ਇਰਾਦੇ ਅਨੁਸਾਰ ਨਿਆਂਇਕ ਦਖ਼ਲ ਹੈ ਤਾਂ ਜੋ 'ਲੋਕਤੰਤਰ ਨੂੰ ਕੁਚਲਿਆ ਜਾਵੇ।' ਮੈਨੂੰ ਲਗਦਾ ਹੈ ਕਿ ਅਜਿਹਾ ਕਰਨਾ ਲੋਕਾਂ ਦੇ ਜਮਹੂਰੀ ਅਧਿਕਾਰਾਂ 'ਤੇ ਹਮਲਾ ਹੈ।

ਅੱਠ ਕਿਸਾਨ ਆਗੂ ਜਿਨਾਂ ਦੇ ਨਾਮ ਅਦਾਲਤ ਦੁਆਰਾ ਮਨਜ਼ੂਰ ਕੀਤੇ ਗਏ ਹਨ, ਉਹ ਭਾਰਤੀ ਕਿਸਾਨ ਯੂਨੀਅਨ ਦੇ ਵੱਖ-ਵੱਖ ਧੜਿਆਂ ਨਾਲ ਸਬੰਧਤ ਹਨ। ਇਸ ਸੂਚੀ ਵਿਚਲੇ ਨੇਤਾਵਾਂ ਦੇ ਨਾਮ ਰਾਕੇਸ਼ ਟਿਕੈਟ (ਬੀ.ਕੇ.ਯੂ. ਟਿਕੈਟ), ਜਗਜੀਤ ਸਿੰਘ ਡੱਲੇਵਾਲ (ਬੀ.ਕੇ.ਯੂ ਸਿੱਧੂਪੁਰ), ਬਲਵੀਰ ਸਿੰਘ ਰਾਜੇਵਾਲ (ਬੀ.ਕੇ.ਯੂ ਰਾਜੇਵਾਲ), ਹਰਿੰਦਰ ਸਿੰਘ ਲੱਖੋਵਾਲ (ਬੀ.ਕੇ.ਯੂ ਲੱਖੋਵਾਲ), ਬੂਟਾ ਸਿੰਘ ਬੁਰਜਗਿਲ (ਬੀ.ਕੇ.ਯੂ. ਡਕੌਂਦਾ) ਹਨ। ਮਨਜੀਤ ਸਿੰਘ ਰਾਏ (ਬੀਕੇਯੂ ਦੁਆਬਾ) ਕੁਲਵੰਤ ਸਿੰਘ ਸਿੰਧੂ (ਜਮਹੂਰੀ ਕਿਸਾਨ ਸਭਾ) ਅਤੇ ਪ੍ਰੇਮ ਸਿੰਘ ਭੰਗੂ (ਕੁਲ ਹਿੰਦ ਕਿਸਾਨ ਫੈਡਰੇਸ਼ਨ) ਸ਼ਾਮਲ ਹਨ।

ਕਿਸਾਨ ਯੂਨੀਅਨਾਂ ਨੇ ਅਜੇ ਤੱਕ ਇਸ ਪਟੀਸ਼ਨ ਵਿੱਚ ਬਚਾਅ ਪੱਖ ਬਣਨ ਨੂੰ ਸਵੀਕਾਰ ਨਹੀਂ ਕੀਤਾ ਹੈ। 16 ਦਸੰਬਰ ਨੂੰ, ਸਿੰਘੂ ਸਰਹੱਦ ਵਿਖੇ ਪੰਜਾਬ ਦੀਆਂ 30 ਪ੍ਰਮੁੱਖ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਹੋਈ ਤੇ ਫ਼ੈਸਲਾ ਹੋਇਆ ਕਿ ਉਹ ਅਦਾਲਤ ਦੇ ਕੇਸ ਵਿਚ ਬਚਾਓ ਪੱਖ ਨਹੀਂ ਬਣਨਗੇ। ਇਨਾਂ 30 ਸੰਗਠਨਾਂ ਵਿਚ ਅੱਠ ਨੇਤਾ ਅਤੇ ਉਨਾਂ ਦੀਆਂ ਸੰਸਥਾਵਾਂ ਹਨ ਜਿਨਾਂ ਦੇ ਨਾਮ ਅਦਾਲਤ ਨੇ ਮਨਜ਼ੂਰ ਕਰ ਲਏ ਹਨ। ਸੰਯੁਕਤ ਕਿਸਾਨ ਮੋਰਚਾ ਕਿਸਾਨਾਂ ਦੀ ਇੱਕ ਰਾਸ਼ਟਰੀ ਸੰਸਥਾ ਹੈ ਜਿਸ ਵਿੱਚ 40 ਕਿਸਾਨ ਜਥੇਬੰਦੀਆਂ ਸ਼ਾਮਲ ਹਨ ਅਤੇ ਇਸ ਵਿੱਚ ਪੰਜਾਬ ਦੀਆਂ 30 ਕਿਸਾਨ ਯੂਨੀਅਨਾਂ ਅਤੇ ਪੰਜਾਬ ਤੋਂ ਬਾਹਰ 10 ਯੂਨੀਅਨਾਂ ਹਨ ਜੋ ਕਿ ਹਰਿਆਣਾ, ਉੱਤਰ ਪ੍ਰਦੇਸ਼, ਮਹਾਰਾਸ਼ਟਰ ਤੇ ਕੇਰਲ ਦੀਆਂ ਹਨ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਵੀਰ ਸਿੰਘ ਰਾਜੇਵਾਲ ਅੱਠ ਕਿਸਾਨ ਯੂਨੀਅਨ ਦੇ ਨੇਤਾਵਾਂ ਵਿਚੋਂ ਇਕ ਹੈ ਜਿਸ ਨੂੰ ਅਦਾਲਤ ਨੇ ਮਾਨਤਾ ਦਿੱਤੀ ਹੈ। ਰਾਜੇਵਾਲ ਨੇ ਦੱਸਿਆ ਕਿ ਅਦਾਲਤ ਕੇਸ ਵਿੱਚ ਕੋਈ ਵੀ ਫ਼ੈਸਲਾ ਵਕੀਲਾਂ ਨੂੰ ਪੁੱਛ ਕੇ ਲਿਆ ਜਾਵੇਗਾ। ਉਨਾਂ ਦੱਸਿਆ ਕਿ ਕਿਸਾਨਾਂ ਨੇ ਚਾਰ ਵਕੀਲਾਂ ਦੇ ਨਾਮ ਸ਼ਾਰਟਲਿਸਟ ਕੀਤੇ ਹਨ ਜਿਨਾਂ ਤੋਂ ਉਹ ਸੁਝਾਅ ਲੈਣਗੇ। ਉਨਾਂ ਦੱਸਿਆ ਕਿ ਉਹ ਵਕੀਲ ਪ੍ਰਸ਼ਾਂਤ ਭੂਸ਼ਣ, ਕੋਲਿਨ ਗੋਂਜ਼ਲਵਿਸ, ਐਚਐਸ ਫੂਲਕਾ ਅਤੇ ਦੁਸ਼ਯੰਤ ਦਵੇ ਹਨ। ਰਾਜੇਵਾਲ ਨੇ ਕਿਹਾ ਕਿ ਅਸੀਂ ਤਾਂ ਕਾਨੂੰਨ ਰੱਦ ਕਰਨ ਦੀ ਮੰਗ ਕਰ ਰਹੇ ਹਾਂ ਅਤੇ ਨਾਲ ਹੀ ਸਾਡੀ ਦੂਜੀ ਮੰਗ ਹੈ ਕਿ ਐਮਐਸਪੀ 'ਤੇ ਖ਼ਰੀਦ ਦੀ ਗਰੰਟੀ ਦਿੱਤੀ ਜਾਵੇ। ਉਹ ਖ਼ਰੀਦ ਭਾਵੇਂ ਸਰਕਾਰ ਵੱਲੋਂ ਹੋਵੇ ਜਾਂ ਫਿਰ ਨਿੱਜੀ ਏਜੰਸੀਆਂ ਜਾਂ ਨਿੱਜੀ ਵਪਾਰੀਆਂ ਜਾਂ ਫਿਰ ਕਿਸੇ ਵੀ ਹੋਰ ਵੱਲੋਂ ਹੋਵੇ। ਪਰ ਤੁਸੀਂ ਆਪ ਹੀ ਵੇਖ ਲਵੋ ਕਿ ਇੰਨਾ ਸਭ ਹੋਣ ਦੇ ਬਾਵਜੂਦ ਪ੍ਰਧਾਨ ਮੰਤਰੀ ਝੂਠਾ ਬਿਆਨ ਦੇ ਰਹੇ ਹਨ ਕਿ ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰ ਦਿੱਤੀ ਗਈ ਹੈ। ਉਹ ਇਸ ਸਥਿਤੀ ਦਾ ਸਾਰਾ ਦੋਸ਼ ਕਿਸਾਨਾਂ ਦੇ ਸਿਰ ਮੜ ਰਹੇ ਹਨ ਕਿ ਉਨਾਂ ਨੂੰ ਕੋਈ ਭੜਕਾ ਰਿਹਾ ਹੈ। ਇਹ ਸਿਰਫ਼ ਤਾਂ ਸਿਰਫ਼ ਸਰਕਾਰ ਦਾ ਢੀਠਪੁਣਾ ਹੈ।

ਕਿਸਾਨ ਆਗੂ ਯੁੱਧਵੀਰ ਸਿੰਘ ਦਾ ਕਹਿਣਾ ਹੈ ਕਿ ਕਮੇਟੀ ਬਣਾਉਣ ਦੀ ਪੇਸ਼ਕਸ਼ ਸਰਕਾਰ ਨੇ ਵੀ ਕੀਤੀ ਸੀ, ਪਰ ਕਮੇਟੀ ਬਣਾਉਣ ਨਾਲ ਮਾਮਲੇ ਦਾ ਹੱਲ ਨਹੀਂ ਨਿਕਲੇਗਾ ਸਗੋਂ ਮਾਮਲਾ ਅਣਮਿਥੇ ਸਮੇਂ ਲਈ ਟੱਲ ਜਾਵੇਗਾ। ਇਸੇ ਲਈ ਕਿਸਾਨਾਂ ਨੇ ਠੁਕਰਾ ਦਿੱਤਾ ਸੀ।

ਦੂਸਰੇ ਪਾਸੇ ਭਾਜਪਾ ਦੇ ਆਗੂਆਂ ਵੱਲੋਂ ਲਗਾਤਾਰ ਇਹ ਬਿਆਨ ਦਿੱਤੇ ਜਾ ਰਹੇ ਹਨ ਕਿ ਸਰਕਾਰ ਜੋ ਕਾਨੂੰਨ ਲੈ ਕੇ ਆਈ ਹੈ ਉਹ ਕਿਸਾਨਾਂ ਦੇ ਹਿੱਤ ਵਿਚ ਹਨ ਤੇ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਅੰਦੋਲਨ ਪਿੱਛੇ ਕਿਸੇ ਸਿਆਸੀ ਪਾਰਟੀਆਂ ਦਾ ਹੱਥ ਹੈ।

ਦੂਜੇ ਪਾਸੇ ਕਿਸਾਨਾਂ ਦਾ ਕਹਿਣਾ ਹੈ ਕਿ ਉਨਾਂ ਨੇ ਆਪਣੇ ਇਸ ਅੰਦੋਲਨ ਤੋਂ ਸਿਆਸੀ ਪਾਰਟੀਆਂ ਨੂੰ ਦੂਰ ਹੀ ਰਹਿਣ ਦੀ ਹਦਾਇਤ ਦਿੱਤੀ ਹੋਈ ਹੈ।

ਭਾਜਪਾ ਆਗੂ ਅਤੇ ਉੱਤਰ ਪ੍ਰਦੇਸ਼ ਦੇ ਖੇਤੀਬਾੜੀ ਮੰਤਰੀ ਸੂਰਿਆ ਪ੍ਰਤਾਪ ਸ਼ਾਹੀ ਨੇ ਕਿਹਾ, 'ਜੋ ਲੋਕ ਪਹਿਲਾਂ ਸੱਤਾ 'ਚ ਰਹਿੰਦਿਆਂ ਕਿਸਾਨਾਂ ਲਈ ਕੁਝ ਨਾ ਕਰ ਸਕੇ, ਉਹ ਹੀ ਹੁਣ ਕਿਸਾਨਾਂ ਨੂੰ ਭੜਕਾ ਰਹੇ ਹਨ। ਮੋਦੀ ਸਰਕਾਰ ਕਿਸਾਨਾਂ ਸਮੇਤ ਹਰ ਵਰਗ, ਤਬਕੇ ਦੇ ਲੋਕਾਂ ਦੇ ਹਿੱਤ 'ਚ ਕੰਮ ਕਰ ਰਹੀ ਹੈ।'

### ਕੋਰਟ ਕਾਨੂੰਨੀ ਮੁੱਦੇ 'ਤੇ ਆਪਣਾ ਫ਼ੈਸਲਾ ਦੇ ਸਕਦੀ ਹੈ

ਸੁਭਾਸ਼ ਕਸ਼ਯਪ ਦਾ ਕਹਿਣਾ ਹੈ ਕਿ ਹਾਲਾਂਕਿ ਸੁਪਰੀਮ ਕੋਰਟ ਨੇ ਸਿਰਫ਼ ਆਪਣੀ ਰਾਇ ਹੀ ਦਿੱਤੀ ਹੈ, ਪਰ ਕਿਸੇ ਕਾਨੂੰਨੀ ਮੁੱਦੇ 'ਤੇ ਕੋਈ ਫ਼ੈਸਲਾ ਨਹੀਂ ਦਿੱਤਾ ਹੈ। ਸੁਪਰੀਮ ਕੋਰਟ ਅਜਿਹਾ ਕਰ ਸਕਦੀ ਹੈ। ਉਨਾਂ ਦੇ ਅਨੁਸਾਰ, 'ਇਸ ਤੋਂ ਪਹਿਲਾਂ ਵੀ ਕਈ ਮਾਮਲਿਆਂ 'ਚ ਸੁਪਰੀਮ ਕੋਰਟ ਨੇ ਕਾਨੂੰਨੀ ਨੁਕਤਿਆਂ ਦੇ ਅਧਾਰ 'ਤੇ ਫ਼ੈਸਲੇ ਦਿੱਤੇ ਹਨ। ਇਸ ਮਾਮਲੇ 'ਚ ਤਾਂ ਸੁਪਰੀਮ ਕੋਰਟ ਨੇ ਅਜੇ ਕੋਈ ਫ਼ੈਸਲਾ ਨਹੀਂ ਲਿਆ ਹੈ, ਪਰ ਇਸ ਰੁਕਾਵਟ ਵਾਲੀ ਸਥਿਤੀ ਵਿਚ ਸੁਪਰੀਮ ਕੋਰਟ ਵੱਲੋਂ ਕੋਈ ਨਾ ਕੋਈ ਹੱਲ ਕੱਢਿਆ ਵੀ ਜਾ ਸਕਦਾ ਹੈ।'

ਦੂਜੇ ਪਾਸੇ ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਇਸ ਮਾਮਲੇ ਵਿਚ ਅੜੀਅਲ ਰੁਖ਼ ਅਖ਼ਤਿਆਰ ਕਰ ਰਹੀ ਹੈ। ਪਰ ਅਸਲ ਗੱਲ ਇਹ ਹੈ ਕਿ ਸਰਕਾਰ ਨੂੰ ਬਿਲਕੁਲ ਵੀ ਅੰਦਾਜ਼ਾ ਨਹੀਂ ਸੀ ਕਿ ਇਹ ਅੰਦੋਲਨ ਇੰਨਾ ਵੱਡਾ ਰੂਪ ਧਾਰਨ ਕਰ ਲਵੇਗਾ।

### ਅਦਾਲਤ 'ਤੇ ਵੀ ਦਬਾਅ ਦੀ ਸਥਿਤੀ

ਸੀਨੀਅਰ ਪੱਤਰਕਾਰ ਗੁਰਬਚਨ ਸਿੰਘ ਦੇਸ ਪੰਜਾਬ ਦਾ ਕਹਿਣਾ ਹੈ ਕਿ ਹੁਣ ਜੋ ਸਥਿਤੀ ਬਣ ਗਈ ਹੈ, ਉਸ ਵਿਚ ਕਿਸਾਨਾਂ ਨੂੰ ਪਿੱਛੇ ਕਰਨਾ ਬਹੁਤ ਮੁਸ਼ਕਲ ਹੈ। ਸੁਪਰੀਮ ਕੋਰਟ 'ਚ ਜਿੰਨੀਆਂ ਵੀ ਪਟੀਸ਼ਨਾਂ ਪਹੁੰਚੀਆਂ ਹਨ, ਭਾਵੇਂ ਹੀ ਉਹ ਨਿੱਜੀ ਪੱਧਰ 'ਤੇ ਹੋਣ, ਪਰ ਅਜਿਹੀਆਂ ਪਟੀਸ਼ਨਾਂ ਅਸਿੱਧੇ ਤੌਰ 'ਤੇ ਸਰਕਾਰ ਵੱਲੋਂ ਹੀ ਕਰਵਾਈਆਂ ਜਾਂਦੀਆਂ ਹਨ। ਸਰਕਾਰ ਬੈਕਫੁੱਟ ਤੋਂ ਖੇਡ ਰਹੀ ਹੈ। ਸ਼ੁਰੂ ਸ਼ੁਰੂ 'ਚ ਗੱਲਬਾਤ ਤਾਂ ਹੋਈ ਪਰ ਹੁਣ ਸਰਕਾਰ ਦੀਆਂ ਅੱਖਾਂ ਖੁੱਲ ਗਈਆਂ ਹਨ ਕਿ ਕਿਸਾਨ ਆਪਣੀਆਂ ਮੰਗਾਂ ਤੋਂ ਪਿੱਛੇ ਹਟਣ ਵਾਲੇ ਨਹੀਂ ਹਨ। ਇਹ 1988-89 ਦੀ ਤੁਲਨਾ 'ਚ ਵਧੇਰੇ ਅਨੁਸ਼ਾਸਿਤ ਅਤੇ ਸੰਗਠਿਤ ਅੰਦੋਲਨ ਹੈ ਅਤੇ ਲੋਕ ਅੰਦੋਲਨ ਨੂੰ ਕੁਚਲਨਾ ਸੌਖਾ ਨਹੀਂ ਹੋਵੇਗਾ। ਹਰਿਆਣਾ ਤੇ ਉੱਤਰ ਪ੍ਰਦੇਸ਼ ਦੀਆਂ ਸਰਕਾਰਾਂ ਨੇ ਕੋਸ਼ਿਸ਼ ਕੀਤੀ ਪਰ ਉਨਾਂ ਨੂੰ ਸਫਲਤਾ ਨਹੀਂ ਮਿਲੀ। ਸੁਪਰੀਮ ਕੋਰਟ ਲਈ ਸਰਕਾਰ ਦੇ ਪੱਖ ਵਿਚ ਫ਼ੈਸਲੇ ਕਰਨੇ ਔਖੇ ਹੋਣਗੇ, ਕਿਉਂਕਿ ਕਿਸਾਨੀ ਅੰਦੋਲਨ ਦੇ ਕਾਰਨ ਕੋਈ ਵੀ ਸਥਿਤੀ ਬੇਕਾਬੂ ਜਾਂ ਅਸੰਗਠਿਤ ਨਹੀਂ ਹੋਈ ਹੈ।'

ਚੰਦ ਫਤਿਹਪੁਰੀ ਪੱਤਰਕਾਰ ਨਵਾਂ ਜਮਾਨਾ ਦਾ ਕਹਿਣਾ ਹੈ ਕਿ ਪਿਛਲੇ ਦੋ ਕੁ ਸਾਲਾਂ ਦੌਰਾਨ ਉੱਚਤਮ ਅਦਾਲਤ ਨੇ ਕੋਈ ਵੀ ਅਜਿਹਾ ਫ਼ੈਸਲਾ ਨਹੀਂ ਦਿੱਤਾ, ਜਿਹੜਾ ਸੱਤਾਧਾਰੀ ਧਿਰ ਨੂੰ ਚੁੱਭਦਾ ਹੋਵੇ। ਜੰਮੂ-ਕਸ਼ਮੀਰ ਵਿੱਚ ਧਾਰਾ 370 ਨੂੰ ਖ਼ਤਮ ਕਰਨ ਤੇ ਪੂਰੇ ਰਾਜ ਦਾ ਅਧਿਕਾਰ ਖੋਹ ਕੇ ਸੂਬੇ ਨੂੰ ਤੋੜ ਦੇਣ ਵਿਰੁੱਧ ਦਾਇਰ ਪਟੀਸ਼ਨਾਂ 'ਤੇ ਕੁੰਡਲੀ ਮਾਰ ਕੇ ਬੈਠੇ ਰਹਿਣ, ਝੂਠੇ ਕੇਸਾਂ ਵਿੱਚ ਫਸਾਏ ਬੁੱਧੀਜੀਵੀਆਂ ਦੀਆਂ ਜ਼ਮਾਨਤਾਂ ਦੇ ਕੇਸਾਂ ਨੂੰ ਲਟਕਾਉਣ ਤੇ ਅਰਨਬ ਗੋਸਵਾਮੀ ਵਰਗੇ ਐਂਕਰਾਂ ਨੂੰ ਵਿਸ਼ੇਸ਼ ਸੁਣਵਾਈਆਂ ਰਾਹੀਂ ਜ਼ਮਾਨਤਾਂ ਦੇ ਦੇਣ ਦੀਆਂ ਕਾਰਵਾਈਆਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸੁਪਰੀਮ ਕੋਰਟ ਉਹੀ ਕਰ ਰਹੀ ਹੈ, ਜੋ ਸਰਕਾਰ ਦੀ ਸੋਚ ਹੈ। ਪਹਿਲੇ ਦਿਨ ਦੀ ਸੁਣਵਾਈ ਸਮੇਂ ਬੈਂਚ ਵੱਲੋਂ ਕੀਤੀ ਗਈ ਇਹ ਟਿੱਪਣੀ ਕਿ ਉਨਾਂ ਨੂੰ ਡਰ ਹੈ ਕਿ ਇਹ ਅੰਦੋਲਨ ਕੌਮੀ ਅੰਦੋਲਨ ਨਾ ਬਣ ਜਾਵੇ, ਸਰਕਾਰ ਦੇ ਖ਼ਦਸ਼ੇ ਨੂੰ ਹੀ ਜ਼ਾਹਰ ਕਰਦੀ ਹੈ। ਸਰਕਾਰ ਨੂੰ ਪਤਾ ਲੱਗ ਚੁੱਕਾ ਹੈ ਕਿ ਅੰਦੋਲਨ ਜਿੰਨਾ ਲੰਮਾ ਹੋਵੇਗਾ, ਓਨਾ ਹੀ ਇਹਦਾ ਘੇਰਾ ਵਿਸ਼ਾਲ ਹੁੰਦਾ ਜਾਵੇਗਾ। ਪੰਜਾਬ ਵਿੱਚੋਂ ਸ਼ੁਰੂ ਹੋਏ ਇਸ ਅੰਦੋਲਨ ਨੇ ਪਹਿਲਾਂ ਹਰਿਆਣੇ ਨੂੰ ਆਪਣੇ ਨਾਲ ਰਲਾਇਆ ਤੇ ਫਿਰ ਯੂ ਪੀ, ਰਾਜਸਥਾਨ ਤੇ ਉਤਰਾਖੰਡ ਤੱਕ ਸਮੁੱਚੇ ਉੱਤਰੀ ਭਾਰਤ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਆਉਣ ਵਾਲੇ ਦਿਨੀਂ ਇਸ ਦੇ ਮਹਾਰਾਸ਼ਟਰ, ਮੱਧ ਪ੍ਰਦੇਸ਼ ਤੇ ਗੁਜਰਾਤ ਤੱਕ ਫੈਲ ਜਾਣ ਦੇ ਅਸਾਰ ਬਣ ਚੁੱਕੇ ਹਨ। ਦੱਖਣ ਭਾਰਤ ਵਿੱਚ ਮਜ਼ਦੂਰਾਂ ਨੇ ਵੀ ਅੰਗੜਾਈ ਲੈਣੀ ਸ਼ੁਰੂ ਕਰ ਦਿੱਤੀ ਹੈ। ਮਜ਼ਦੂਰ ਹੜਤਾਲ ਕਾਰਨ ਬੰਗਲੌਰ ਵਿੱਚ ਐਪਲ ਤੇ ਟੋਯੋਟਾ ਵਰਗੀਆਂ ਵੱਡੀਆਂ ਕੰਪਨੀਆਂ ਵਿੱਚ ਉਤਪਾਦਨ ਪੂਰੀ ਤਰਾਂ ਠੱਪ ਹੋ ਚੁੱਕਾ ਹੈ। ਕਿਸਾਨ ਅੰਦੋਲਨ ਦੀ ਤਰਜ਼ ਉੱਤੇ ਮਜ਼ਦੂਰਾਂ ਨੇ ਵੀ ਸੜਕਾਂ 'ਤੇ ਪੰਡਾਲ ਲਾ ਕੇ ਅਣਮਿਥੇ ਸਮੇਂ ਦੇ ਧਰਨੇ ਸ਼ੁਰੂ ਕੀਤੇ ਹੋਏ ਹਨ। ਤਾਮਿਲਨਾਡੂ ਵਿੱਚ ਕੋਇੰਬਟੂਰ ਦੇ ਸਨਅਤੀ ਖੇਤਰ ਵਿਚਲੇ ਮਜ਼ਦੂਰਾਂ ਨੇ ਵੀ ਨਵੇਂ ਕਿਰਤ ਕਾਨੂੰਨਾਂ ਵਿਰੁੱਧ ਮੋਰਚਾ ਖੋਲ ਦਿੱਤਾ ਹੈ।

ਇਸ ਹਾਲਤ ਵਿੱਚ ਮੋਦੀ ਸਰਕਾਰ ਵੱਲੋਂ ਸੁਪਰੀਮ ਕੋਰਟ ਦਾ ਸਹਾਰਾ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੁਪਰੀਮ ਕੋਰਟ ਦਾ ਪ੍ਰਦਰਸ਼ਨ ਦੇ ਮੂਲ ਅਧਿਕਾਰ ਬਾਰੇ ਆਦੇਸ਼ ਵੀ ਆਪਾ ਵਿਰੋਧੀ ਹੈ। ਸੁਪਰੀਮ ਕੋਰਟ ਇਹ ਤਾਂ ਕਹਿੰਦੀ ਹੈ ਕਿ ਕਿਸਾਨ ਅੰਦੋਲਨਕਾਰੀਆਂ ਨੂੰ ਸ਼ਾਂਤੀਪੂਰਨ ਅੰਦੋਲਨ ਕਰਨ ਦਾ ਸੰਵਿਧਾਨਕ ਅਧਿਕਾਰ ਹੈ, ਪਰ ਨਾਲ ਹੀ ਇਹ ਗੱਲ ਜੋੜ ਦਿੱਤੀ ਗਈ ਹੈ ਕਿ ਜਨਤਕ ਵਿਵਸਥਾ ਵਿੱਚ ਕੋਈ ਰੁਕਾਵਟ ਨਾ ਆਵੇ। ਇਹ ਆਖ਼ਰੀ ਗੱਲ ਸਮਝੋਂ ਬਾਹਰ ਹੈ, ਕਿਉਂਕਿ ਕਿਸਾਨਾਂ ਦਾ ਅੰਦੋਲਨ ਤਾਂ ਹੈ ਹੀ ਦਿੱਲੀ ਦੇ ਰਸਤੇ ਜਾਮ ਕਰਨ ਦਾ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਸਰਕਾਰੀ ਪੱਖ ਨੂੰ ਇਹ ਕਿਹਾ ਕਿ ਕਿਸਾਨਾਂ ਨੂੰ ਗੱਲਬਾਤ ਦੀ ਮੇਜ਼ 'ਤੇ ਲਿਆਉਣ ਤੇ ਕੋਈ ਸਮਝੌਤਾ ਹੋਣ ਤੱਕ ਖੇਤੀ ਕਾਨੂੰਨ ਲਾਗੂ ਨਾ ਕੀਤੇ ਜਾਣ। ਇਸ ਦੇ ਜਵਾਬ ਵਿੱਚ ਅਟਾਰਨੀ ਜਨਰਲ ਨੇ ਕਿਹਾ ਕਿ ਉਹ ਇਸ ਸੰਬੰਧੀ ਸਰਕਾਰ ਨਾਲ ਗੱਲ ਕਰਕੇ ਦੱਸਣਗੇ, ਪਰ ਨਾਲ ਉਨਾਂ ਇਹ ਵੀ ਕਹਿ ਦਿੱਤਾ ਕਿ ਇਸ ਦੀ ਸੰਭਾਵਨਾ ਘੱਟ ਹੀ ਹੈ। ਆਖ਼ਰ ਵਿੱਚ ਅਦਾਲਤ ਨੇ ਸੁਣਵਾਈ ਨੂੰ ਛੁੱਟੀਆਂ ਤੱਕ ਟਾਲ ਦਿੱਤਾ। ਸੁਪਰੀਮ ਕੋਰਟ ਦਾ ਇਹ ਰਵੱਈਆ ਸਰਕਾਰ ਦੇ ਇਸ ਪ੍ਰਚਾਰ ਨੂੰ ਹੀ ਤਾਕਤ ਬਖ਼ਸ਼ਦਾ ਹੈ ਕਿ ਦੇਖੋ ਅਸੀਂ ਤਾਂ ਗੱਲਬਾਤ ਕਰਕੇ ਮਸਲਾ ਨਿਬੇੜਨਾ ਚਾਹੁੰਦੇ ਹਾਂ, ਪਰ ਅੰਦੋਲਨਕਾਰੀ ਹੀ ਅੜੀ ਨਹੀਂ ਛੱਡ ਰਹੇ। ਹੁਣ ਅੱਗੋਂ ਸਰਕਾਰੀ ਪੱਖ ਇਹ ਵੀ ਕਹੇਗਾ ਕਿ ਦੇਖੋ ਅਸੀਂ ਤਾਂ ਮੰਨ ਰਹੇ ਹਾਂ, ਪਰ ਕਿਸਾਨ ਤਾਂ ਸੁਪਰੀਮ ਕੋਰਟ ਦਾ ਕਿਹਾ ਵੀ ਨਹੀਂ ਮੰਨ ਰਹੇ।

ਅਸਲ ਵਿੱਚ ਸਰਕਾਰ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਅੰਦੋਲਨਕਾਰੀਆਂ ਦੀ ਮੰਗ ਨੂੰ ਮੰਨਣ ਤੋਂ ਪੂਰੀ ਤਰਾਂ ਇਨਕਾਰੀ ਹੈ। ਇਸ ਗੱਲ ਦੀ ਪੁਸ਼ਟੀ ਸੁਪਰੀਮ ਕੋਰਟ ਵਿੱਚ ਸੁਣਵਾਈ ਦੌਰਾਨ ਹੀ ਖੇਤੀ ਮੰਤਰੀ ਦੀ ਕਿਸਾਨ ਅੰਦੋਲਨਕਾਰੀਆਂ ਨੂੰ ਭੇਜੀ ਚਿੱਠੀ ਤੋਂ ਹੋ ਜਾਂਦੀ ਹੈ। ਇਸ ਚਿੱਠੀ ਵਿੱਚ ਖੇਤੀ ਮੰਤਰੀ ਨੇ ਲਿਖਿਆ ਹੈ, 'ਜਦੋਂ ਲੇਹ-ਲੱਦਾਖ ਦੀ ਸਰਹੱਦ ਉੱਤੇ ਚੁਣੌਤੀਆਂ ਵਧੀਆਂ ਹੋਣ, ਕਈ-ਕਈ ਫੁੱਟ ਬਰਫ਼ ਪੈ ਚੁੱਕੀ ਹੋਵੇ, ਤਾਂ ਸਰਹੱਦ ਉੱਤੇ ਜਵਾਨਾਂ ਲਈ ਰਸਦ ਲੈ ਕੇ ਜਾਣ ਵਾਲੀਆਂ ਰੇਲ ਗੱਡੀਆਂ ਨੂੰ ਰੋਕਣ ਵਾਲੇ ਕਿਸਾਨ ਕਿਵੇਂ ਹੋ ਸਕਦੇ ਹਨ। ਇਨਾਂ ਲੋਕਾਂ ਕਾਰਨ ਅਸੀਂ ਹਵਾਈ ਜਹਾਜ਼ਾਂ ਰਾਹੀਂ ਸੈਨਿਕਾਂ ਤੱਕ ਰਸਦ ਪਹੁੰਚਾਉਣ ਲਈ ਜਨਤਾ ਦੀ ਖ਼ੂਨ-ਪਸੀਨੇ ਦੀ ਕਮਾਈ ਖ਼ਰਚ ਰਹੇ ਹਾਂ।' ਇਸ ਤਰਾਂ ਖੇਤੀ ਮੰਤਰੀ ਸੈਨਿਕਾਂ ਤੇ ਆਮ ਲੋਕਾਂ ਦੀ ਕਮਾਈ ਦਾ ਜ਼ਿਕਰ ਕਰਕੇ ਕਿਸਾਨ ਅੰਦੋਲਨ ਵਿਰੁੱਧ ਸਰਕਾਰ ਦੇ ਹੱਕ ਵਿੱਚ ਮਾਹੌਲ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਇਸ ਚਿੱਠੀ ਵਿੱਚ ਖੇਤੀ ਮੰਤਰੀ ਇਹ ਵੀ ਜ਼ਿਕਰ ਕਰਦੇ ਹਨ ਕਿ ਪਿਛਲੇ ਦਿਨੀਂ ਉਨਾਂ ਦੀ ਵੱਖ-ਵੱਖ ਰਾਜਾਂ ਦੇ ਕਈ ਕਿਸਾਨ ਸੰਗਠਨਾਂ ਨਾਲ ਗੱਲਬਾਤ ਹੋਈ ਹੈ, ਉਹ ਸਾਰੇ ਇਨਾਂ ਕਾਨੂੰਨਾਂ ਤੋਂ ਬਹੁਤ ਖ਼ੁਸ਼ ਹਨ। ਯੂ ਪੀ ਵਿੱਚ ਯੋਗੀ ਦੀ ਸਰਕਾਰ ਨੇ ਕਿਸਾਨ ਅੰਦੋਲਨਕਾਰੀਆਂ ਵਿਰੁੱਧ ਦਮਨ ਤੇਜ਼ ਕਰ ਦਿੱਤਾ ਹੈ। ਅੰਦੋਲਨਕਾਰੀ ਆਗੂਆਂ ਨੂੰ 50-50 ਹਜ਼ਾਰ ਦੇ ਮੁਚੱਲਕੇ ਭਰਨ ਲਈ ਨੋਟਿਸ ਭੇਜੇ ਜਾ ਰਹੇ ਹਨ। ਇਸ ਸਥਿਤੀ ਵਿੱਚ ਸੁਪਰੀਮ ਕੋਰਟ ਦੀ ਸਭ ਧਿਰਾਂ ਦੀ ਕਮੇਟੀ ਬਣਾ ਕੇ ਗੱਲਬਾਤ ਨੂੰ ਅੱਗੇ ਤੋਰਨ ਵਾਲੀ ਪਹੁੰਚ ਸਰਕਾਰ ਦਾ ਪੱਖ ਮਜ਼ਬੂਤ ਕਰਨ ਤੋਂ ਵੱਧ ਕੁਝ ਵੀ ਨਹੀਂ ਹੈ।

### ਮੁਲਕ ਦੇ 10 ਉੱਭਰਵੇਂ ਅਰਥ-ਸ਼ਾਸਤਰੀਆਂ ਵੱਲੋਂ ਪੰਜ ਨੁਕਤਿਆਂ ਦੇ ਆਧਾਰ ਤੇ ਨਵੇਂ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ

1. ਇਹ ਨਵੇਂ ਕਾਨੂੰਨ ਕੇਂਦਰ ਰਾਜ ਸ਼ਕਤੀਆਂ ਦੇ ਸੰਤੁਲਨ ਅਤੇ ਭਾਰਤੀ ਸੰਘਵਾਦ ਦੇ ਅਸੂਲਾਂ ਦਾ ਉਲੰਘਣ ਕਰਦੇ ਹਨ।
2. ਨਵੇਂ ਕਾਨੂੰਨ ਸੂਬਿਆਂ ਦੀਆਂ ਅਨਾਜ ਮੰਡੀਆਂ ਤੋਂ ਬਾਹਰ 'ਅਮਲੀ ਰੂਪ 'ਚ ਗੈਰ-ਨਿਯਮਿਤ ਮੰਡੀਆਂ ਪੈਦਾ ਕਰਨਗੇ।' ਜਿਹੜਾ ਕਿ ਦੋ ਤਰਾਂ ਦੇ ਕਾਨੂੰਨਾਂ ਤੇ ਦੋ ਤਰਾਂ ਦੀਆਂ ਮੰਡੀ ਫ਼ੀਸਾਂ ਅਧੀਨ ਚੱਲਣ ਵਾਲੀਆਂ ਦੋ ਮੰਡੀਆਂ ਪੈਦਾ ਕਰ ਦੇਵੇਗਾ ਜਿਸ ਨਾਲ ਗੜਬੜੀ ਵਾਲੀ ਹਾਲਤ ਖੜੀ ਹੋਵੇਗੀ ਕਿਉਂਕਿ ਇਹਨਾਂ ਗੈਰ-ਨਿਯਮਿਤ ਮੰਡੀਆਂ ਅੰਦਰ ਕਿਸਾਨਾਂ ਦੇ ਹਿਤਾਂ ਦੀ ਰਾਖੀ ਲਈ ਕੋਈ ਸੁਰੱਖਿਆ ਦੇ ਪ੍ਰਬੰਧ ਨਾ ਹੋਣ ਕਰਕੇ ਕਿਸਾਨਾਂ ਦਾ ਸ਼ੋਸ਼ਣ ਵਧੇਗਾ।

**ਬਾਕੀ ਸਫ਼ਾ 30 'ਤੇ**

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਸਿੰਘੂ ਬਾਰਡਰ ਉਪਰ ਖਾਲਸਾ ਜੀ ਦੇ ਰੰਗ

- ਪਰਮਵੀਰ ਸਿੰਘ ਡਾਕਟਰ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਖੇਤੀ ਬਿਲਾਂ ਦੇ ਵਿਰੋਧ ਵਿਚ ਦਿੱਲੀ ਵਿਖੇ ਚੱਲ ਰਿਹਾ ਕਿਸਾਨ ਮੋਰਚਾ ਨਵੇਂ ਇਤਿਹਾਸ ਦੀ ਸਿਰਜਣਾ ਕਰ ਰਿਹਾ ਹੈ। ਭਾਵੇਂ ਕਿ ਮੋਰਚਾ ਸਿੰਘੂ ਬਾਰਡਰ, ਟਿਕਰੀ ਬਾਰਡਰ, ਗਾਜੀਪੁਰ ਬਾਰਡਰ, ਦਿੱਲੀ-ਜੈਪੁਰ ਹਾਈਵੇ ’ਤੇ ਪੂਰਨ ਜੋਸ਼, ਉਤਸ਼ਾਹ, ਭਾਈਚਾਰਕ ਸਾਂਝ ਨਾਲ ਚੱਲ ਰਿਹਾ ਹੈ ਪਰ ਇਸ ਦਾ ਮੁੱਖ ਕੇਂਦਰ ਸਿੰਘੂ ਬਾਰਡਰ ਨੂੰ ਮੰਨਿਆ ਜਾ ਰਿਹਾ ਹੈ। ਇਸ ਬਾਰਡਰ ਦੇ ਇਕ ਪਾਸੇ ਕਿਸਾਨੀ ਮੋਰਚੇ ਦੀ ਸਟੇਜ ਲੱਗੀ ਹੋਈ ਹੈ ਅਤੇ ਦੂਜੇ ਪਾਸੇ ਕੁੱਝ ਦੂਰੀ ’ਤੇ ਪੁਲਿਸ ਅਤੇ ਨੀਮ ਫ਼ੌਜੀ ਦਸਤੇ ਆਪੋ ਆਪਣੇ ਮੋਰਚਿਆਂ ’ਤੇ ਕਾਇਮ ਹਨ ਅਤੇ ਇਨਾਂ ਦੋਵਾਂ ਦੇ ਵਿਚਕਾਰ ਨਿਹੰਗ ਸਿੰਘ ਆਪਣੇ ਘੋੜਿਆਂ ਸਮੇਤ ਡਟੇ ਹੋਏ ਹਨ ਜਿਨਾਂ ਦਾ ਜਲੌਅ ਦੇਖਣ ਵਾਲਿਆਂ ਦੀ ਵੀ ਕੋਈ ਕਮੀ ਨਹੀਂ ਹੈ। ਅੰਦੋਲਨ ਵਿਚ ਹਿੱਸਾ ਲੈਣ ਵਾਲਾ ਹਰ ਆਮ-ਖਾਸ ਨਿਹੰਗ ਸਿੰਘਾਂ ਦੇ ਜੋਸ਼ ਦੀ ਪ੍ਰਸੰਸਾ ਕਰਦਾ ਨਜ਼ਰ ਆਉਂਦਾ ਹੈ। ਇਥੋਂ ਤੱਕ ਕਿ ਮੋਰਚੇ ਦੇ ਦੂਜੇ ਪਾਸੇ ਖੜੇ ਪੁਲਿਸ ਵਾਲੇ ਵੀ ਇਨਾਂ ਦੀ ਸ਼ਸਤਰ ਵਿੱਦਿਆ ਵਿਚ ਰੁਚੀ ਲੈਂਦੇ ਦਿਖਾਈ ਦਿੰਦੇ ਹਨ।

ਸਿੰਘੂ ਬਾਰਡਰ ਤੋਂ ਦਿੱਲੀ ਜਾਣ ਵਾਲਾ ਰਸਤਾ ਤਾਂ ਬਿਲਕੁਲ ਬੰਦ ਹੈ ਪਰ ਸੋਨੀਪਤ ਵਾਲੇ ਪਾਸੇ ਮੁੱਖ ਸਟੇਜ ਤੋਂ ਲਗਭਗ 11 ਕਿਲੋਮੀਟਰ ਦੀ ਦੂਰੀ ਤੱਕ ਟਰਾਲੀਆਂ, ਟਰੱਕ, ਮਿੰਨੀ ਬੱਸਾਂ, ਟੈਂਪੂ, ਕਾਰਾਂ ਆਦਿ ਹੀ ਨਜ਼ਰ ਆ ਰਹੇ ਹਨ। ਕੇਵਲ ਐਮਰਜੈਂਸੀ ਸੇਵਾਵਾਂ ਹੀ ਮੁੱਖ ਸਟੇਜ ਤੱਕ ਜਾ ਸਕਦੀਆਂ ਹਨ ਨਹੀਂ ਤਾਂ ਹਰ ਇਕ ਕਾਰ ਵਾਲੇ ਨੂੰ ਲਗਪਗ 4-5 ਕਿਲੋਮੀਟਰ ਦਾ ਪੈਂਡਾ ਤੈਅ ਕਰਨਾ ਪੈਂਦਾ ਹੈ। ਇਹ ਪੈਂਡਾ ਤੈਅ ਕਰਨ ਲਈ ਕਿਸੇ ਤਰਾਂ ਦੀ ਕੋਈ ਮੁਸ਼ਕਲ ਨਹੀਂ ਆਉਂਦੀ ਕਿਉਂਕਿ ਇਹ ਪੂਰਾ ਇਲਾਕਾ ਮਿੰਨੀ ਪੰਜਾਬ ਵਿਚ ਤਬਦੀਲ ਹੋ ਚੁਕਿਆ ਹੈ ਜਿਸ ਵਿਚ ਹਰਿਆਣਾ ਅਤੇ ਹੋਰਨਾਂ ਰਾਜਾਂ ਦੇ ਕਿਸਾਨ ਵੀ ਸ਼ਾਮਲ ਹਨ।

ਧਰਨੇ ਵਿਚ ਸ਼ਾਮਲ ਹੋਣ ਵਾਲੇ ਜਾਂ ਧਰਨਾਕਾਰੀਆਂ ਦਾ ਸਮਰਥਨ ਕਰਨ ਵਾਲਿਆਂ ਨੂੰ ਕਿਸੇ ਤਰਾਂ ਦੀ ਕੋਈ ਮੁਸ਼ਕਲ ਪੇਸ਼ ਨਹੀਂ ਆਉਂਦੀ ਬਲਕਿ ਆਮ ਲੋਕਾਂ ਦਾ ਜੋਸ਼ ਅਤੇ ਉਤਸ਼ਾਹ ਕਿਲੋਮੀਟਰਾਂ ਦੀ ਦੂਰੀ ਦਾ ਥਕੇਵਾਂ ਨਹੀਂ ਹੋਣ ਦਿੰਦਾ। ਥਾਂ-ਥਾਂ ’ਤੇ ਲੱਗੇ ਹੋਏ ਚਾਹ, ਪਾਣੀ, ਪ੍ਰਸ਼ਾਦਿਆਂ, ਦਸਤਾਰਾਂ, ਗੰਨੇ ਦੇ ਰਸ, ਫਲਾਂ ਦੇ ਰਸ, ਦਵਾਈਆਂ ਆਦਿ ਦੇ ਲੰਗਰ, ਟਰਾਲੀਆਂ ਵਿਚ ਬਣੀਆਂ ਹੋਈਆਂ ਆਰਜ਼ੀ ਰਿਹਾਇਸ਼ਗਾਹਾਂ, ਟੈਂਟ ਸਿਟੀ, ਸਟਾਲ, ਕਿਤਾਬਾਂ ਦੀਆਂ ਪ੍ਰਦਰਸ਼ਨੀਆਂ ਇਕ-ਦੂਜੇ ਪ੍ਰਤੀ ਪ੍ਰੇਮ ਅਤੇ ਭਾਈਚਾਰਕ ਸਾਂਝ ਦੀ ਭਾਵਨਾ ਖਿੱਚ ਦਾ ਕੇਂਦਰ ਹਨ। ਪਰ ਇਸ ਦੇ ਨਾਲ ਹੀ ਹਰ ਇਕ ਵਿਅਕਤੀ ਮੋਦੀ ਸਰਕਾਰ ਦੁਆਰਾ ਬਿਲ ਵਾਪਸ ਨਾ ਲੈਣ ’ਤੇ ਰੋਸ ਪ੍ਰਗਟ ਕਰਦਾ ਨਜ਼ਰ ਆਉਂਦਾ ਹੈ। ਮੌਜੂਦਾ ਕੇਂਦਰ ਸਰਕਾਰ ਅਤੇ ਉਸ ਦੇ ਮੰਤਰੀਆਂ ਅਤੇ ਰਾਜ ਸਰਕਾਰਾਂ ਵਿਚ ਬੈਠੇ ਉਹਨਾਂ ਦੇ ਨੁਮਾਇੰਦਿਆਂ ਪ੍ਰਤੀ ਆਮ ਲੋਕਾਂ ਵਿਚ ਭਾਰੀ ਰੋਸ ਦੇਖਣ ਨੂੰ ਮਿਲ ਰਿਹਾ ਹੈ। ਹਰ ਇਕ ਰਾਜ ਤੋਂ ਆਇਆ ਵਿਅਕਤੀ ਆਪਣੇ ਤਰੀਕੇ ਨਾਲ ਇਹ ਰੋਸ ਪ੍ਰਗਟ ਕਰ ਰਿਹਾ ਹੈ। ਸਰਕਾਰ ਦੇ ਵਿਰੋਧ ਵਿਚ ਥਾਂ-ਥਾਂ ਸਲੋਗਨ ਲਿਖੇ ਦਿਖਾਈ ਦਿੰਦੇ ਹਨ।

ਆਮ ਲੋਕ ਇਹ ਸਮਝਣ ਲੱਗੇ ਹਨ ਕਿ ਬਿਲਾਂ ਵਿਚ ਸੋਧ ਹੁਣ ਵੱਡਾ ਮਸਲਾ ਨਹੀਂ ਹੈ, ਬਿਲ ਵਾਪਸ ਹੋਣੇ ਚਾਹੀਦੇ ਹਨ। ਕੇਂਦਰ ਸਰਕਾਰ ਦੁਆਰਾ ਖੇਤੀ ਬਿਲ ਪਾਸ ਕਰਨੇ ਰਾਜਾਂ ਦੇ ਅਧਿਕਾਰਾਂ ਵਿਚ ਦਖ਼ਲ-ਅੰਦਾਜ਼ੀ ਹੈ ਅਤੇ ਜੇਕਰ ਕਿਸਾਨ ਸਰਕਾਰ ਦੀ ਇਹ ਗੱਲ ਮੰਨ ਲੈਂਦੇ ਹਨ ਤਾਂ ਸਰਕਾਰ ਨੂੰ ਰਾਜਾਂ ਦੇ ਅਧਿਕਾਰਾਂ ਵਿਚ ਹੋਰ ਵਧੇਰੇ ਦਖ਼ਲ ਕਰਨ ਦਾ ਮੌਕਾ ਮਿਲ ਜਾਵੇਗਾ।

ਜਿਉਂ-ਜਿਉਂ ਇਹ ਅੰਦੋਲਨ ਲੰਮਾ ਹੁੰਦਾ ਜਾ ਰਿਹਾ ਹੈ ਇਸ ਮਸਲੇ ਦੀਆਂ ਹੋਰ ਪਰਤਾਂ ਖੁੱਲਦੀਆਂ ਜਾ ਰਹੀਆਂ ਹਨ ਜਿਹੜੀਆਂ ਕਿ ਕੇਂਦਰ ਸਰਕਾਰ ਦੀ ਪਰੇਸ਼ਾਨੀ ਦਾ ਕਾਰਨ ਬਣ ਸਕਦੀਆਂ ਹਨ। ਜਿਹੜੇ ਰਾਜਾਂ ਦੇ ਨਾਗਰਿਕਾਂ ਨੂੰ ਸਰਕਾਰ ਦੀ ਨੀਤੀ ਸਮਝ ਆ ਰਹੀ ਹੈ, ਉਹ ਕਿਸਾਨ ਅੰਦੋਲਨ ਦਾ ਹਿੱਸਾ ਬਣਦੇ ਜਾ ਰਹੇ ਹਨ। ਇਸ ਦ੍ਰਿਸ਼ਟੀ ਤੋਂ ਹੁਣ ਇਹ ਅੰਦੋਲਨ ਕੇਵਲ ਕਿਸਾਨਾਂ ਤੱਕ ਹੀ ਸੀਮਿਤ ਨਾ ਰਹਿ ਕੇ ਆਮ ਲੋਕਾਂ ਦਾ ਅੰਦੋਲਨ ਬਣਦਾ ਜਾ ਰਿਹਾ ਹੈ।

ਧਰਨਿਆਂ ਵਿਚ ਆਮ ਤੌਰ ’ਤੇ ਆਮ ਲੋਕਾਂ ਨੂੰ ਸ਼ਾਮਲ ਕਰਨਾ ਬਹੁਤ ਮੁਸ਼ਕਲ ਕਾਰਜ ਹੁੰਦਾ ਹੈ। ਰਾਜਨੀਤਿਕ ਪਾਰਟੀਆਂ ਆਪਣੇ ਇਕੱਠ ਦਿਖਾਉਣ ਲਈ ਪੈਸੇ ਅਤੇ ਨਸ਼ਿਆਂ ਦੀ ਖੁਲੀ ਵਰਤੋਂ ਕਰਦੇ ਹਨ ਅਤੇ ਥੋੜੇ ਜਿਹੇ ਇਕੱਠੇ ਹੋਏ ਲੋਕਾਂ ਦੀ ਗਿਣਤੀ ਨੂੰ ਬਹੁਤ ਵਧਾ-ਚੜਾ ਕੇ ਪੇਸ਼ ਕੀਤਾ ਜਾਂਦਾ ਹੈ। ਇਸ ਦੇ ਉਲਟ ਇਸ ਅੰਦੋਲਨ ਵਿਚ ਸਮਾਜ ਦਾ ਹਰ ਇਕ ਵਰਗ ਹਿੱਸਾ ਲੈਣਾ ਚਾਹੁੰਦਾ ਹੈ ਅਤੇ ਉਸ ਦੇ ਮਨ ਵਿਚ ਇਸ ਸੰਘਰਸ਼ ਵਿਚ ਹਾਜ਼ਰੀ ਲਵਾਉਣ ਦਾ ਚਾਅ ਪੈਦਾ ਹੋਇਆ ਹੈ। ਬਹੁਤ ਸਾਰੇ ਲੋਕ ਆਪਣੇ ਸਾਧਨ ਅਤੇ ਪੈਸੇ ਖਰਚ ਕੇ ਇਸ ਅੰਦੋਲਨ ਵਿਚ ਸ਼ਾਮਲ ਹੋਣ ਨੂੰ ਵਡਭਾਗਾ ਮੰਨ ਰਹੇ ਹਨ।

ਇਸ ਅੰਦੋਲਨ ਵਿਚ ਸ਼ਾਮਲ ਲੋਕਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ ਇਸ ਲਈ ਵੱਡੇ ਪੱਧਰ ’ਤੇ ਪ੍ਰਬੰਧ ਕੀਤੇ ਜਾ ਰਹੇ ਹਨ। ਪਹਿਲਾਂ-ਪਹਿਲ ਤਾਂ ਕਿਸਾਨੀ ਸੰਘਰਸ਼ ਨਾਲ ਹਮਦਰਦੀ ਰੱਖਣ ਵਾਲੇ ਹੀ ਸਾਹਮਣੇ ਆਏ ਸਨ ਪਰ ਜਦੋਂ ਇਹ ਅੰਦੋਲਨ ਵੱਡਾ ਰੂਪ ਧਾਰਨ ਕਰ ਗਿਆ ਤਾਂ ਬਹੁਤ ਸਾਰੀਆਂ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਇਸ ਕਾਰਜ ਲਈ ਅੱਗੇ ਆਈਆਂ ਹਨ। ਬਹੁਤ ਸਾਰੇ ਦਾਨੀ ਸੱਜਣਾਂ ਨੇ ਅੰਦੋਲਨਕਾਰੀਆਂ ਦੀ ਸਹਾਇਤਾ ਲਈ ਆਪਣੇ ਖ਼ਜ਼ਾਨੇ ਖੋਲ ਦਿੱਤੇ ਹਨ। ਲੋਕਾਂ ਦੀ ਲੋੜ ਨੂੰ ਮਹਿਸੂਸ ਕਰਦੇ ਹੋਏ ਇਹਨਾਂ ਨੇ ਬਿਜਲੀ ਨਾਲ ਚੱਲਣ ਵਾਲੇ ਅਤੇ ਬਿਜਲੀ ਤੋਂ ਬਗ਼ੈਰ ਲੱਕੜੀ ਆਦਿ ਨਾਲ ਚੱਲਣ ਵਾਲੇ ਪਾਣੀ ਗਰਮ ਕਰਨ, ਕੱਪੜੇ ਧੋਣ ਆਦਿ ਦੇ ਸਾਧਨ ਮੁਹਈਆ ਕਰਵਾਏ ਜਾ ਰਹੇ ਹਨ।

ਇਸ ਕਿਸਾਨ ਅੰਦੋਲਨ ਵਿਚ ਹਰਿਆਣਾ ਵਾਸੀਆਂ ਦਾ ਵੀ ਵੱਡਾ ਯੋਗਦਾਨ ਦੇਖਣ ਨੂੰ ਮਿਲ ਰਿਹਾ ਹੈ। ਧਰਨੇ ਵਿਚ ਸ਼ਾਮਲ ਹੋਣ ਦੇ ਨਾਲ-ਨਾਲ ਇਹਨਾਂ ਵੱਲੋਂ ਦੁੱਧ, ਸਬਜ਼ੀਆਂ, ਫਲ ਆਦਿ ਦੀ ਸੇਵਾ ਕੀਤੀ ਜਾ ਰਹੀ ਹੈ। ਆਸ-ਪਾਸ ਦੇ ਵਸਨੀਕ ਅਤੇ ਵਪਾਰੀ ਜਾਂ ਦੁਕਾਨਦਾਰ ਅੰਦੋਲਨਕਾਰੀਆਂ ਨੂੰ ਬਿਜਲੀ ਦਾ ਕੁਨੈਕਸ਼ਨ, ਬਾਥਰੂਮ ਦੀ ਸਹੂਲਤ, ਅਰਾਮ ਕਰਨ ਵਾਲੀਆਂ ਸਹੂਲਤਾਂ ਆਦਿ ਪ੍ਰਦਾਨ ਕਰਕੇ ਆਪਣਾ ਯੋਗਦਾਨ ਪਾ ਰਹੇ ਹਨ। ਉਹ ਇਹ ਸਮਝਣ ਲੱਗੇ ਹਨ ਕਿ ਕਿਸਾਨਾਂ ਦੀ ਮੰਗ ਜਾਇਜ਼ ਹੈ ਅਤੇ ਜੇਕਰ ਇਹ ਪੂਰੀ ਨਾ ਹੋਈ ਤਾਂ ਇਸ ਦਾ ਅਸਰ ਉਹਨਾਂ ਦੇ ਜੀਵਨ ’ਤੇ ਪੈਣਾ ਵੀ ਲਾਜ਼ਮੀ ਹੈ।

ਪੰਜਾਬ ਤੋਂ ਦਿੱਲੀ ਨੂੰ ਰੋਜ਼ਾਨਾਂ ਹੀ ਸੈਂਕੜੇ ਕਾਰਾਂ, ਮਿੰਨੀ ਬੱਸਾਂ, ਟਰਾਲੀਆਂ ਆਦਿ ਜਾਂਦੀਆਂ ਅਤੇ ਆਉਂਦੀਆਂ ਹਨ, ਜਿਹੜੇ ਵਹੀਕਲ ’ਤੇ ਕਿਸਾਨੀ ਝੰਡਾ ਲੱਗਿਆ ਹੁੰਦਾ ਹੈ, ਉਹਨਾਂ ਤੋਂ ਕੋਈ ਵੀ ਟੋਲ ਟੈਕਸ ਨਹੀਂ ਲਿਆ ਜਾਂਦਾ।

ਇਸ ਅੰਦੋਲਨ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਧਰਮ, ਜਾਤ, ਅਮੀਰ, ਗਰੀਬ, ਪਾਣੀ, ਭੂਗੋਲਿਕ ਖਿੱਤੇ ਆਦਿ ਦੇ ਆਧਾਰ ’ਤੇ ਜਿਹੜੀਆਂ ਵੰਡਾਂ ਪੈਦਾ ਹੋ ਗਈਆਂ ਸਨ, ਉਹ ਲਕੀਰਾਂ ਬਿਲਕੁਲ ਵੀ ਦਿਖਾਈ ਨਹੀਂ ਦਿੰਦੀਆਂ ਅਤੇ ਜੇ ਕੋਈ ਅਜਿਹੀ ਗੱਲ ਕਰਨ ਦਾ ਯਤਨ ਕਰਦਾ ਹੈ ਤਾਂ ਉਸ ਦਾ ਭਾਰੀ ਵਿਰੋਧ ਹੁੰਦਾ ਹੈ। ਕਿਸਾਨ ਅੰਦੋਲਨ ਆਪਣੇ ਸਿਖ਼ਰ ’ਤੇ ਚੱਲ ਰਿਹਾ ਹੈ ਅਤੇ ਇਸ ਦੀ ਸਫ਼ਲਤਾ ਲਈ ਕਾਮਨਾ ਕਰਦਾ ਹਾਂ।

# ਕਿਸਾਨ ਅੰਦੋਲਨ ਦੇ ਵਿਰਧ ਜ਼ਹਿਰ ਉਗਲਣ ਲਗੇ ਭਾਜਪਾ ਆਗੂ

**✪ ਮੁੱਠੀ ਭਰ ਲੋਕ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ-ਖੱਟਰ ✪ ਭਾਜਪਾ ਵੱਲੋਂ ਅੰਦੋਲਨ ਫੇਲ ਕਰਨ ਲਈ ਹਰਿਆਣਾ ਵਿੱਚ ਐੱਸਵਾਈਐੱਲ ਦਾ ਮੁੱਦਾ ਵੀ ਛੇੜਿਆ ਗਿਆ ✪ ਖਾਲਿਸਤਾਨ ਦਾ ਖੌਫ ਪੈਦਾ ਕਰਕੇ ਦੇਸ਼ ਨੂੰ ਅੰਬਾਨੀਸਤਾਨ ਬਣਾਇਆ ਜਾ ਰਿਹੈ: ਬਸਪਾ ਆਗੂ ਦਾ ਕੇਂਦਰ ’ਤੇ ਦੋਸ਼**

**ਜਲੰਧਰ /ਏ.ਟੀ.ਨਿਊਜ਼:** ਇਕ ਪਾਸੇ ਕੇਂਦਰ ਸਰਕਾਰ ਅੰਦੋਲਨ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੂੰ ਇਹ ਕਹਿ ਰਹੀ ਹੈ ਕਿ ਸਰਕਾਰ ਉਨ੍ਹਾਂ ਨਾਲ 24 ਘੰਟੇ ਗੱਲਬਾਤ ਕਰਨ ਲਈ ਤਿਆਰ ਹੈ, ਦੂਸਰੇ ਪਾਸੇ ਕੇਂਦਰ ਸਰਕਾਰ ਦੇ ਕਈ ਮੰਤਰੀ ਅੰਦੋਲਨ ਨੂੰ ਗਲਤ ਰੋਸ਼ਨੀ ਵਿਚ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕੇਂਦਰੀ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਸਨਅਤਕਾਰਾਂ ਦੀ ਸੰਸਥਾ ਐਸੋਸੀਏਟਡ ਚੈਂਬਰਜ ਆਫ ਕਮਰਸ ਆਫ ਇੰਡੀਆ (ਐਸੋਚੈਮ) ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਸਾਨ ਅੰਦੋਲਨ ਸਿਰਫ ਇਕ ਸੂਬੇ ਤਕ ਸੀਮਤ ਹੈ; ਦੇਸ਼ ਵਿਚ ਖੇਤੀ ਕਾਨੂੰਨਾਂ ਪ੍ਰਤੀ ਉਤਸ਼ਾਹ ਦਾ ਮਾਹੌਲ ਹੈ ਅਤੇ ਲੱਖਾਂ ਕਿਸਾਨ ਇਨ੍ਹਾਂ ਕਾਨੂੰਨਾਂ ਦੇ ਹਮਾਇਤੀ ਹਨ। ਇਹ ਵੱਖਰੀ ਗੱਲ ਹੈ ਕਿ ਦੇਸ਼ ਨੇ ਉਨ੍ਹਾਂ ‘ਹਮਾਇਤੀ ਕਿਸਾਨਾਂ’ ਦੇ ਦਰਸ਼ਨ ਅਜੇ ਕਰਨੇ ਹਨ। ਇਥੋਂ ਤਕ ਨਕਲੀ ਕਿਸਾਨ ਸਿਰਜਕੇ ਉਹਨਾਂ ਨਾਲ ਗਲਬਾਤ ਕਰਨ ਦਾ ਵਿਖਾਵਾ ਕਰਕੇ ਇਹ ਨਰੇਟਿਵ ਸਿਰਜਿਆ ਜਾ ਰਿਹਾ ਹੈ ਕਿ ਇਹ ਕਿਸਾਨੀ ਕਨੂੰਨਾਂ ਦੇ ਹਕ ਵਿਚ ਹਨ।

ਇਹੀ ਨਹੀਂ, ਸ਼ਾਂਤਮਈ ਚੱਲ ਰਹੇ ਕਿਸਾਨ ਅੰਦੋਲਨ ਬਾਰੇ ਲੋਕਾਂ ਦੇ ਮਨਾਂ ’ਚ ਭੰਬਲਭੂਸਾ ਪੈਦਾ ਕਰਨ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਕਦੇ ਇਹ ਕਿਹਾ ਜਾਂਦਾ ਹੈ ਕਿ ‘ਸ਼ਹਿਰੀ ਨਕਸਲੀ’ ਕਿਸਾਨਾਂ ਨੂੰ ਵਰਗਲਾ ਰਹੇ ਹਨ, ਕਦੇ ਵਿਰੋਧੀ ਸਿਆਸੀ ਪਾਰਟੀਆਂ ’ਤੇ ਇਹ ਦੋਸ਼ ਲਾਇਆ ਜਾਂਦਾ ਹੈ ਕਿ ਉਹ ਕਿਸਾਨਾਂ ਨੂੰ ਗੁਮਰਾਹ ਕਰ ਰਹੀਆਂ ਹਨ ਜਦੋਂਕਿ ਕਿਸਾਨ ਜਥੇਬੰਦੀਆਂ ਨੇ ਮਹੀਨਿਆਂ ਲੰਮੀ ਜੱਦੋ-ਜਹਿਦ ਦੌਰਾਨ ਕਿਸੇ ਸਿਆਸੀ ਆਗੂ ਨੂੰ ਆਪਣੇ ਮੰਚ ਤੋਂ ਬੋਲਣ ਨਹੀਂ ਦਿੱਤਾ। ਇਸੇ ਤਰ੍ਹਾਂ ਪੰਜਾਬ ਦੇ ਆੜ੍ਹਤੀਏ, ਜਿਹੜੇ ਕਿਸਾਨ ਅੰਦੋਲਨ ਦੀ ਹਮਾਇਤ ਕਰ ਰਹੇ ਸਨ, ’ਤੇ ਪਏ ਆਮਦਨ ਕਰ ਵਿਭਾਗ ਦੇ ਛਾਪੇ ਵੀ ਸਵਾਲ ਖੜ੍ਹੇ ਕਰਦੇ ਹਨ। ਲੋਕਾਂ ’ਚ ਪ੍ਰਭਾਵ ਜਾ ਰਿਹਾ ਹੈ ਕਿ ਸਰਕਾਰ ਅੰਦੋਲਨ ਦੀ ਹਮਾਇਤ ਕਰਨ ਵਾਲਿਆਂ ਨੂੰ ਡਰਾ-ਧਮਕਾ ਕੇ ਉਨ੍ਹਾਂ ਨੂੰ ਅੰਦੋਲਨ ਤੋਂ ਪਰੇ ਰਹਿਣ ਲਈ ਦਬਾਓ ਪਾ ਰਹੀ ਹੈ।

**ਖਟੜ ਕਿਸਾਨਾਂ ਵਿਰੁਧ ਨਫਰਤ ਫੈਲਾਉਣ ਲਗੇ**

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕੇਂਦਰ ਦੇ ਨਵੇਂ ਖੇਤੀ ਕਾਨੂੰਨਾਂ ਦਾ ਸਮਰਥਨ ਕਰਦਿਆਂ



ਕਿਹਾ ਹੈ ਕਿ ਕੇਵਲ ‘ਰਾਜਨੀਤਕ ਕਾਰਨਾਂ‘ ਕਰਕੇ ਮੁੱਠੀ ਭਰ ਲੋਕਾਂ ਵਲੋਂ ਖੇਤੀ ਕਾਨੂੰਨਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ । ਉਨ੍ਹਾਂ ਕਿਹਾ ਕਿ ਲੋਕਤੰਤਰ ’ਚ ਭਾਵੇਂ ਸਭ ਨੂੰ ਆਪੋ-ਆਪਣਾ ਪੱਖ ਰੱਖਣ ਦਾ ਅਧਿਕਾਰ ਹੈ ਪਰ ਦਬਾਅ ਬਣਾਉਣ ਲਈ ਸੜਕਾਂ ਰੋਕਣ ਵਾਲਿਆਂ ਲਈ ਸਾਡੀ ਕੋਈ ਹਮਦਰਦੀ ਨਹੀਂ ਹੈ । ਉਨ੍ਹਾਂ ਕਿਹਾ ਕਿ ਮੁੱਠੀ ਭਰ ਅੰਦੋਲਨਕਾਰੀਆਂ ਨੂੰ ਉਹ ਕਿਸਾਨਾਂ ਦੇ ਪ੍ਰਤੀਨਿਧ ਨਹੀਂ ਕਹਿ ਸਕਦੇ ਕਿਉਂਕਿ ਇਹ ਲੋਕ ਕੇਵਲ ਰਾਜਨੀਤਕ ਕਾਰਨਾਂ ਕਰਕੇ ਹੀ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ ।

**ਹਰਿਆਣਾ ਵਿੱਚ ਐੱਸਵਾਈਐੱਲ ਦਾ ਮੁੱਦਾ**

ਖੇਤੀ ਕਾਨੂੰਨਾਂ ਖ਼ਿਲਾਫ਼ ਜਾਰੀ ਸੰਘਰਸ਼ ਦੌਰਾਨ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨੂੰ ਸਹਿਮਤ ਕਰਨ ਲਈ ਅਪਣਾਏ ਗਏ ਲਗਭਗ ਸਾਰੇ ਯਤਨ ਅਸਫਲ ਹੋਣ ਤੋਂ ਬਾਅਦ ਜਿੱਥੇ ਭਾਜਪਾ ਵੱਲੋਂ ਦੇਸ਼ ਭਰ ਵਿੱਚ ਕਾਨੂੰਨਾਂ ਦੇ ਲਾਹੇਵੰਦ ਹੋਣ ਬਾਰੇ ਪ੍ਰਚਾਰ ਕੀਤਾ ਜਾ ਰਿਹਾ ਹੈ ਉੱਥੇ ਹੁਣ ਹਰਿਆਣਾ ਵਿੱਚ ਐੱਸਵਾਈਐੱਲ ਦਾ ਮੁੱਦਾ ਵੀ ਛੇੜਿਆ ਜਾ ਰਿਹਾ ਹੈ ਤਾਂ ਕਿ ਸੰਘਰਸ਼ ਨੂੰ ਕਮਜ਼ੋਰ ਕੀਤਾ ਜਾ ਸਕੇ। ਇਸੇ ਦੌਰਾਨ ਹਰਿਆਣਾ ਦੇ ਕੈਥਲ ਤੋਂ ਭਾਜਪਾ ਵਿਧਾਇਕ ਲੀਲਾਰਾਮ ਨੇ ਕਿਸਾਨਾਂ ਬਾਰੇ ਟਿੱਪਣੀ ਕਰਦਿਆਂ ਕਿਹਾ ਹੈ ਕਿ ‘ਦਿੱਲੀ ਬਾਰਡਰ ’ਤੇ ਕਿਸਾਨ ਨਹੀਂ ਖਾਲਿਸਤਾਨ ਤੇ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਉਣ ਵਾਲੇ ਬੈਠੇ ਹਨ ਜੋ ਇਮਰਾਨ ਖਾਨ ਜ਼ਿੰਦਾਬਾਦ ਅਤੇ ਮੋਦੀ ਮੁਰਦਾਬਾਦ ਦੇ ਨਾਅਰੇ ਲਾਉਂਦੇ ਹਨ।’ ਭਾਜਪਾ ਵਿਧਾਇਕ ਨੇ ਇੰਦਰਾ ਗਾਂਧੀ ਦੀ ਹੱਤਿਆ ਬਾਰੇ ਵੀ ਟਿੱਪਣੀਆਂ ਕੀਤੀਆਂ ਹਨ। ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਭਾਜਪਾ ਆਗੂਆਂ ਵੱਲੋਂ ਕਿਸਾਨੀ ਸੰਘਰਸ਼ ਨੂੰ ਵੱਖ-ਵੱਖ ਤਰ੍ਹਾਂ ਦੀ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਜਾ ਚੁੱਕੀ ਹੈ।

**ਭਾਜਪਾ ਨੂੰ ਰਾਜਨੀਤਕ ਝਟਕੇ**

ਦੱਸਣਯੋਗ ਹੈ ਕਿ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਪਹਿਲਾਂ ਭਾਜਪਾ ਦੇ ਹਮਾਇਤੀ ਰਹੇ ਤੇ ਦਾਦਰੀ ਹਲਕੇ ਤੋਂ ਵਿਧਾਇਕ ਸੋਮਵੀਰ ਸਾਂਗਵਾਨ ਭਾਜਪਾ ਨੂੰ ਅਲਵਿਦਾ ਕਹਿ ਚੁੱਕੇ ਹਨ। ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਬਿਰੇਂਦਰ ਸਿੰਘ ਵੀ ਕਿਸਾਨਾਂ ਦੀ ਹਮਾਇਤ ਵਿੱਚ ਧਰਨੇ ’ਤੇ ਬੈਠ ਗਏ ਹਨ। ਇਸੇ ਤਰ੍ਹਾਂ ਪੰਜਾਬ ਦੇ ਵੀ ਕਈ ਭਾਜਪਾ ਆਗੂ ਅਸਤੀਫਾ ਦੇ ਚੁੱਕੇ ਹਨ।

**ਬਸਪਾ ਭਾਜਪਾ ਵਿਰੁੱਧ ਡਟੀ**

ਬਸਪਾ ਦੇ ਸੂਬਾਈ ਪ੍ਰਧਾਨ ਜਥੇਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਕਿਸਾਨ ਅੰਦੋਲਨ ਦਾ 25ਵੇ ਦਿਨ ਵਿਚ ਪੁੱਜਣਾ ਭਾਜਪਾ ਅਤੇ ਮੋਦੀ ਸਰਕਾਰ ਦੇ ਮੱਥੇ ’ਤੇ ਅਸਫਲਤਾ ਦਾ ਕਲੰਕ ਹੈ। ਭਾਜਪਾ ਸਰਕਾਰ ਨੇ ਦੇਸ ਦੀ ਨਿੱਜੀਕਰਨ ਰਾਹੀਂ ਦੂਰਸੰਚਾਰ ਬੀਐੱਸਐਨਐਲ, ਹਵਾਈ ਅੱਡੇ, ਪੋਰਟ, ਖਾਣਾਂ, ਬੈਂਕ- ਬੀਮਾ ਖੇਤਰ ਖੇਤਰ ਨੂੰ ਅੰਬਾਨੀ ਤੇ ਅਡਾਨੀ ਨੂੰ ਵੇਚ ਰਹੀ ਹੈ। ਭਾਜਪਾ ਸਰਕਾਰ ਨੇ ਹੁਣ ਤਾਜਾ ਖੇਤੀ ਕਾਨੂੰਨਾਂ ਨਾਲ ਕਿਸਾਨਾਂ ਨੂੰ ਤਬਾਹ ਕਰਨ ਤੇ ਦੇਸ ਦੇ ਖੇਤਾਂ ਨੂੰ ਸਰਮਾਏਦਾਰਾਂ ਕੋਲ ਵੇਚਣ ਲਈ ਕਾਲੇ ਕਾਨੂੰਨਾਂ ਦਾ ਨਿਰਮਾਣ ਕੀਤਾ ਹੈ। ਕਿਸਾਨ ਜਥੇਬੰਦੀਆਂ ਦੇ ਸੰਘਰਸ ਨੂੰ ਭਾਜਪਾ ਸਰਕਾਰ ਫਾਸੀਵਾਦੀ ਸੋਚ ਤਹਿਤ ਖਾਲਿਸਤਾਨ ਨਾਮ ਦੇ ਰਹੀ ਹੈ ਤਾਂ ਜੋ ਖਾਲਿਸਤਾਨ ਦਾ ਡਰ ਦਿਖਾਕੇ ਭਾਰਤ ਨੂੰ ਅੰਬਾਨੀਸਤਾਨ ਬਣਾ ਸਕੇ। ਬਸਪਾ ਤਿੰਨੋ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਹੈ ਅਤੇ ਕਿਸਾਨ ਸੰਘਰਸ ਦਾ ਸਮਰਥਨ ਕਰਦੀ ਹੈ। ਇਸ ਮੌਕੇ ਸੂਬਾ ਜਨਰਲ ਸਕੱਤਰ ਭਗਵਾਨ ਸਿੰਘ ਚੌਹਾਨ, ਸਾਬਕਾ ਸੂਬਾ ਪ੍ਰਧਾਨ ਗੁਰਲਾਲ ਸੈਲਾ ਆਗੂ ਹਾਜਰ ਸਨ।

## ਚਮਕੌਰ ਦੀ ਜੰਗ

ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਇਹ ਸ਼ਹੀਦੀ ਵੇਖ ਕੇ ਆਪਣਾ ਫਰਜ਼ ਯਾਦ ਆਇਆ। ਉਨਾਂ ਨੇ ਗੁਰਪਿਤਾ ਤੋਂ ਆਪਣਾ ਫਰਜ਼ ਨਿਭਾਉਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪੰਜ ਸਿੰਘਾਂ ਦੇ ਜਥੇ ਨਾਲ ਯੁੱਧ ਵਿਚ ਭੇਜਿਆ। ਜੈਕਾਰਿਆਂ ਦੀ ਗੂੰਜ ਵਿਚ ਯੁੱਧ ਵਿਚ ਜਾ ਪਹੁੰਚੇ। ਯੁੱਧ ਦਾ ਮੈਦਾਨ ਫਿਰ ਤੋਂ ਭਖ ਗਿਆ। ਲਾਸ਼ਾਂ ਦੇ ਢੇਰ ਵਿਚ ਯੁੱਧ ਹੋਇਆ। ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਵੈਰੀ ਹੋਰ ਸਰਗਰਮ ਹੋ ਉਠਿਆ। ਵੈਰੀ ਦੀ ਗਿਣਤੀ ਬਹੁਤ ਜ਼ਿਆਦਾ ਸੀ, ਵੈਰੀ ਨੇ ਸਾਹਿਬਜ਼ਾਦੇ ਦੇ ਜਥੇ ਨੂੰ ਆਣ ਘੇਰਿਆ। ਸਾਹਿਬਜ਼ਾਦੇ ਨੇ ਨੇਜਾ ਸੂਤ ਲਿਆ। ਉਹ ਜਿੱਧਰ ਵੀ ਨੇਜਾ ਘੁਮਾਉਂਦੇ ਵੈਰੀ ਨੂੰ ਮਾਰ ਮਕਾਉਂਦੇ। 'ਸਵਾ ਲਾਖ ਸੇ ਏਕ ਲੜਾਊਂ' ਦਾ ਪ੍ਰਮਾਣ ਪ੍ਰਤੱਖ ਕਰ ਦਿਖਾਇਆ। ਵੈਰੀ ਨੇ ਸਾਹਿਬਜ਼ਾਦੇ ਨੂੰ ਪੂਰੀ ਤਰਾਂ ਘੇਰ ਲਿਆ। ਉਹ ਫਿਰ ਵੀ ਤੇਗ ਵਹਾਉਂਦੇ ਗਏ। ਸਾਹਿਬਜ਼ਾਦੇ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਸੂਰਜ ਦੇ ਛਪਣ ਤੱਕ ਜੰਗ ਜਾਰੀ ਰਹੀ। ਇਸ ਅਸਾਵੀਂ ਜੰਗ ਵਿਚ ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜੱਥਾ ਸ਼ਹੀਦੀ ਪਾ ਗਿਆ। ਗੁਰੂ ਜੀ ਨੇ ਕਿਹਾ ਕਿ ਮੈਂ ਅਕਾਲ ਪੁਰਖ ਦੀ ਅਮਾਨਤ ਅਦਾ ਕੀਤੀ।

ਸੂਰਜ ਛਿਪਣ ਤੇ ਜੰਗ ਖਤਮ ਹੋਈ। ਸਿੰਘ ਗੁਰੂ ਜੀ ਨਾਲ ਕੱਚੀ ਗੜੀ ਵਿਚ ਜਾ ਬੈਠੇ। ਗੁਰੂ ਜੀ ਨੇ ਕਿਹਾ ਵੈਰੀ ਨਾਲ ਮਰਦੇ ਦਮ ਤੱਕ ਜੰਗ ਜਾਰੀ ਰਹੇਗੀ। ਸਾਡਾ ਹੁਣ ਸੂਰਮਿਆਂ ਵਾਂਗ ਸ਼ਹੀਦੀ ਪਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਹੁਣ ਖ਼ਾਲਸੇ ਨੂੰ ਅਕਾਲ ਪੁਰਖ ਦੀ ਓਟ ਹੈ। ਰਣਭੂਮੀ ਵਿਚ ਪਿੱਠ ਨਹੀਂ ਦਿਖਾਉਣੀ। ਧਰਮ ਹੇਤ ਕੁਰਬਾਨ ਹੋਣਾ ਹੈ। ਕੱਚੀ ਗੜੀ ਵਿਚ ਬਚੇ 11 ਸਿੰਘਾਂ ਨੇ ਗੁਰੂ ਜੀ ਨੂੰ ਕਿਹਾ ਕਿ ਗੜੀ ਛੱਡ ਜਾਓ। ਪੰਜ ਪਿਆਰਿਆਂ ਦੀ ਗੁਰੂ ਜੀ ਨਾਲ ਗੱਲ ਕਰਨ ਦੀ ਚੋਣ ਨਾਲ ਭਾਈ ਦਯਾ ਸਿੰਘ ਜੀ ਦੀ ਅਗਵਾਈ ਹੇਠ ਗੁਰੂ ਜੀ ਨੂੰ ਕਿਹਾ ਕਿ ਆਪ ਜੀ ਦੀ ਸ਼ਹੀਦੀ ਨਾਲ ਪੰਥ ਦਾ ਭਵਿੱਖ ਖਤਰੇ ਵਿਚ ਪੈ ਜਾਵੇਗਾ। ਪੰਥ ਨੂੰ ਆਪ ਜੀ ਦੀ ਅਗਵਾਈ ਦੀ ਹਮੇਸ਼ਾ ਜ਼ਰੂਰਤ ਹੈ। ਇਸ ਲਈ ਆਪ ਸੁਰੱਖਿਅਤ ਚਲੇ ਜਾਓ। ਪੰਜ ਪਿਆਰਿਆਂ ਦਾ ਪੰਥਕ ਹੁਕਮ ਮੰਨਣਾ ਪਿਆ। ਗੁਰੂ ਜੀ ਨੇ ਦ੍ਰਿੜ ਹੋ ਕੇ ਕਿਹਾ ਕਿ ਉਹ ਪਿੱਠ ਵਿਖਾ ਕੇ ਨਹੀਂ ਜਾਣਗੇ, ਸਗੋਂ ਦੁਸ਼ਮਣ ਨੂੰ ਵੰਗਾਰ ਕੇ ਜਾਣਗੇ।

ਕਲਗੀਆਂ ਵਾਲੇ ਪਾਤਿਸ਼ਾਹ ਨੇ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਤਿੰਨ ਸਿੰਘਾਂ ਨੂੰ ਨਾਲ ਲੈ ਕੇ ਜਾਣ ਦਾ ਫੈਸਲਾ ਸੁਣਾਇਆ। ਆਪਣੇ ਹਮਸ਼ਕਲ ਭਾਈ ਸੰਗਤ ਸਿੰਘ ਜੀ ਨੂੰ ਕਲਗੀ ਸਜਾ ਕੇ ਆਪਣੀ ਪੁਸ਼ਾਕ ਸਜਾ ਕੇ ਉੱਚੀ ਮਮਟੀ ਵਿਚ ਬਿਠਾ ਦਿੱਤਾ। ਅੱਧੀ ਰਾਤ ਨੂੰ ਗੁਰੂ ਜੀ ਨੇ ਬੁਰਜ 'ਤੇ ਖੜੇ ਹੋ ਕੇ ਵੰਗਾਰਿਆ ਕਿ 'ਪੀਰੇ ਹਿੰਦ ਮੇ ਰਵੱਦ'-ਹਿੰਦ ਦਾ ਪੀਰ ਚਲਾ ਗਿਆ।

ਵੈਰੀ ਦੀਆਂ ਫੌਜਾਂ ਵਿਚ ਇਕਦਮ ਹੜਬੜੀ ਮਚ ਗਈ। ਰਾਹ ਵਿਚ ਮਿਸ਼ਾਲਚੀ ਪਹਿਰੇ 'ਤੇ ਸੀ। ਗੁਰੂ ਜੀ ਨੇ ਮਿਸ਼ਾਲ ਤੇ ਨਿਸ਼ਾਨਾ ਲਗਾ ਕੇ ਮਿਸ਼ਾਲ ਬੁਝਾ ਦਿੱਤੀ। ਫਿਰ ਤੋਂ ਜਮ ਕੇ ਟਾਕਰਾ ਹੋਇਆ। ਸਿੰਘਾਂ ਨੇ ਕਈ ਦੁਸ਼ਮਣਾਂ ਨੂੰ ਮਾਰ ਮੁਕਾਇਆ। ਗੁਰੂ ਦੇ ਰਾਹ ਤੇ ਗੁਰੂ ਦੇ ਵਾਅਦੇ ਤੇ ਵਾਰੋ ਵਾਰੀ ਸ਼ਹੀਦੀਆਂ ਪਾ ਗਏ। ਉਨਾਂ ਨਿਡਰ ਯੋਧਿਆਂ ਦੀ ਲਸਾਨੀ ਕੁਰਬਾਨੀ ਕੌਮ ਵਿਚ ਵੱਡੀ ਮਿਸਾਲ ਹੈ। ਜਰਨੈਲਾਂ ਨੂੰ ਖ਼ਬਰ ਹੋਈ ਕਿ ਗੁਰੂ ਜੀ ਵੀ ਸ਼ਹੀਦ ਹੋ ਗਏ ਹਨ। ਪਰ ਇਹ ਤਾਂ ਇਕ ਭੁਲੇਖਾ ਸੀ। ਗੁਰੂ ਜੀ ਤਾਂ ਮਾਛੀਵਾੜੇ ਦੇ ਜੰਗਲਾਂ ਵਿਚ ਜਾ ਪਹੁੰਚੇ ਸਨ। ਕੁਝ ਦਿਨਾਂ ਬਾਅਦ, ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਜੀ ਵੀ ਗੁਰੂ ਜੀ ਕੋਲ ਜਾ ਪਹੁੰਚੇ। ਦੋਵੇਂ ਛੋਟੇ ਸਾਹਿਬਜ਼ਾਦਿਆਂ ਦੀ ਸ਼ੀਦੀ ਦੀ ਖ਼ਬਰਾ, ਗੁਰੂ ਜੀ ਨੂੰ ਇੱਥੇ ਹੀ ਮਿਲੀ। ਗੁਰੂ ਜੀ ਨੇ ਕਾਈ ਦੇ ਬੂਟੇ ਨੂੰ ਉਖੇੜ ਕੇ ਫਰਮਾਇਆ ਕਿ 'ਇਹ ਮੁਗਲ ਰਾਜ ਹੁਣ ਜੜੋਂ ਪੁੱਟਿਆ ਗਿਆ।

ਗੁਰੂ ਜੀ ਨੇ ਬਾਦਸ਼ਾਹ ਔਰੰਗਜੇਬ ਨੂੰ ਫਾਰਸੀ ਕਵਿਤਾ ਵਿਚ ਚਿੱਠੀ ਲਿਖੀ, ਜਿਸ ਨੂੰ 'ਜ਼ਫ਼ਰਨਾਮਾ' ਕਿਹਾ ਜਾਂਦਾ ਹੈ।

## ਕੀ ਸੁਪਰੀਮ ਕੋਰਟ ਕਿਸਾਨ...

3. ਕੰਟ੍ਰੈਕਟ ਫਾਰਮਿੰਗ ਨੂੰ ਉਤਸ਼ਾਹਿਤ ਕਰਨ ਵਾਲਾ ਇਹ ਨਵਾਂ ਕਾਨੂੰਨ ਛੋਟੇ ਕਿਸਾਨਾਂ ਦੀ ਸਥਿਤੀ ਨੂੰ ਅਣਗੌਲਿਆ ਕਰ ਸਿਰਫ਼ ਕੰਪਨੀਆਂ ਦੇ ਹੱਕ ਵਿੱਚ ਭੁਗਤਦਾ ਹੈ ਕਿਉਂਕਿ ਅੱਜ ਦੀਆਂ ਹਾਲਤਾਂ 'ਚ ਠੇਕਾ ਖੇਤੀ ਅਣਲਿਖਤ ਸਮਝੌਤਿਆਂ ਦੇ ਰੂਪ ਵਿਚ ਹੁੰਦੀ ਹੈ ਜਿਸ ਅੰਦਰ ਕਿਸਾਨਾਂ ਦੇ ਹਿਤਾਂ ਦੀ ਰਾਖੀ ਦਾ ਕੋਈ ਪ੍ਰਬੰਧ ਨਹੀਂ ਹੁੰਦਾ। ਇਸ ਤੋਂ ਵੀ ਵੱਧ ਅਜਿਹੇ ਸਾਰੇ ਸਮਝੌਤੇ ਵਿਚੋਲਿਆਂ ਰਾਹੀਂ ਸਿਰੇ ਚੜਦੇ ਹਨ ਅਤੇ ਇਹ ਵਿਚੋਲੇ ਵੱਡੀਆਂ ਕੰਪਨੀਆਂ ਦੇ ਪੱਖ 'ਚ ਭੁਗਤਦੇ ਹਨ। ਅਰਥ-ਸ਼ਾਸਤਰੀਆਂ ਨੇ ਕਿਹਾ ਕਿ ਨਵੇਂ ਬਣੇ ਕਾਨੂੰਨ ਅੰਦਰ ਇਸ ਨਾ-ਬਰਾਬਰੀ ਵਾਲੀ ਹਾਲਤ ਨੂੰ ਬਦਲਣ ਦੀ ਸੰਭਾਵਨਾ ਨਹੀਂ ਹੈ।

4. ਇਹ ਨਵਾਂ ਕਾਨੂੰਨ ਖੇਤੀ ਜਿਨਸਾਂ ਦੇ ਮਾਮਲੇ ਵਿਚ 'ਖ਼ਰੀਦ ਤੋਂ ਬਾਅਦ ਜਿਨਸ ਦੇ ਭੰਡਾਰਨ, ਸਾਫ਼-ਸਫਾਈ, ਵੰਨ ਸੁਵੰਨੇ ਖਾਧ-ਪਦਾਰਥਾਂ 'ਚ ਇਸਦੀ ਤਬਦੀਲੀ, ਪੈਕਿੰਗ, ਢੋਆ-ਢੁਆਈ ਤੇ ਵੇਚਣ ਆਦਿ ਤੱਕ ਦੀ ਸਮੁੱਚੀ ਲੜੀ) ਉੱਪਰ ਕੁਝ ਕੁ ਵੱਡੇ ਵਪਾਰੀਆਂ ਦੀ ਸਰਦਾਰੀ ਕਾਇਮ ਕਰੇਗਾ ਜਿਵੇਂ ਕਿ ਅਮਰੀਕਾ ਅਤੇ ਯੂਰਪ ਦੇ ਹੋਰਾਂ ਮੁਲਕਾਂ ਵਿੱਚ ਵਾਪਰਿਆ ਹੈ।' ਇਸ ਦੇ ਸਿੱਟੇ ਵਜੋਂ ਪੈਦਾ ਹੋਣ ਵਾਲੇ 'ਜਾਂ ਵੱਡੇ ਬਣੋ ਜਾਂ ਬਾਹਰ ਹੋਵੋ' ਦੇ ਵਰਤਾਰੇ ਨੇ 'ਛੋਟੇ ਕਿਸਾਨਾਂ, ਛੋਟੇ ਵਪਾਰੀਆਂ ਅਤੇ ਸਥਾਨਕ 'ਖੇਤੀ ਕਾਰੋਬਾਰਾਂ' ਨੂੰ ਬਾਹਰ ਵਗਾਹ ਮਾਰਨਾ ਹੈ।'

5. ਬਿਨਾ ਅਧਿਕਾਰਾਂ ਅਤੇ ਸੁਰੱਖਿਆ ਅਤੇ ਗਾਰੰਟੀ ਦੇ ਕਿਸਾਨਾਂ ਦੀ ਆਮਦਨ ਨਹੀਂ ਵਧੇਗੀ ਬਲਕਿ ਇਹ ਕਾਨੂੰਨ ਕਿਸਾਨਾਂ ਨੂੰ ਸ਼ੋਸ਼ਣ ਅਤੇ ਮਜ਼ਦੂਰੀ ਵੱਲ ਧੱਕੇਗਾ।

ਇਸ ਅਪੀਲ 'ਤੇ ਦਸਤਖ਼ਤ ਕਰਨ ਵਾਲਿਆਂ ਵਿੱਚ ਇਹ ਸ਼ਾਮਲ ਹਨ:

ਹੈਦਰਾਬਾਦ ਯੂਨੀਵਰਸਿਟੀ ਦੇ ਅਰਥ-ਸ਼ਾਸਤਰ ਦੇ ਰਿਟਾਇਰਡ ਪ੍ਰੋ. ਡੀ. ਨਰਸਿਮਹਾ ਰੈੱਡੀ, ਇੰਡੀਅਨ ਇੰਸਟੀਚਿਊਸ਼ਨ ਆਫ਼ ਪਬਲਿਕ ਐਡਮਿਨਸਟ੍ਰੇਸ਼ਨ ਦੇ ਅਰਥ-ਸ਼ਾਸਤਰ ਦੇ ਰਿਟਾਇਰਡ ਪ੍ਰੋ. ਕਮਲ ਨਾਇਣ ਕਾਬਰਾ, ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਿਜ਼ ਨਵੀਂ ਦਿੱਲੀ ਦੇ ਚੇਅਰ ਪ੍ਰੋ. ਅਰੁਣ ਕੁਮਾਰ, ਕੇਰਲਾ ਰਾਜ ਯੋਜਨਾ ਬੋਰਡ ਦੇ ਮੈਂਬਰ ਪ੍ਰੋ. ਕੇ. ਐਲ. ਹਰੀ ਲਾਲ, ਟਾਟਾ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਜ਼ ਮੁੰਬਈ ਦੇ ਨਾਬਾਰਡ ਚੇਅਰ ਪ੍ਰੋ. ਆਰ. ਰਾਮਾਕੁਮਾਰ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨਵੀਂ ਦਿੱਲੀ ਦੇ ਅਰਥ-ਸ਼ਾਸਤਰ ਦੇ ਸਹਾਇਕ ਪ੍ਰੋ. ਵਿਕਾਸ ਰਾਵਲ ਤੇ ਪ੍ਰੋ. ਹਿੰਮਾਸ਼ੂ।

(ਫਰੰਟਲਾਈਨ ਦੇ 17 ਦਸੰਬਰ, 2020 ਦੇ ਲੇਖ ਤੋਂ ਪੰਜਾਬੀ ਅਨੁਵਾਦ)

## ਸਰਕਾਰ ਨਾਲ ਕਿਸੇ ਨਿੱਗਰ..

ਪ੍ਰਦਰਸ਼ਨ ਕਰਨ ਵਾਲਿਆਂ ਵਿਚ ਲੋਕ ਭਲਾਈ ਇਨਸਾਫ ਵੈਲਫੇਅਰ ਸੁਸਾਇਟੀ, ਅਕਾਲ ਯੂਥ, ਆਵਾਜ਼-ਏ-ਕੌਮ ਤੇ ਹੋਰ ਸ਼ਾਮਲ ਸਨ। ਮਹਿਤਾਬ ਸਿੰਘ ਤੇ ਜਸਵਿੰਦਰ ਸਿੰਘ ਨੇ ਦੱਸਿਆ ਕਿ ਸਿੱਖ ਸੰਸਥਾਵਾਂ ਦੇ ਮੁਖੀਆਂ ਨੂੰ ਅਪੀਲ ਕੀਤੀ ਹੈ ਅਤੇ ਜੇ ਉਨ੍ਹਾਂ ਨੇ ਇਸ ਸਬੰਧੀ ਮੰਗ ਨੂੰ ਸਵੀਕਾਰ ਨਾ ਕੀਤਾ ਤਾਂ ਉਨ੍ਹਾਂ ਖਿਲਾਫ ਵੀ ਰੋਸ ਵਿਖਾਵੇ ਕੀਤੇ ਜਾਣਗੇ। ਇਸ ਸਬੰਧੀ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਪ੍ਰਧਾਨ ਸਤਿਆਜੀਤ ਸਿੰਘ ਮਜੀਠੀਆ ਨੂੰ ਪੱਤਰ ਵੀ ਭੇਜਿਆ ਗਿਆ ਹੈ।

ਖੱਟਰ ਦਾ ਵਿਰੋਧ ਕਰਨ ਵਾਲੇ ਕਿਸਾਨਾਂ 'ਤੇ ਇਰਾਦਾ ਕਤਲ ਦੇ ਕੇਸ ਦਰਜ

ਅੰਬਾਲਾ ਵਿਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਵਿਰੋਧ ਕਰਨ ਵਾਲੇ ਕਿਸਾਨਾਂ ਉੱਤੇ ਇਰਾਦਾ ਕਤਲ ਜਿਹੀਆਂ ਸੰਗੀਨ ਧਾਰਾਵਾਂ ਅਧੀਨ ਮਾਮਲਾ ਦਰਜ ਕਰ ਲਿਆ ਗਿਆ ਹੈ।

13 ਕਿਸਾਨਾਂ ਖਿਲਾਫ ਹਰਿਆਣਾ ਪੁਲਸ ਨੇ ਕਤਲ ਦੀ ਕੋਸਿਸ ਅਤੇ ਦੰਗਾ ਕਰਨ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਹੈ।

ਜ਼ਿਕਰਯੋਗ ਹੈ ਕਿ ਖੱਟਰ ਅੰਬਾਲਾ ਵਿਚ ਭਾਜਪਾ ਦੇ ਮੇਅਰ ਉਮੀਦਵਾਰਾਂ ਲਈ ਚੋਣ ਪ੍ਰਚਾਰ ਕਰਨ ਆਏ ਸਨ ਅਤੇ ਕਿਸਾਨਾਂ ਵੱਲੋਂ ਇਸ ਮੌਕੇ ਖੱਟਰ ਦੀਆਂ ਗੱਡੀਆਂ ਦੇ ਕਾਫਲੇ ਨੂੰ ਕਾਲੀਆਂ ਝੰਡੀਆਂ ਵਖਾਈਆਂ ਗਈਆਂ ਸੀ।

ਮਮਤਾ ਬੈਨਰਜੀ ਵੱਲੋਂ ਵਫਦ ਭੇਜ ਕੇ ਸੰਘਰਸ਼ ਦਾ ਸਮਰਥਨ ਕੀਤਾ ਗਿਆ

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਬੁੱਧਵਾਰ ਨੂੰ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਤਿੰਨ ਨਵੇਂ ਖੇਤੀਬਾੜੀ ਕਾਨੂੰਨਾਂ ਵਿਰੁੱਧ ਦਿੱਲੀ ਵਿੱਚ ਪ੍ਰਦਰਸਨ ਕਰ ਰਹੇ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਆਪਣੀ ਪਾਰਟੀ ਟੀਐੱਮਸੀ ਦੇ ਸਮਰਥਨ ਦਾ ਭਰੋਸਾ ਦਿੱਤਾ।

ਉਨ੍ਹਾਂ ਨੇ ਪਾਰਟੀ ਦੇ ਪੰਜ ਮੈਂਬਰੀ ਸੰਸਦ ਮੈਂਬਰਾਂ ਦਾ ਵਫਦ ਦਿੱਲੀ ਦੀਆਂ ਸਰਹੱਦਾਂ 'ਤੇ ਡਟੇ ਕਿਸਾਨਾਂ ਨਾਲ ਮੁਲਾਕਾਤ ਕਰਨ ਲਈ ਭੇਜਿਆ। ਵਫਦ ਨੇ ਮੌਕੇ 'ਤੇ ਪੁੱਜ ਕੇ ਫੋਨ ਰਾਹੀਂ ਮਮਤਾ ਬੈਨਰਜੀ ਦੀ ਗੱਲਬਾਤ ਕਿਸਾਨਾਂ ਨਾਲ ਕਰਵਾਈ। ਪ੍ਰਦਰਸ਼ਨਕਾਰੀਆਂ ਨੇ ਮਮਤਾ ਨੂੰ ਦਿੱਲੀ ਧਰਨੇ ਵਾਲੀਆਂ ਥਾਵਾਂ 'ਤੇ ਆਉਣ ਲਈ ਕਿਹਾ। ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਪਾਰਟੀ ਕਿਸਾਨਾਂ ਦੀਆਂ ਮੰਗਾਂ ਦਾ ਸਮਰਥਨ ਕਰਦੀ ਰਹੇਗੀ।



# Sir Speedy Tustin

Printers to the Community

## Outdoor 3'x11' Promo Flag

**Only $29/-**

Pole & Spike $55/-

## Outdoor 3'x6' Durable Banner

All weather, durable to sunlight, rain and wear & tear. Text only.

**Only $69/-**

## Receipt Books

Customized with your information and design. 2 part carbonless with numbering and perforation.

**Call for Price**

## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**

## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**

## 11" Printed Balloons

Printed with your logo and info. One color, one location. Min. qty 1000

**19¢ each**

## Your Printed T-Shirts

White T-Shirts, 1 color screen printing in 1 position. Min Qty. 100

**Only $4.99**

## Your Printed Caps

1 color in 1 position. Min Qty. 100

**Only $4.99**

## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES

South Asian Wedding Cards

CALL NOW


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com